# ਮਾਡਰਨ ਕਮਿਊਨਿਜ਼ਮ

## ਹਰਦਿਆਲ ਬੈਂਸ

ਅਸੀਂ ਆਪਣੇ ਪਾਠਕਾਂ ਦੀ ਕਮਿਊਨਿਜ਼ਮ ਵਾਰੇ ਜਾਣਕਾਰੀ ਵਿਚ ਵਾਧਾ ਕਰਨ ਲਈ ਸਾਥੀ ਹਰਦਿਆਲ ਬੈਂਸ ਦੀ ਲਿਖੀ ਹੋਈ ਕਿਤਾਬ ***ਆਧੁਨਿਕ ਕਮਿਊਨਿਜ਼ਮ*** ਛਾਪ ਰਹੇ ਹਾਂ। ਇਸ ਕਿਤਾਬ ਰਾਹੀਂ ਸੀ.ਪੀ.ਸੀ.(ਮ-ਲ) ਆਪਣੇ ਆਪ ਨੂੰ ਮਜ਼ਦੂਰਾਂ, ਔਰਤਾਂ, ਜੁਆਨਾਂ ਅਤੇ ਵਿਦਿਆਰਥੀਆਂ, ਆਬਰੀਜਨਲ ਲੋਕਾਂ ਅਤੇ ਕੌਮੀ-ਘੱਟ ਗਿਣਤੀਆਂ ਸਾਹਮਣੇ ਪੇਸ਼ ਕਰਦੀ ਹੈ ਅਤੇ ਉਨ੍ਹਾਂ ਨੂੰ ਕਹਿ ਰਹੀ ਹੈ ਕਿ ਪੂਰਬ-ਧਾਰਨਾਵਾਂ ਨੂੰ ਛੱਡਣ ਤੇ ਖੁਦ ਪਤਾ ਕਰਨ ਕਿ ਸੀ.ਪੀ.ਸੀ.(ਮ-ਲ) ਕੀ ਹੈ ਅਤੇ ਇਸਦੇ ਨਿਸ਼ਾਨੇ ਕੀ ਹਨ। ਜ਼ਿੰਦਗੀ ਦੀਆਂ ਹਕੀਕਤਾਂ ਵੱਲ ਵੇਖਿਆਂ ਹੀ ਪਤਾ ਲੱਗੇਗਾ ਕਿ ਸੀ.ਪੀ.ਸੀ.(ਮ-ਲ) ਕਿਸ ਚੀਜ਼ ਲਈ ਖਲੋਂਦੀ ਹੈ। ਇਸ ਅਧਾਰ ਤੇ ਹੀ ਸਹੀ ਸਿਟੇ ਕੱਢੇ ਜਾ ਸਕਣਗੇ। ਬੁਨਿਆਦੀ ਤੌਰ ਇਹ ਨਿਰਣਾਂ ਜਮਾਤੀ ਜਦੋਜਹਿਦ ਰਾਹੀਂ ਹੀ ਹੋ ਸਕਦਾ ਹੈ, ਕਿਤਾਬੀ ਗਿਆਨ ਰਾਹੀਂ ਨਹੀਂ। ਇਕ ਹੱਠ-ਧਰਮੀ ਵਾਲੇ ਢੰਗ ਨਾਲ ਪੇਸ਼ ਕੀਤੀ ਹੋਈ ਕਮਿਊਨਿਜ਼ਮ ਦੀ ਤਸਵੀਰ, ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦੇ ਦਿਮਾਗਾਂ ਦੀ ਕਾਢ "ਕਮਿਊਨਿਸਟ ਹਊਏ" ਦਾ ਖਹਿੜਾ ਛੱਡ ਕੇ ਆਧੁਨਿਕ ਕਮਿਊਨਿਜ਼ਮ ਅਤੇ ਸੀ.ਪੀ.ਸੀ.(ਮ-ਲ) ਬਾਰੇ ਉਹ ਖੁਦ ਨਿਰਣਾ ਕਰਨ ਅਤੇ ਪੁਰਾਣੇ ਯੋਰਪ ਅਤੇ ਉਤਰੀ ਅਮਰੀਕਾ ਦੀਆਂ ਸ਼ਕਤੀਆਂ ਦੇ ਉਸ ਜ਼ਿਹਨੀ ਫਤੂਰ ਨੂੰ ਰੱਦ ਕਰਨ ਜੋ ਲੋਕਾਂ ਨੂੰ ਬੁਧੂ ਬਣਾਉਣ ਅਤੇ ਆਪਣੇ ਖਖੜੀਆਂ ਹੋ ਰਹੇ ਸਾਮਰਾਜ ਨੂੰ ਬਚਾਉਣ ਲਈ ਘੜਿਆ ਗਿਆ ਹੈ। ਜੇ ਜਿਤ ਪ੍ਰਾਪਤ ਕਰਨੀ ਹੈ ਤਾਂ ਉਨ੍ਹਾਂ ਨੂੰ ਜ਼ਰੂਰੀ ਤੌਰ ਤੇ ਸੀ.ਪੀ.ਸੀ.(ਮ-ਲ) ਦੇ ਕੰਮ ਵਿਚ ਹਿਸਾ ਲੈਣਾਂ ਹੋਵੇਗਾ। ਅੱਜ ਅਤਿਅੰਤ ਲੋੜੀਂਦੀਆਂ ਤਬਦੀਲੀਆਂ ਲਿਆਉਣ ਲਈ ਇਹ ਇਕ ਬਹੁਤ ਜ਼ਰੂਰੀ ਤੱਤ ਹੈ। ਐਹੋ ਜਿਹੀਆਂ ਮਹਾਨ ਇਨਕਲਾਬੀ ਘਟਨਾਵਾਂ ਹੋਣ ਵਾਲੀਆਂ ਹਨ ਜਿਹੋ ਜਿਹੀਆਂ ਪਹਿਲਾਂ ਕਦੇ ਨਹੀਂ ਵਾਪਰੀਆਂ। ਕਨੇਡਾ ਵਿਚ, ਸੀ.ਪੀ.ਸੀ.(ਮ-ਲ) ਇਸ ਇਨਕਲਾਬੀ ਤਬਦੀਲੀ ਲਈ ਸੱਭ ਤੋਂ ਵੱਧ ਫੈਸਲਾਕੁੰਨ ਜਾਗਰੂਕ ਸ਼ਕਤੀ ਹੈ। ਇਹ ਅੰਤਰਰਾਸ਼ਟਰੀ ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟ ਲਹਿਰ ਦਾ ਇਕ ਦਸਤਾ ਹੈ ਜੋ ਬਾਕੀ ਜਹਾਨ ਵਿਚ ਵੀ ਇਸੇ ਗੱਲ ਦਾ ਸਮਰਥੱਕ ਹੈ। ਸਾਰੇ ਮਜ਼ਦੂਰ, ਔਰਤਾਂ, ਨੌਜੁਆਨ ਤੇ ਵਿਦਿਆਰਥੀ, ਅਤੇ ਸਾਰੀਆਂ ਰੌਸ਼ਨ ਅਤੇ ਤਰਕ ਖਿਆਲ ਸ਼ਕਤੀਆਂ ਸੀ.ਪੀ.ਸੀ.(ਮ-ਲ) ਨਾਲਰਲਣ। ਇਨ੍ਹਾਂ ਵਲੋਂ ਸੀ.ਪੀ.ਸੀ.(ਮ-ਲ) ਵਿਚ ਰਲਣ ਦੀ ਕਾਰਵਾਈ ਖੁਦ ਇਕ ਮਹਾਨ ਕਦਮ ਹੋਵੇਗਾ ਜੋ ਨਵੇਂ ਦੀ ਉਤਪਤੀ ਅਤੇ ਇਨਸਾਨੀਅਤ ਦੇ ਜਲਾਲ ਵੱਲ ਵਧੇਗਾ ਜਿਥੇ ਇਨਸਾਨੀਅਤ ਦਾ ਹਰੇਕ ਕਰਤਵ ਇਨਸਾਨੀਅਤ ਦੇ ਜਲੌਅ ਵਿਚ ਵਾਧਾ ਕਰੇਗਾ ਅਤੇ ਸਹੀ ਇਨਸਾਨੀਅਤ ਉਜਾਗਰ ਹੋਵੇਗੀ।

ਜੱਕੋ-ਤੱਕੀ ਛੱਡ ਕੇ ਲਹਿਰ ਵਿਚ ਕੁਦੋ, ਪੁਰਾਣੇ ਉਤੇ ਨਵੇਂ ਦੀ ਫ਼ਤਿਹ ਦੀ ਘੜੀ ਕਰੀਬ ਹੈ। ਹਰੇਕ ਨੂੰ ਖੁਦ ਆਪੋ ਆਪਣੀ ਇਨਸਾਨੀਅਤ ਪ੍ਰਗਟ ਕਰਨ ਲਈ ਲੋੜੀਂਦੇ ਹਾਲਾਤ ਤਿਆਰ ਕਰਨ ਵਿਚ ਜੁਟ ਜਾਣਾਂ ਚਾਹੀਦਾ ਹੈ ਤਾਂ ਕਿ ਉਹ ਐਸੀਆਂ ਬੁਲੰਦੀਆਂ ਛੋਹਣ ਦੀ ਰੀਝ ਲਾਹ ਸਕਣ ਜੋ ਇਨਸਾਨੀਅਤ ਨੇ ਆਪਣਾਂ ਜਲੌਅ ਲਾਗੂ ਕਰਨ ਦੇ ਸੰਘਰਸ਼ ਵਿਚ ਪਹਿਲਾਂ ਕਦੇ ਨਹੀਂ ਛੋਹੀਆਂ। ਇਨਸਾਨੀ ਤਰੱਕੀ ਦਾ ਪਹੁਫੁਟਾਲਾ ਦੂਰ ਨਹੀਂ! ਸਾਰੀ ਇਨਸਾਨਪ੍ਰਸਤ ਇਨਸਾਨੀਅਤ ਦਾ ਸੂਰਜ ਚਮਕੇਗਾ ਤੇ ਸਾਰਿਆਂ ਨੂੰ ਰੁਸ਼ਨਾਏਗਾ!

### ਭੂਮਿਕਾ

ਆਧੁਨਿਕ ਕਮਿਊਨਿਜ਼ਮ ਅਤੇ ਕਮਿਊਨਿਸਟ ਪਾਰਟੀ, ਇਹ ਦੋ ਐਸੇ ਮਜ਼ਮੂਨ ਹਨ ਜਿਨ੍ਹਾਂ ਨੂੰ ਘੋਖਣ ਤੇ ਸਮਝਣ ਵੱਲ ਨਾਮ-ਨਿਹਾਦ "ਮੁੱਖ-ਧਾਰਾ" ਨੇ, ਕਨੇਡਾ ਵਿਚ ਵੀ ਅਤੇ ਬਾਕੀ ਸਾਰੇ ਸੰਸਾਰ ਵਿਚ ਵੀ, ਬਹੁਤ ਹੀ ਘੱਟ ਧਿਆਨ ਦਿਤਾ ਹੈ। ਬਹੁਤਿਆਂ ਮੁਲਕਾਂ ਦੇ ਅਫੀਸ਼ਲ ਦਾਇਰੇ ਆਧੁਨਿਕ ਕਮਿਊਨਿਜ਼ਮ ਅਤੇ ਕਮਿਊਨਿਸਟ ਪਾਰਟੀ ਬਾਰੇ ਇਸ ਤਰੀਕੇ ਨਾਲ ਲਿਖਦੇ ਹਨ ਕਿ ਪਤਾ ਲੱਗਣਾਂ ਮੁਸ਼ਕਲ ਹੋ ਜਾਂਦਾ ਹੈ ਪਈ ਆਧੁਨਿਕ ਕਮਿਊਨਿਜ਼ਮ ਅਤੇ ਕਮਿਊਨਿਸਟ ਪਾਰਟੀ ਦਰਅਸਲ ਸ਼ੈਅ ਕੀ ਹਨ। ਇਨ੍ਹਾਂ ਦੋ ਮਜ਼ਮੂਨਾਂ ਦੇ ਵਿਸ਼ਾ-ਵਸਤੂ ਕਰਕੇ ਹੀ ਏਦਾਂ ਨਹੀਂ ਹੋਇਆ, ਬਲਕਿ ਦੋ ਹੋਰ ਵੀ ਮੁਖ ਕਾਰਨ ਹਨਃ

੧) ਸਾਬਕਾ ਸੋਵੀਅਤ ਯੂਨੀਅਨ ਦੇ ਢਹਿਢੇਰੀ ਹੋਣ ਨਾਲ ਸਰਦ ਜੰਗ ਦੀ ਸਮਾਪਤੀ ਅਤੇ ਸੰਸਾਰ ਦੀ ਦੋ-ਧਰੁਵੀ ਵੰਡ ਮੁਕਣ ਦੇ ਵੇਲੇ ਤੋਂ ਲੈ ਕੇ ਆਧੁਨਿਕ ਕਮਿਊਨਿਜ਼ਮ ਅਤੇ ਕਮਿਊਨਿਸਟ ਪਾਰਟੀ ਦੇ ਖ਼ਿਲਾਫ਼ ਅਮਰੀਕੀ ਸਾਮਰਾਜ ਦੀ ਅਗਵਾਈ ਵਿਚ ਹਮਲਾ ਹੋਰ ਤਿਖਾ ਹੋਇਆ ਹੈ। ਸਰਦ-ਜੰਗ ਸਿਰਫ ਕਿਸੇ ਇਕ ਜਾਂ ਕਈ "ਕਮਿਊਨਿਸਟ ਮੁਲਕਾਂ" ਦੇ ਖ਼ਿਲਾਫ਼ ਹੀ ਨਹੀਂ ਸੀ। ਇਸ ਹਮਲੇ ਦਾ ਨਿਸ਼ਾਨਾਂ ਆਧੁਨਿਕ ਕਮਿਊਨਿਜ਼ਮ ਅਤੇ ਕਮਿਊਨਿਸਟ ਪਾਰਟੀ ਸੀ ਜੋ ਉਸ ਸ਼ੈਅ ਦਾ ਮੁਜੱਸਮਾ ਹੈ ਜੋ ਨਵੀਂ ਹੈ, ਤਾਜ਼ਾ ਹੈ, ਤੇ ਸਮਾਜ ਦੀ ਤਰੱਕੀ ਦਾ ਅਗਲਾ ਪੜਾਅ ਹੈ। ਇਸ ਹੋਣੀ ਨੂੰ ਕਿਸੇ ਵੀ ਕੀਮਤ ਤੇ ਟਾਲਣ ਲਈ ਇਹ ਸਰਦ-ਜੰਗ ਵਿੱਢੀ ਗਈ ਸੀ।

੨) ਸੰਸਾਰ ਦੇ ਬਹੁਤੇ ਮੁਲਕਾਂ ਦਾ ਮੌਜੂਦਾ ਸਿਆਸੀ ਢਾਂਚਾ ਸਿਆਸੀ ਤਾਕਤ ਨੂੰ ਕੁਝ ਕੁ ਹੱਥਾਂ ਵਿਚ ਕੇਂਦਰਤ ਕਰਨ ਵੱਲ ਤੁਰਦਾ ਜਾ ਰਿਹਾ ਹੈ। ਇਸ ਰੁਝਾਨ ਦਾ ਅਧਾਰ ਆਰਥਕ ਤਾਕਤ ਦਾ ਕੁਝ ਕੁ ਹੱਥਾਂ ਵਿਚ ਕੇਂਦਰਤ ਹੋ ਜਾਣਾਂ ਹੈ। ਸਿਆਸੀ ਅਤੇ ਆਰਥਕ ਤਾਕਤ ਕੁਝ ਕੁ ਹੱਥਾਂ ਵਿਚ ਚਲੇ ਜਾਣ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਮੁਲਕ ਦੇ ਲੋਕਾਂ ਦੀ ਇਕ ਵਿਸ਼ਾਲ ਬਹੁ-ਸੰਖਿਆ ਕੋਲ ਜ਼ਰਾ ਵੀ ਤਾਕਤ ਨਹੀ। ਇਕ ਬਹੁਤ ਹੀ ਪਿਛੇ-ਖਿਚੂ ਰੁਝਾਨ ਨਜ਼ਰ ਆ ਰਿਹਾ ਹੈ ਕਿ ਮੁਲਕ ਦੀ "ਜਮਹੂਰੀ" ਸਰਕਾਰ, ਹੁਣ ਫਰਮਾਨਾਂ ਰਾਹੀਂ ਰਾਜ ਕਰ ਰਹੀ ਹੈ। ਇਸ ਦੇ ਨਾਲ ਹੀ "ਜਮਹੂਰੀਅਤ", ਤੇ "ਪ੍ਰੀਵਾਰ ਦੀਆਂ ਕਦਰਾਂ-ਕੀਮਤਾਂ", ਅਤੇ ਖੁਦ ਸਮਾਜ ਦੀ ਜ਼ਿਮੇਵਾਰੀ ਬਾਰੇ ਝੂਠ ਫੈਲਾਉਣ ਦੀ ਇਕ ਵੱਡੀ ਮੁਹਿੰਮ ਵੀ ਚਲਾਈ ਜਾ ਰਹੀ ਹੈ।

ਅਜਾਰੇਦਾਰਾਂ ਦੇ ਆਪੋ ਆਪਣੇ ਵਿਸ਼ੇਸ਼-ਹਿਤਾਂ ਅਨੁਸਾਰ ਵੰਡੀ ਹੋਈ ਹਾਕਮ ਜਮਾਤ ਦੇ ਵੱਖੋ ਵੱਖ ਗਰੁਪਾਂ ਦੇ ਸਿਆਸੀ ਨੁਮਾਇੰਦੇ, ਸਿਆਸੀ ਤਾਕਤ ਹਥਿਆਉਣ ਲਈ ਆਪਸ ਵਿਚ ਕੁਤਿਆਂ ਵਾਂਗ ਲੜਦੇ ਹਨ ਤੇ ਇਨ੍ਹਾਂ ਦੀਆਂ ਸਿਆਸੀ ਪਾਰਟੀਆਂ ਦਿਨੋਂ ਦਿਨ ਹੋਰ ਵੀ ਕੁਰੱਪਟ, ਖ਼ੁਦਗਰਜ਼ ਅਤੇ ਖੂੰ-ਖਾਰ ਹੋਈ ਜਾ ਰਹੀਆਂ ਹਨ। ਬੇਸ਼ੱਕ ਇਹ ਪਾਰਟੀਆਂ ਬਾਕਾਇਦਾ ਰਜਿਸਟਰ ਹੋਈਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਇਕ ਘੱਟ-ਗਿਣਤੀ ਹੀ ਹਨ, ਲੇਕਿਨ ਫੇਰ ਵੀ ਸਿਰਫ਼ ਇਨ੍ਹਾਂ ਹੀ ਪਾਰਟੀਆਂ ਨੂੰ ਮੁਲਕ ਦੀ ਮੁਖ-ਧਾਰਾ ਸਿਆਸਤ ਵਿਚ ਅਹਿਮੀਅਤ ਦਿਤੀ ਜਾਂਦੀ ਹੈ ਤੇ ਬਾਕੀ ਪਾਰਟੀਆਂ ਨੂੰ "ਨਿਕੀਆਂ" ਕਹਿਕੇ ਨਜ਼ਰਅੰਦਾਜ਼ ਦਿਤਾ ਜਾਂਦਾ ਹੈ। ਇਥੋਂ ਪਤਾ ਲਗਦਾ ਹੈ ਕਿ ੧੯ਵੀਂ ਸਦੀ ਦੀਆਂ ਪ੍ਰੀਭਾਸ਼ਾਵਾਂ ਉਤੇ ਅਧਾਰਤ ਸਿਆਸੀ-ਪਰਨਾਲੀ ਕਿਸ ਹੱਦ ਤੱਕ ਦਿਵਾਲੀਆ ਹੋ ਚੁਕੀ ਹੈ। ਇਹ ਸਿਆਸੀ-ਪਰਨਾਲੀ ਬਿਲਕੁਲ ਬੇਫ਼ਾਇਦਾ ਅਤੇ ਫਜ਼ੂਲ ਬਣ ਗਈ ਹੈ। ਤਾਕਤ ਦੀ ਅਜਾਰੇਦਾਰੀ ਹਾਕਮ ਜਮਾਤਾਂ ਦੇ ਜਮਹੂਰੀਅਤ-ਵਿਰੋਧੀ ਕਿਰਦਾਰ ਨੂੰ ਵੀ ਨੰਗਾ ਕਰਦੀ ਹੈ ਜੋ ਹਰ ਹੀਲੇ ਲੋਕਾਂ ਨੂੰ ਗੁਠੇ ਲਈ ਰੱਖਣ ਤੇ ਤੁਲੀਆਂ ਹੋਈਆਂ ਹਨ। ਆਪੋ ਆਪਣੇ ਧੜੇ ਦੇ ਹਿਤਾਂ ਦੀ ਸੇਵਾ ਲਈ ਸਟੇਟ ਦੇ ਖ਼ਜ਼ਾਨੇ ਅਤੇ ਸਟੇਟ ਦੇ ਕਾਰੋਬਾਰ ਨੂੰ ਆਪਣੇ ਹੱਥਾਂ ਵਿਚ ਲੈਣ ਦੀ ਲੜਾਈ ਵਿਚ ਇਹ ਮੁਲਕ ਨੂੰ ਖਾਨਾ-ਜੰਗੀ ਵੱਲ ਧੱਕ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਸੰਸਾਰ ਦੇ ਲੋਕਾਂ ਨੂੰ ਗੁਠੇ ਲਾਈ ਰੱਖਣ ਅਤੇ ਸਿਆਸੀ-ਤਾਕਤ ਤੋਂ ਦੂਰ ਰੱਖਣ ਲਈ ਥਾਂ-ਥਾਂ ਦਖ਼ਲਅੰਦਾਜ਼ੀਆਂ ਕਰਨ ਉਤੇ ਅੰਤਾਂ ਦਾ ਪੈਸਾ ਖਰਚਿਆ ਜਾਂਦਾ ਹੈ। ਯੁਨਾਇਟਿਡ ਨੇਸ਼ਨਜ਼ ਦੀ ਸਕਿਉਰਿਟੀ ਕੌਂਸਲ, ਖ਼ੈਰਾਇਤੀ ਸੰਸਥਾਵਾਂ, ਬਹੁ-ਕੌਮੀ ਕੰਪਨੀਆਂ, ਪੋਪ ਅਤੇ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਦੀਆਂ ਹੋਰ ਸਫ਼ਬੰਦੀਆਂ ਲੋਕਾਂ ਦੇ ਹੱਥ ਸ਼ਕਤੀ ਜਾਣ ਦੇ ਖਿਲਾਫ਼ ਇਕ ਵਿਸ਼ਾਲ ਮੁਹਿੰਮ ਵਿਚ ਸ਼ਰੀਕ ਹਨ। ਇਨ੍ਹਾਂ ਦਾ ਉਦੇਸ਼ ਲੋਕਾਂ ਨੂੰ ਤਾਕਤ ਆਪਣੇ ਹੱਥ ਲੈਣ ਅਤੇ ਵਰਤਣ ਤੋਂ ਰੋਕਣਾਂ ਹੈ ਤਾਂ ਕਿ ਮਾਨਵ-ਜਾਤ ਇਤਿਹਾਸ ਦੀ ਕੇਂਦਰੀ-ਸਟੇਜ ਉਤੇ ਨਾਂ ਆ ਜਾਵੇ।

ਸੰਸਾਰ-ਬੁਰਜੁਆਜ਼ੀ ਹਾਲੇ ਵੀ ਇਹ ਮੰਨਣ ਲਈ ਤਿਆਰ ਨਹੀਂ ਕਿ ਪੂੰਜੀਵਾਦ ਦਾ ਜ਼ਮਾਨਾਂ ਆਖਰੀ ਸਾਹਾਂ ਤੇ ਹੈ ਤੇ ਇਸ ਦੀ ਥਾਂ ਇਕ ਨਵੇਂ ਯੁਗ ਨੇ ਲਾਜ਼ਮੀ ਤੌਰ ਤੇ ਲੈਣੀ ਹੈ। ਇਸੇ ਕਰਕੇ ਪ੍ਰੋਲੇਤਾਰੀ ਇਨਕਲਾਬ ਨੂੰ ਰੋਕਣ ਅਤੇ ਸਾਮਰਾਜ ਦੇ ਦੌਰ ਨੂੰ ਇਸਦੀ ਅੰਤਮ ਹੋਣੀ ਤੋਂ ਬਚਾਉਣ ਲਈ ਉਹ ਹਰ ਤਰ੍ਹਾਂ ਦੇ ਪਾਪੜ ਵੇਲਦੇ ਹਨ। ਲੇਕਿਨ ਪ੍ਰੋਲੇਤਾਰੀ ਇਨਕਲਾਬ ਇਸ ਯੁਗ ਦਾ, ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਯੁਗ ਦਾ, ਇਕ ਜਮ੍ਹਾਂਦਰੂ- ਅੰਗ ਹੈ। ਸਾਮਰਾਜ ਰਹੇਗਾ ਜਾਂ ਇਨਕਲਾਬ ਦੀ ਫ਼ਤਿਹ ਹੋਵੇਗੀ। ਪਰ ਇਮਕਾਨ ਇਹੋ ਹੈ ਕਿ ਇਨਕਲਾਬ ਦੀ ਹੀ ਜਿਤ ਹੋਵੇਗੀ। ਸਾਮਰਾਜਵਾਦ ਅਤੇ ਪਿਛੇ-ਖਿਚੂ ਬੁਰਜੁਆਜ਼ੀ ਨੂੰ ਹਾਲੇ ਵੀ ਮੁਖ ਖ਼ਤਰਾ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਤੋਂ ਹੀ ਹੈ। ਉਨ੍ਹਾਂ ਨੂੰ ਦਿਸਦਾ ਹੈ ਕਿ ਪ੍ਰੋਲੇਤਾਰੀ ਇਨਕਲਾਬ ਰਾਹੀਂ ਇਕ ਨਵਾਂ ਯੁਗ ਜੰਮੇਗਾ, ਇਕ ਜਮਾਤ-ਰਹਿਤ ਸਮਾਜ ਬਣੇਗਾ, ਜੋ ਧਰਤੀ ਉਤੇ ਅਮੀਰਾਂ ਦੀ ਨਿਜੀ ਜ਼ੰਨਤ ਦਾ ਭੋਗ ਪਾ ਦੇਵੇਗਾ। ਸਮਾਜਵਾਦ ਅਤੇ ਕਮਿਉਨਿਜ਼ਮ ਮੁਤੱਲਿਕ ਗਿਆਨ ਦਾ ਖ਼ਜ਼ਾਨਾਂ ਏਨਾਂ ਵਿਸ਼ਾਲ ਹੈ ਕਿ ਕਾਰਲ ਮਾਰਕਸ ਦੇ ਜ਼ਮਾਨੇ ਤੋਂ ਹੀ ਇਹ ਵਿਗਿਆਨਕ ਤੌਰ ਤੇ ਸੱਭ ਤੋਂ ਵੱਧ ਸਪੱਸ਼ਟ ਕੀਤਾ ਗਿਆ ਮਜ਼ਮੂਨ ਹੈ। ਲੇਕਿਨ ਫਿਰ ਵੀ ਮੁਲਕ ਦੇ ਅੰਦਰ ਅਤੇ ਅੰਤਰਰਾਸ਼ਟਰੀ ਤੌਰ ਤੇ ਵੀ ਇੰਜ ਜਾਪਦਾ ਹੈ ਜਿਵੇਂ ਇਹ ਕੋਈ ਐਸੀ ਓਪਰੀ ਸ਼ੈਅ ਹੋਵੇ ਜਿਸਨੂੰ ਸਮਝਿਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਬਾਕਾਇਦਾ ਤੌਰ ਤੇ ਰਜਿਸਟਰ ਹੋਈਆਂ ਹੋਈਆਂ ਨਿਕੀਆਂ ਸਿਆਸੀ ਪਾਰਟੀਆਂ ਨੂੰ ਵੀ "ਮਾਮੂਲੀ ਪਾਰਟੀਆਂ" ਕਹਿੰਦੇ ਹਨ ਤੇ ਉਨ੍ਹਾਂ ਦੇ ਵਿਚਾਰਾਂ ਅਤੇ ਸਿਆਸੀ ਪ੍ਰੋਗਰਾਮਾਂ ਨੂੰ ਵੀ "ਐਵੇਂ" ਹੀ ਸਮਝਦੇ ਹਨ। ਉਨ੍ਹਾਂ ਦੀ ਹੋਂਦ ਨੂੰ "ਜਮਹੂਰੀਅਤ ਦਾ ਸਬੂਤ" ਦੇਣ ਵਜੋਂ ਬਰਦਾਸ਼ਤ ਤਾਂ ਭਾਵੇਂ ਕਰ ਲੈਂਦੇ ਹਨ, ਪਰ ਜਿਹੜੀ ਸਿਆਸੀ ਪ੍ਰਕਿਰਿਆ ਵਿਖਾਵੇ ਖ਼ਾਤਰ ਉਨ੍ਹਾਂ ਨੂੰ ਅਫ਼ੀਸ਼ਲ ਮਾਨਤਾ ਦਿੰਦੀ ਹੈ, ਫਿਰ ਉਹੋ ਉਨ੍ਹਾਂ ਨੂੰ ਗੁਠੇ ਲਾਉਂਦੀ ਹੈ ਤੇ ਰਾਜ-ਵਿਵਸਥਾ ਵਿਚ ਵੱਧਣ-ਫੁਲਣ ਤੋਂ ਰੋਕਦੀ ਹੈ। ਪੂਰੀ ਜਹਾਲਤ ਅਤੇ ਅਗਿਆਨਤਾ ਨਾਲ ਉਨ੍ਹਾਂ ਬਾਰੇ ਇੰਜ ਗੱਲ ਕਰਦੇ ਹਨ ਜਿਵੇਂ ਕੁਝ ਪਤਾ ਹੀ ਨਾਂ ਹੋਵੇ ਕਿ ਉਹ ਕੀ ਹਨ, ਅਤੇ ਐਂਵੇ ਕੋਈ ਚਾਲੂ ਜਿਹਾ ਜਿਹਾ ਠੱਪਾ ਲਾ ਕੇ ਗੱਲ ਨਿਬੇੜ ਦਿੰਦੇ ਹਨ।

ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਬਾਰੇ ਕੀਤੀ ਜਾਂਦੀ ਸਾਰੀ ਦੀ ਸਾਰੀ ਗੱਲ-ਕੱਥ ਏਨੀ ਝੂਠੀ ਅਤੇ ਵਿਤਕਰੇ ਭਰਪੂਰ ਹੈ ਕਿ ਅਸਲੀਅਤ ਦਾ ਜ਼ਰਾ ਵੀ ਪਤਾ ਨਹੀਂ ਲਗਦਾ ਕਿ ਉਹ ਕੀ ਹਨ ਤੇ ਕਨੇਡਾ ਅਤੇ ਸੰਸਾਰ ਵਿਚ ਉਨ੍ਹਾਂ ਦਾ ਕੀ ਸਥਾਨ ਹੈ ਜਾਂ ਇਸ ਵੇਲੇ ਉਹ ਕੀ ਰੋਲ ਅਦਾ ਕਰ ਰਹੇ ਹਨ। ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਤੇ ਹੋਰ ਸਾਰੀਆਂ ਵਿਚਾਰਧਾਰਕ ਜਾਂ ਸਿਆਸੀ ਪੁਜੀਸ਼ਨਾਂ ਦੇ ਮਜ਼ਮੂਨਾਂ ਨੂੰ "ਮੁਖ-ਧਾਰਾ" ਘੋਖਦੀ ਤੇ ਸਮਝਦੀ ਕਿਉਂ ਨਹੀਂ? ਇਸ ਦਾ ਵੀ ਕੋਈ ਕਾਰਨ ਜ਼ਰੂਰ ਹੈ। ਇਹ ਕਾਰਨ ਵੀ ਉਹੋ ਹੀ ਹੈ ਜਿਸ ਕਾਰਨ ਕਰਕੇ ਮਜ਼ਦੂਰ ਜਮਾਤ ਅਤੇ ਹੋਰ ਲੋਕਾਂ ਨੂੰ ਇਹ ਜਾਣਕਾਰੀ ਨਹੀਂ ਦਿਤੀ ਜਾਂਦੀ ਕਿ ਸਾਰੀਆਂ ਵਿਚਾਰਧਾਰਾਵਾਂ ਅਤੇ ਸਿਆਸਤਾਂ ਕੀ ਹਨ। ਖੁੱਲ੍ਹ ਕੇ ਕਹਿਣਾਂ ਹੋਵੇ ਤਾਂ ਅਸਲੀ ਕਾਰਨ ਇਹ ਕਿ ਇਹ ਦਿਲੋਂ ਬੜਾ ਡਰਦੇ ਹਨ ਕਿ ਜੇ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਦਾ ਤੱਤ ਲੋਕਾਂ ਦੀ ਸਮਝ ਪੈ ਗਿਆ ਤਾਂ ਫੇਰ ਉਹ ਇਹ ਗੱਲ ਵੀ ਸਮਝ ਜਾਣਗੇ ਕਿ ਸਮਾਜ ਵਿਚ ਕੀ ਹੋ ਰਿਹਾ ਤੇ ਉਨ੍ਹਾਂ ਨੂੰ ਪਤਾ ਲੱਗ ਜਾਣਾਂ ਹੈ ਕਿ ਅਮੀਰਾਂ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਕਿਸ ਚੀਜ਼ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਉਹ ਸਥਿਤੀ ਨੂੰ ਸਮਝਣ ਲੱਗ ਪੈਣਗੇ।

ਇਕ ਬੜਾ ਡੂੰਘਾ ਸਿਆਸੀ ਸੰਕਟ ਪੈਦਾ ਹੋ ਰਿਹਾ ਹੈ ਜੋ ਆਰਥਕ ਸੰਕਟ ਦੇ ਸਿਆਸੀ ਪੱਖ ਦੀ ਝਲਕ ਹੈ। ਸਮਾਜੀ ਪੈਦਾਵਾਰ-ਵਿਧੀ ਪਰ ਨਿੱਜੀ ਪੈਦਾਵਾਰੀ-ਸਬੰਧ ਹੋਣ ਕਰਕੇ ਜੋ ਵਿਰੋਧਤਾਈ ਹੈ, ਉਸ ਕਰਕੇ ਹੀ ਆਰਥਕ ਸੰਕਟ ਹੈ। ਪੂੰਜੀਵਾਦ ਦੇ ਸੰਗਰਹਿਣੀਆਂ ਬਿਮਾਰੀਆਂ ਬੇਰੁਜ਼ਗਾਰੀ, ਗ਼ਰੀਬੀ, ਨਿਤ ਵੱਧਦੀ ਜਾਂਦੀ ਲੁੱਟ ਖਸੁੱਟ ਅਤੇ ਮੁੱੜ-ਘਿੜ ਆਉਂਦਾ ਵਾਧੂ-ਪੈਦਾਵਾਰ ਦਾ ਸੰਕਟ, ਇਸੇ ਬੁਨਿਆਦੀ ਅੰਤਰ-ਵਿਰੋਧ ਦਾ ਇਜ਼ਹਾਰ ਹਨ।

ਬੁਰਜੁਆਜ਼ੀ, ਉਨ੍ਹਾਂ ਸਿਆਸੀ ਅਦਾਰਿਆਂ ਦੇ ਸਿਰ ਉਤੇ ਤਾਕਤ ਨੂੰ ਜੱਫਾ ਮਾਰੀ ਰੱਖਣਾਂ ਚਾਹੁੰਦੀ ਹੈ ਜੋ ੧੯ਵੀਂ ਸਦੀ ਵਿਚ ਸਾਮਰਾਜ-ਉਸਾਰੀ ਦੀ ਲੋੜ ਪੂਰੀ ਕਰਨ ਲਈ ਬਣਾਏ ਗਏ ਸਨ ਤੇ ਐਸ ਵੇਲੇ ਕਬਰ ਵਿਚ ਲੱਤਾਂ ਲਮਕਾਈ ਬੈਠੇ ਹਨ। ਲੋਕ ਜਿੰਨੀ ਜ਼ਿਆਦਾ ਕੋਸ਼ਿਸ਼ ਕਰਦੇ ਹਨ ਕਿ ਸਰਬ-ਉਚ ਸ਼ਕਤੀ ਅਤੇ ਫੈਸਲੇ ਕਰਨ ਦੀ ਸ਼ਕਤੀ ਉਨ੍ਹਾਂ ਦੇ ਹੱਥ ਆਵੇ, ਬੁਰਜੁਆਜ਼ੀ ਉਤਨਾ ਹੀ ਜ਼ਿਆਦਾ ਪਿਛੇ ਨੂੰ ਲੱਤਾਂ ਘਸੀਟਦੀ ਹੈ ਅਤੇ ਕੋਸ਼ਿਸ਼ਾਂ ਕਰਦੀ ਹੈ ਕਿ ਇਸਦਾ ਰਾਜ ਚਲਦਾ ਰਹੇ। ਆਪਣੀ ਸਰਦਾਰੀ ਅਤੇ ਵਿਸ਼ੇਸ਼ ਪੁਜੀਸ਼ਨਾਂ ਨੂੰ ਚੰਬੜੇ ਰਹਿਣ ਅਤੇ ਬੁਰਜੁਆ ਤਾਨਾਸ਼ਾਹੀ ਬਣਾਈ ਰੱਖਣ ਦੀ ਕੋਸ਼ਿਸ਼ ਵਿਚ ਵਿਤੀ-ਜਰਵਾਣੇ, ਮੀਡੀਆ ਸਮਰਾਟ, ਸਰਕਾਰਾਂ, ਵੱਡੇ-ਵੱਡੇ ਲੇਬਰ ਆਗੂ ਅਤੇ ਉਨ੍ਹਾਂ ਦੇ ਅਸਰ ਹੇਠਲੇ ਹੋਰ, ਸਿਆਸਤ ਅਤੇ ਵਿਚਾਰਧਾਰਾਵਾਂ ਨੂੰ ਇਕ ਅਜੇਹੇ ਤਰੀਕੇ ਨਾਲ ਪੇਸ਼ ਕਰਦੇ ਹਨ ਕਿ ਸਿਆਸੀ ਪਾਰਟੀਆਂ, ਸਿਆਸਤਦਾਨ ਅਤੇ ਸਿਆਸੀ ਅਦਾਰੇ ਬਿਲਕੁਲ ਬਦਨਾਮ ਹੋ ਗਏ ਹਨ। ਸਿਆਸੀ ਵਿਚਾਰ-ਬਹਿਸ ਨੂੰ ਹਾਕਮ ਜਮਾਤਾਂ ਦੇ ਵੱਖ ਵੱਖ ਧੜਿਆਂ ਵਿਚਕਾਰ ਤਾਕਤ ਹਥਿਆਉਣ ਦੀ ਬੇਕਿਰਕ ਲੜਾਈ ਵਿਚ ਤਬਦੀਲ ਕਰਦੇ ਹੋਏ ਹਰੇਕ ਘਟੀਆ ਤੇ ਕਮੀਨਾ ਹਰਬਾ ਵਰਤ ਕੇ ਆਪਣਾਂ ਉਲੂ ਸਿਧਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਰਾਮ-ਰੌਲੇ ਵਿਚ ਲੋਕਾਂ ਦਾ ਰੋਲ ਸਿਰਫ਼ ਏਨਾਂ ਹੀ ਰਹਿ ਜਾਂਦਾ ਹੈ ਕਿ ਵੋਟਾਂ ਵਾਲੇ ਦਿਨ ਜਾ ਕੇ ਬੈਲਟ ਪੇਪਰਾਂ ਉਤੇ ਮੁਹਰਾਂ ਲਾ ਆਉਣ।

ਆਪਣਾ ਰਾਜ ਬਚਾਈ ਰੱਖਣ ਲਈ ਉਹ ਇਹ ਤਰੀਕਾ ਵਰਤਦੇ ਹਨ ਕਿ ਸਮਾਜ ਨੂੰ ਪੂੰਜੀਵਾਦ ਤੋਂ ਸਮਾਜਵਾਦ ਵੱਲ ਤੇ ਸਾਮਵਾਦ ਵੱਲ ਤੋਰਨ ਵਾਲੀ ਹਰ ਸ਼ੈਅ ਨੂੰ ਬਦਨਾਮ ਕਰੋ। ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਬਾਰੇ ਉਹ ਗੱਲਾਂ ਤਾਂ ਬੜੇ ਹੀ ਸਪੈਸ਼ਲਿਸਟਾਂ ਵਾਂਗੂੰ ਕਰਦੇ ਹਨ, ਪਰ ਹਮੇਸ਼ਾਂ ਇਹ ਮੰਨ ਕੇ ਤੁਰਦੇ ਹਨ ਕਿ ਇਹ ਵਿਸ਼ੇ ਹੁਣ ਫਜ਼ੂਲ ਹਨ ਤੇ ਇਨ੍ਹਾਂ ਬਾਰੇ ਗੱਲਬਾਤ ਕਰਨਾ ਬੇਕਾਰ ਹੈ! ਭੁਲੇਖੇ ਖੜੇ ਕਰਨਾਂ, ਗੁੰਮਰਾਹਕੁੰਨ ਜਾਣਕਾਰੀ ਦੇਣਾਂ ਅਤੇ ਗੋਲ-ਮੋਲ ਗੱਲ ਕਰਨਾਂ ਇਨ੍ਹਾਂ ਦੀ ਦਸਤਕਾਰੀ ਹੈ। ਸਿਆਸੀ ਪਾਰਟੀਆਂ ਦੀ ਇਕ ਵੱਡੀ ਸੰਖਿਆ ਨੂੰ "ਨਿਕੀਆਂ ਪਾਰਟੀਆਂ" ਕਹਿਕੇ ਰੱਦ ਕਰਦੇ ਹੋਏ ਇਹ ਸਫਾਈ ਪੇਸ਼ ਕਰਦੇ ਹਨ ਕਿ ਇਨ੍ਹਾਂ ਪਾਰਟੀਆਂ ਦੇ ਲੀਡਰਾਂ ਅਤੇ ਵਿਚਾਰਾਂ ਬਾਰੇ ਲੋਕਾਂ ਨੂੰ ਜੇ ਬਹੁਤਾ ਪਤਾ ਨਾ ਵੀ ਲੱਗੇ ਤਾਂ ਕੋਈ ਖ਼ਾਸ ਗੱਲ ਨਹੀਂ।

ਸਾਮਰਾਜਵਾਦ ਅਤੇ ਪਿਛਾਖੜੀ ਬੁਰਜੁਆਜ਼ੀ ਜਿੰਨਾਂ ਜ਼ਿਆਦਾ ਤਾਨਸ਼ਾਹ ਹੋਈ ਜਾਂਦੇ ਹਨ ਓਨੀਆਂ ਹੀ ਬਹੁਤੀਆਂ ਫੜ੍ਹਾਂ ਇਹ ਆਪਣੀ ਜਮਹੂਰੀਅਤ ਦੀਆਂ ਮਾਰਦੇ ਹਨ, "ਆਜ਼ਾਦ ਤੇ ਨਿਰਪੱਖ ਚੋਣਾਂ", "ਕਾਨੂੰਨ ਦੇ ਰਾਜ", "ਖੁਲ੍ਹੀ-ਮੰਡੀ" ਅਤੇ "ਮਨੁੱਖੀ ਅਧਿਕਾਰਾਂ" ਦੇ ਗੁਣ ਗਾਉਂਦੇ ਹਨ। ਜਿੱਦਾਂ-ਜਿੱਦਾਂ ਬੁਰਜੁਆਜ਼ੀ ਲੋਕਾਂ ਨੂੰ ਗੁਠੇ ਲਾਈ ਜਾਂਦੀ ਹੈ ਓਦਾਂ ਓਦਾਂ ਲੋਕੀ ਹੋਰ ਵੀ ਬਹੁਤੇ ਹੈਰਾਨ ਹੋ ਕੇ ਸੋਚ ਰਹੇ ਹਨ ਕਿ ਇਨ੍ਹਾਂ ਪਾਰਟੀਆਂ ਨੂੰ ਵੋਟਾਂ ਪਾਉਣ ਦਾ ਕੀ ਫ਼ਾਇਦਾ ਹੈ ਜੇ ਕੁਝ ਬਦਲਣਾਂ ਹੀ ਨਹੀਂ? ਇਸ ਕਰਕੇ ਹੁਣ ਬਹੁਤ ਸਾਰੇ ਲੋਕ ਇਹ ਗੱਲ ਰੱਦ ਕਰ ਰਹੇ ਹਨ ਕਿ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਬਾਰੇ ਜਾਣਕਾਰੀ ਹਾਸਲ ਕਰਨਾ ਫ਼ਜ਼ੂਲ ਹੈ। ਇਨ੍ਹਾਂ ਮਜ਼ਮੂਨਾਂ ਨੂੰ ਸੰਜੀਦਗੀ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹੋਏ ਉਹ ਸਮਾਜ ਅਤੇ ਕੁਦਰਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਧੁਨਿਕ ਕਮਿਉਨਿਜ਼ਮ ਦੇ ਕੱਢੇ ਹੋਏ ਨਿਰਣਿਆਂ ਦੀ ਵਰਤੋਂ ਕਰਨ ਲੱਗ ਪਏ ਹਨ, ਅਤੇ ਹੋ ਸਕਦਾ ਹੈ ਕਿ ਜਲਦੀ ਹੀ ਕਮਿਉਨਿਸਟ ਪਾਰਟੀ ਵਿਚ ਵੀ ਸ਼ਾਮਲ ਹੋਣ ਲੱਗ ਪੈਣ। ਇਸ ਕਰਕੇ ਅਜੇਹੇ ਲੋਕੀ ਬਹੁਤੀ ਵਾਰ ਬੜੇ ਨਿਰਦਈ ਹਮਲਿਆਂ ਦਾ ਸ਼ਿਕਾਰ ਬਣਦੇ ਹਨ, ਬਦਨਾਮ ਕੀਤੇ ਜਾਂਦੇ ਹਨ, ਜਾਂ ਨੌਕਰੀਆਂ ਅਤੇ ਅਹੁਦਿਆਂ ਤੋਂ ਕੱਢ ਦਿਤੇ ਜਾਂਦੇ ਹਨ। ਕਮਿਉਨਿਸਟ ਹਮਦਰਦੀ ਪ੍ਰਗਟ ਕਰਨ ਵਾਲੀਆਂ ਸਰਕਾਰਾਂ ਅਤੇ ਸਮਾਜਵਾਦੀ ਸਿਸਟਮਾਂ ਨੂੰ ਇਹ ਬੜਾ ਤੰਗ ਕਰਦੇ ਹਨ। ਕਿਊਬਾ ਅਤੇ ਸੰਸਾਰ ਦੇ ਹੋਰ ਕਈ ਮੁਲਕਾਂ ਨੂੰ ਢਾਉਣ ਲਈ ਅਮਰੀਕੀ ਸਾਮਰਾਜੀਆਂ ਦਾ ਸਰਕਾਰੀ ਜਹਾਦ ਇਸ ਗੱਲ ਦੀ ਇਕ ਉਦਾਹਰਣ ਹੈ।

ਇਕ ਅਜੇਹਾ ਜਾਹਲ ਅਤੇ ਦਹਿਸ਼ਤੀ ਮਾਹੌਲ ਬਣਾ ਦਿਤਾ ਗਿਆ ਹੈ ਜੋ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਦੇ ਵਿਸ਼ਿਆਂ ਨੂੰ ਜਾਨਣ ਅਤੇ ਸਮਝਣ ਦੇ ਖਿਲਾਫ਼ ਜੂਝਦਾ ਹੈ। ਜਿਹੜੇ ਸਮਾਜ ਵਿਚ ਲੋਕੀ ਵਸਦੇ ਹਨ ਉਸ ਦੀ ਅਸਲੀਅਤ ਨੂੰ ਨਹੀਂ ਸਮਝਦੇ, ਅਤੇ ਇਸਨੂੰ ਤਬਦੀਲ ਕਰਨ ਵਿਚ ਹਿਸਾ ਲੈਣ ਤੋਂ ਸਰਗਰਮੀ ਨਾਲ ਰੋਕੇ ਜਾਂਦੇ ਹਨ। ਜੇ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਬਾਰੇ ਗੰਭੀਰਤਾ ਨਾਲ ਬਹਿਸ ਚੱਲੇ ਅਤੇ ਇਸ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇ ਤਾਂ ਸਮਾਜ ਅਤੇ ਇਸ ਵਿਚਲੀਆਂ ਸਾਰੀਆਂ ਸਿਆਸੀ ਤਾਕਤਾਂ ਅਤੇ ਜੀਵਨ ਦੇ ਹੋਰ ਸਾਰੇ ਪਹਿਲੂਆਂ ਉਤੇ ਪੂਰੀ ਰੌਸ਼ਨੀ ਪਵੇਗੀ ਤੇ ਸਾਰੀ ਗੱਲ ਸਪੱਸ਼ਟ ਹੋ ਜਾਵੇਗੀ। ਪਰ ਪਿਛੇ-ਖਿਚੂ ਬੁਰਜੁਆਜ਼ੀ ਅਤੇ ਸਾਮਰਾਜੀਏ ਇਸ ਸਪੱਸ਼ਟਤਾ ਤੋਂ ਖ਼ੌਫਜ਼ਦਾ ਹਨ ਅਤੇ ਇਸ ਦੀ ਡੱਟ ਕੇ ਮੁਖ਼ਾਲਫ਼ਤ ਕਰਦੇ ਹਨ।

ਆਧੁਨਿਕ ਕਮਿਉਨਿਜ਼ਮ ਅੱਜ ਦੀ ਉਸ ਜਦੋਜਹਿਦ ਉਤੇ ਅਧਾਰਤ ਹੈ ਜੋ ਸਮਾਜ ਦੀ ਤਰੱਕੀ ਦਾ ਦਰ ਖੋਹਲਣ ਅਤੇ ਅੱਗੇ ਜਾਣ ਦਾ ਰਾਹ ਲੱਭਣ ਵਾਸਤੇ ਚੱਲ ਰਹੀ ਹੈ। ਇਸ ਦੇ ਉਲਟ, ਸਾਮਰਾਜੀਏ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਆਪਣੇ ਵਿਚਾਰਧਾਰਕ ਦੀਵਾਲੇ ਦਾ ਮੁਜ਼ਾਹਰਾ ਕਰਦੇ ਹੋਏ ਐਲਾਨ ਕਰ ਰਹੇ ਹਨ ਕਿ ਲਿਬਰਲ ਡੈਮੋਕਰੇਸੀ ਹੀ ਸਮਾਜ ਦਾ ਆਖਰੀ ਪੜਾ ਹੈ ਤੇ ਇਸ ਤੋਂ ਹੋਰ ਚੰਗਾ ਕੋਈ ਸਿਸਟਮ ਇਨਸਾਨੀਅਤ ਪੈਦਾ ਕਰ ਹੀ ਨਹੀਂ ਸਕਦੀ। ਕਨੇਡਾ ਦੀ ਕਮਿਉਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ), ਜਿਸਨੂੰ ਆਮ ਤੌਰ ਤੇ ਸੀ.ਪੀ.ਸੀ.(ਮ-ਲ) ਕਰਕੇ ਜਾਣਿਆਂ ਜਾਂਦਾ ਹੈ, ਅਜੋਕੀਆਂ ਸਥਿਤੀਆਂ ਅਤੇ ਇਤਿਹਾਸਕ ਘਟਨਾਵਾਂ ਦੇ ਅਧਿਅਨ ਉਤੇ ਟੇਕ ਰੱਖਦੀ ਹੈ ਅਤੇ ਇਹੋ ਜਿਹੇ ਪਿਛੇ-ਖਿੱਚੂ ਨਜ਼ਰੀਏ ਦੀ ਹਰਗਿਜ਼ ਨਿਖੇਧੀ ਕਰਦੀ ਹੈ। ਹੋਰ ਹਰੇਕ ਸ਼ੈਅ ਵਾਂਗੂੰ ਸਮਾਜੀ ਸਿਸਟਮ ਵੀ ਬਣਦੇ ਅਤੇ ਢਹਿੰਦੇ ਰਹਿੰਦੇ ਹਨ। ਪੂੰਜੀਵਾਦੀ ਸਿਸਟਮ ਵੀ ਸਮਾਜੀ ਵਿਕਾਸ ਦੇ ਇਸ ਕਾਨੂੰਨ ਤੋਂ ਬੱਚ ਨਹੀਂ ਸਕਦਾ ਅਤੇ ਲਾਜ਼ਮੀ ਤੌਰ ਤੇ ਸਮਾਜਵਾਦ ਲਈ ਥਾਂ ਖਾਲੀ ਕਰੇਗਾ। ਸਮਾਜਵਾਦ ਤਾਮੀਰ ਕਰਨ ਲਈ ਸਾਰੀ ਵਾਸਤਵਿਕ ਸਮੱਗਰੀ ਇਸ ਸਿਸਟਮ ਦੇ ਅੰਦਰ ਹੀ ਮੌਜੂਦ ਹੈ, ਜਿਵੇਂ ਕਿ ਪੈਦਾਵਾਰ ਦੀ ਵਿਧੀ ਵੀ ਸਮਾਜਕ ਹੈ ਤੇ ਇਕ ਆਧੁਨਿਕ ਮਜ਼ਦੂਰ ਜਮਾਤ ਵੀ ਮੌਜੂਦ ਹੈ। ਪੂੰਜੀਵਾਦੀ ਸਮਾਜ ਦੀ ਕੁੱਖ ਅੰਦਰ ਇਕ ਐਸਾ ਸਿਸਟਮ ਕਰਵਟਾਂ ਲੈ ਰਿਹਾ ਹੈ ਜਿਸ ਵਿਚ ਪੈਦਾਵਾਰ ਦੀ ਵਿਧੀ ਵੀ ਅਤੇ ਪੈਦਾਵਾਰ ਦੇ ਸਾਧਨ ਵੀ ਸਾਰੇ ਸਮਾਜ ਦੀ ਮਾਲਕੀ ਹੇਠ ਹੋਣਗੇ, ਨਿਜੀ ਮਾਲਕੀ ਹੇਠ ਨਹੀਂ ਰਹਿਣਗੇ। ਪਰੰਤੂ, ਅੰਤਰ-ਮੁੱਖੀ ਜਾਂ ਸਬਜੈਕਟਿਵ ਹਾਲਾਤ ਹਾਲੇ ਤਿਆਰ ਨਹੀਂ ਅਤੇ ਮਾਰਕਸਵਾਦ-ਲੈਨਿਨਵਾਦ ਅਤੇ ਕਮਿਉਨਿਸਟ ਪਾਰਟੀ ਦਾ ਰੂਹਾਨੀ ਹਥਿਆਰ, ਲੋਕਾਂ ਦੇ ਅਗਾਂਹਵਧੂ ਹਿਸਿਆਂ ਦੀ ਇਨਕਲਾਬੀ ਜਥੇਬੰਦੀ, ਹਾਲੇ ਪੂਰੀ ਤਿਆਰੀ ਵਿਚ ਨਹੀਂ। ਇਨ੍ਹਾਂ ਮਹੱਤਵਪੂਰਣ ਤੱਤਾਂ ਦੀ ਪੈਦਾਇਸ਼ ਅਤੇ ਤਰੱਕੀ ਨੂੰ ਰੋਕਣ ਅਤੇ ਇਨ੍ਹਾਂ ਨੂੰ ਤਬਾਹ ਕਰਨ ਲਈ ਸਾਮਰਾਜਵਾਦ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਅੱਡੀ-ਚੋਟੀ ਦਾ ਤਾਣ ਲਾ ਰਹੇ ਹਨ। ਸਾਮਰਾਜੀਏ ਅਤੇ ਪਿਛੇ-ਖਿਚੂ ਬੁਰਜੁਆਜ਼ੀ, ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਨੂੰ ਗ਼ਲਤ ਸਾਬਤ ਨਹੀਂ ਕਰ ਸਕਦੇ ਇਸ ਕਰਕੇ ਉਹ ਇਸ ਬਾਰੇ ਗ਼ਲਤ ਅਤੇ ਭੁਲੇਖੇ-ਪਾਊ ਜਾਣਕਾਰੀ ਫੈਲਾਉਂਦੇ ਹਨ। ਸਮਾਜ ਵਿਚ ਇਸ ਵੇਲੇ ਚੱਲ ਰਹੇ ਸੰਘਰਸ਼ ਨੂੰ ਉਹ ਨਵੇਂ ਅਤੇ ਪੁਰਾਣੇ ਵਿਚਕਾਰ ਜਦੋਜਹਿਦ ਨਹੀਂ ਕਹਿੰਦੇ ਸਗੋਂ ਫਰਮਾਉਂਦੇ ਹਨ ਕਿ ਇਹ ਜਦੋਜਹਿਦ "ਜਮਹੂਰੀਅਤ" ਅਤੇ "ਕਮਿਉਨਿਜ਼ਮ" ਵਿਚਕਾਰ ਹੈ, ਅਤੇ ਕਮਿਉਨਿਜ਼ਮ ਦੀ ਤੁਲਨਾਂ ਉਹ "ਏਕਾਧਿਕਾਰਵਾਦ" ਨਾਲ ਕਰਦੇ ਹਨ। ਉਹ ਇਹ ਸੱਭ ਕੁਝ ਬੁਰਜੁਆ ਤਾਨਾਸ਼ਾਹੀ ਦੀ ਹਕੀਕਤ ਵਲੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਕਰਦੇ ਹਨ ਤੇ ਇਹ ਕਹਿਣ ਦਾ ਯਤਨ ਕਰਦੇ ਹਨ ਕਿ ਜਮਹੂਰੀਅਤ ਅਤੇ ਕਮਿਉਨਿਜ਼ਮ ਦਾ ਇਕ ਦੂਸਰੇ ਨਾਲ ਕੋਈ ਮੇਲ ਨਹੀਂ ਸਗੋਂ ਇਕ ਦੂਜੇ ਦੇ ਮੁਖ਼ਾਲਿਫ਼ ਹਨ, ਇਕ ਦੂਜੇ ਦੇ ਉਲਟ ਹਨ।

ਲਿਬਰਲ ਡੈਮੋਕਰੇਸੀ ਨੂੰ ਇਕ ਐਸੇ ਸਿਸਟਮ ਵਜੋਂ ਪੇਸ਼ ਕਰਕੇ, ਕਿ ਇਹ ਸਮਾਜੀ ਤਰੱਕੀ ਦਾ ਅੰਤਮ ਪੜਾਅ ਹੈ ਅਤੇ ਇਸਦਾ ਕੋਈ ਬਦਲ ਨਹੀਂ, ਸਾਮਰਾਜਵਾਦ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਸਾਰੇ ਜਹਾਨ ਉਤੇ ਆਪਣੀ ਚੌਧਰ ਕਾਇਮ ਕਰਨ ਲਈ ਯਤਨਸ਼ੀਲ ਹਨ। ਹਕੀਕਤ ਉਹ ਹੈ ਜੋ ਸਮਾਜੀ ਵਿਕਾਸ ਦੱਸ ਰਿਹਾ ਹੈ ਕਿ ਸਮਾਜ ਆਪਣੇ ਮੌਜੂਦਾ ਪੱਧਰ ਤੋਂ ਅੱਗੇ ਵਧੇਗਾ। ਐਸ ਵੇਲੇ ਇਸ ਦੀ ਬੁਨਿਆਦ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਹੈ। ਇਹ ਅੱਗੇ ਵੱਧ ਕੇ ਲਾਜ਼ਮੀ ਉਸ ਉਚੀ-ਪੱਧਰ ਤੇ ਜਾਵੇਗਾ ਜਿਥੇ ਲੁਟ ਹੋਣ ਵਾਲੀਆਂ ਅਤੇ ਲੁਟ ਕਰਨ ਵਾਲੀਆਂ ਜਮਾਤਾਂ ਨਹੀਂ ਰਹਿਣਗੀਆਂ। ਇਹ ਕਹਿਣਾਂ ਇਕ ਬਹੁਤ ਹੀ ਬੇਥੱਵੀ ਗੱਲ ਹੈ ਕਿ ਸਮਾਜੀ-ਵਿਕਾਸ ਇਹ ਇਸ਼ਾਰਾ ਕਰਦਾ ਹੈ ਕਿ "ਕਮਿਉਨਿਜ਼ਮ" ਦਾ ਸਫ਼ਾਇਆ ਕਰਕੇ "ਜਮਹੂਰੀਅਤ" ਆਵੇਗੀ ਜਾਂ ਜਮਹੂਰੀਅਤ ਦਾ ਸਫ਼ਾਇਆ ਕਰਕੇ ਕਮਿਉਨਿਜ਼ਮ ਆਵੇਗਾ। ਅਤੇ ਇਹ ਕਹਿਣਾਂ ਵੀ ਉਤਨੀ ਹੀ ਵੱਡੀ ਬੇਵਕੂਫ਼ੀ ਹੈ ਕਿ ਸਮਾਜੀ-ਵਿਕਾਸ ਦਾ ਰਸਤਾ ਲਿਬਰਲ ਡੈਮੋਕਰੇਸੀ ਹੈ। ਉਹ ਚੀਜ਼ ਜਿਹੜੀ ੧੯ਵੀਂ ਸਦੀ ਦੀ ਸਾਮਰਾਜ-ਉਸਾਰੀ ਨਾਲ ਮੇਚ ਖਾਂਦੀ ਸੀ ਤੇ ਹਾਲੇ ਤੱਕ ਨਵੇਂ ਦੇ ਮੁਕਾਬਲੇ ਤੇ ਅੜੀ ਰਹਿਣ ਲਈ ਬਜ਼ਿਦ ਹੈ, ਸਮਾਜ ਨੂੰ ਤਰੱਕੀ ਵੱਲ ਕਿਵੇਂ ਤੋਰ ਸਕਦੀ ਹੈ? ਪੁਰਾਣੇ ਬਸਤੀਵਾਦੀਆਂ ਅਤੇ ਸਾਮਰਾਜ-ਘਾੜਿਆਂ ਦੇ ਦਕੀਆਨੂਸੀ ਸਿਧਾਂਤਾ ਦਾ ਪੱਲਾ ਨਾਂ ਛੱਡਣ ਕਰਕੇ ਹੀ ਸਮੱਸਿਆ ਕਾਇਮ ਖੜੀ ਹੈ। ਸਾਰੇ ਜਹਾਨ ਦੇ ਲੋਕ ਬਸਤੀਵਾਦੀ ਯੁਗ ਦਾ ਫਾਹਾ ਵੱਢ ਕੇ ਐਸੇ ਸਿਸਟਮ ਬਣਾਉਣ ਵਿਚ ਲੱਗੇ ਹੋਏ ਹਨ ਜੋ ਸਾਰੇ ਮੁਲਕਾਂ ਦੇ ਮਜ਼ਦੂਰਾਂ ਅਤੇ ਲੋਕਾਂ ਦੀਆਂ ਲੋੜਾਂ ਅਤੇ ਉਦੇਸ਼ਾਂ ਦੀ ਪੂਰਤੀ ਕਰਨ। ਇਹ ਜ਼ਿਦ ਕਰੀ ਜਾਣਾਂ ਕਿ ਲਿਬਰਲ ਡੈਮੋਕਰੇਸੀ ਕੋਈ ਨਵੀਂ ਚੀਜ਼ ਹੈ,

ਐਵੇਂ ਫਜ਼ੂਲ ਗੱਲ ਹੈ। ਇਹ ਅੱਜ ਦੇ ਜ਼ਮਾਨੇ ਲਈ ਢੁਕਵੀਂ ਨਹੀਂ ਹੈ ਤੇ ਸਮੇਂ ਦੀ ਲੋੜ ਤੇ ਪੂਰੀ ਨਹੀਂ ਉਤਰਦੀ। ਇਨਸਾਨੀ ਵਿਕਾਸ ਦੇ ਇਸ ਸਮੇਂ ਵਿਚ ਲਿਬਰਲ ਡੈਮੋਕਰੇਸੀ ਨੂੰ ਕਾਇਮ ਰੱਖਣ ਉਤੇ ਅੜੇ ਰਹਿਣਾਂ, ਪੂਰੀ ਤਰ੍ਹਾਂ ਪਿਛੇ-ਖਿੱਚੂ ਹੋਣਾਂ ਹੈ।

ਮੋਟੇ ਤੌਰ ਤੇ ਵੇਖੀਏ ਤਾਂ ਜਮਹੂਰੀਅਤ, ਜਮਾਤਾਂ ਵਿਚ ਵੰਡੇ ਹੋਏ ਸਮਾਜਾਂ ਦਾ ਇਕ ਲੱਛਣ ਹੈ। ਜਮਹੂਰੀਅਤ ਦਾ ਰੂਪ ਵੀ ਜਮਾਤਾਂ ਦੀ ਹੋਂਦ ਅਨੁਸਾਰ ਬਦਲਦਾ ਰਹਿੰਦਾ ਹੈ। ਮਿਸਾਲ ਦੇ ਤੌਰ ਤੇ, ਗੁਲਾਮ-ਸਿਸਟਮ ਉਤੇ ਅਧਾਰਤ ਗਰੀਕ ਜਮਹੂਰੀਅਤ ਉਸ ਵੇਲੇ ਦੇ ਸਮਾਜ ਵਿਚਲੀਆਂ ਜਮਾਤਾਂ ਦੀ ਬਣਤਰ ਅਨੁਸਾਰ ਪੈਦਾ ਹੋਈ ਅਤੇ ਖ਼ਤਮ ਹੋ ਗਈ। ਕਹਿਣ ਦਾ ਭਾਵ ਇਹ ਹੈ ਕਿ ਕੋਈ ਵੀ ਜਮਹੂਰੀਅਤ ਜਮਾਤਾਂ ਤੋਂ ਬੇਲਾਗ ਨਹੀਂ ਹੋ ਸਕਦੀ, ਜਿਵੇਂ ਬੁਰਜੁਆਜ਼ੀ ਢੌਂਗ ਕਰਦੀ ਹੈ, ਕਿਉਂਕਿ ਇਹ ਜਮਾਤਾਂ ਵਿਚ ਵੰਡੇ ਹੋਏ ਸਮਾਜ ਦਾ ਇਕ ਲੱਛਣ ਹੁੰਦਾ ਹੈ।

ਜਦੋਂ ਬੁਰਜੁਆਜ਼ੀ ਨੇ ਜਾਗੀਰਦਾਰੀ ਨੂੰ ਉਲਟਾਇਆ ਸੀ ਤਾਂ ਇਸ ਦੀ ਥਾਂ ਇਸ ਨੇ ਆਪਣੀ ਇਕ ਵਿਸ਼ੇਸ਼ ਰੂਪ ਦੀ ਜਮਹੂਰੀਅਤ ਕਾਇਮ ਕੀਤੀ ਜਿਸ ਵਿਚ ਸਿਆਸੀ ਤਾਕਤ ਦਾ ਅਧਾਰ ਨਿਜੀ-ਜਾਇਦਾਦ ਦੀ ਰਾਖੀ ਹੈ। ਪੈਦਾਵਾਰ ਦੇ ਸਾਧਨਾਂ ਦੀ ਨਿਜੀ-ਮਾਲਕੀ ਬੁਰਜੂਆ ਸਮਾਜ ਦੀ ਬੁਨਿਆਦ ਹੈ। ਲਿਬਰਲ ਡੈਮੋਕਰੇਸੀ, ਬਸਤੀਵਾਦ ਦੇ ਜ਼ਮਾਨੇ ਅਤੇ ਸਾਮਰਾਜ-ਉਸਾਰੀ ਦੇ ਜ਼ਮਾਨੇ ਦੇ ਬਿਲਕੁਲ ਅਨੁਕੂਲ ਸੀ ਅਤੇ ਬਸਤੀਵਾਦੀ ਜ਼ਮਾਨੇ ਵਿਚ ਸਾਰੇ ਜਹਾਨ ਅੰਦਰ ਯੋਰਪੀਅਨ ਮਾਡਲ ਤੇ ਅਧਾਰਤ ਨੇਸ਼ਨ ਸਟੇਟਾਂ ਕਾਇਮ ਕਰਨ ਦੀ ਵਕਾਲਤ ਕਰਦੀ ਸੀ। ਜਦੋਂ ਪੂੰਜੀਵਾਦ ਅਜਾਰੇਦਾਰਾ ਪੂੰਜੀਵਾਦ ਵਿਚ ਬਦਲ ਗਿਆ ਤਾਂ ਬੁਰਜੁਆਜ਼ੀ ਦੇ ਧੜਿਆਂ ਵਿਚਕਾਰ ਵੀ ਲਿਬਰਲਵਾਦੀ ਵਿਹਾਰ ਦਾ ਭੋਗ ਪੈ ਗਿਆ ਤੇ ਇਸਦੀ ਥਾਂ ਸਖ਼ਤ ਮੁਕਾਬਲੇਬਾਜ਼ੀ ਨੇ ਲੈ ਲਈ। ਮੰਡੀਆਂ ਉਤੇ ਕਬਜ਼ਿਆਂ ਲਈ, ਪੂੰਜੀ ਬਾਹਰਲੇ ਥਾਵੀਂ ਲਾਉਣ ਲਈ, ਸਸਤੀ ਮਜ਼ਦੂਰੀ ਅਤੇ ਕੱਚਾ ਮਾਲ ਕਾਬੂ ਕਰਨ ਲਈ, ਇਨ੍ਹਾਂ ਦੀ ਆਪਸ ਵਿਚ ਜੁੱਤੀ ਖੜਕਣ ਲੱਗ ਪਈ ਤੇ ਲੜਾਈ ਤਿਖੀ ਹੋ ਗਈ।

ਪੂੰਜੀਵਾਦ ਵਾਸਤੇ ਸੋਸ਼ਲ ਡੈਮੋਕਰੇਸੀ ਲਾਭਕਾਰੀ ਹੈ ਤੇ ਇਸਨੂੰ ਸੋਸ਼ਲ ਡੈਮੋਕਰੇਸੀ ਦੀ ਲੋੜ ਹੈ। ਉਸ ਸਿਸਟਮ ਦੇ ਇਹ ਬਿਲਕੁਲ ਅਨੁਕੂਲ ਹੈ ਜਿਥੇ ਤਾਕਤ ਸਾਂਭੀ ਬੈਠੀ ਸਮੁਚੀ ਬੁਰਜੁਆ ਜਮਾਤ ਨੇ ਆਪਣੇ ਸਾਂਝੇ ਹਿੱਤ ਅੱਗੇ ਲਿਜਾਣ ਲਈ ਆਰਥਕਤਾ ਦੇ ਸਟੇਟ ਸੈਕਟਰ ਨੂੰ ਆਪਣੇ ਹੱਥੀਂ ਲੈ ਲਿਆ ਹੋਵੇ। ਬੁਰਜੁਆਜ਼ੀ ਨੂੰ ਮੌਤ ਦੇ ਮੂੰਹੋਂ ਬਚਾਉਣ ਲਈ ਇਥੇ ਸੋਸ਼ਲ ਡੈਮੋਕਰੇਸੀ ਕੰਮ ਆਉਂਦੀ ਹੈ। ਇਹ ਅਜੇਹਾ ਰਾਜ ਹੈ ਜੋ ਜਿਥੇ ਵੀ ਹੋ ਸਕੇ ਜਮਾਤੀ ਵਿਰੋਧ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਬੁਰਜੁਆਜ਼ੀ ਦੀਆਂ ਆਪਣੀਆਂ ਸਫ਼ਾਂ ਅੰਦਰ ਵੀ ਅਤੇ ਬੁਰਜੁਆਜ਼ੀ ਅਤੇ ਮਜ਼ਦੂਰ ਜਮਾਤ ਵਿਚਕਾਰ ਵੀ। ਅਤੇ ਕਰਦਾ ਸਾਰੀ ਗੱਲ ਮਜ਼ਦੂਰ ਜਮਾਤ ਦੇ ਨੁਕਸਾਨ ਵਿਚ ਹੈ। ਸੰਕਟ ਦੇ ਸਮੇਂ ਜਦ ਕਦੇ ਬੁਰਜੁਆਜ਼ੀ ਜਮਾਤੀ ਵਿਰੋਧਾਂ ਨੂੰ ਠੰਡਾ ਕਰਨ ਵਿਚ ਸਫਲ ਨਹੀਂ ਹੁੰਦੀ, ਖਾਸ ਕਰ ਉਹ ਵਿਰੋਧਤਾਈਆਂ ਜੋ ਮਜ਼ਦੂਰ ਜਮਾਤ ਜਾਂ ਲੋਕਾਂ ਦੇ ਵਿਦਰੋਹ ਨਾਲ ਉਠਦੀਆਂ ਹਨ, ਤੱਦ ਇਹ ਮੁਲਕ ਅੰਦਰ ਫ਼ਾਸ਼ੀਵਾਦ ਦਾ ਆਸਰਾ ਲੈਂਦੀ ਹੈ ਅਤੇ ਮੁਲਕੋਂ ਬਾਹਰ ਜੰਗਾਂ ਅਤੇ ਹਮਲਿਆਂ ਦੇ ਰਾਹ ਪੈਂਦੀ ਹੈ। ਦਇਆਵਾਨ ਬੁਰਜੁਆ ਜਮਹੂਰੀਅਤ ਨਾਮ ਦੀ ਐਸੀ ਕੋਈ ਸ਼ੈਅ ਨਹੀਂ ਜੋ ਪੂੰਜੀਪਤੀਆਂ ਦੇ ਜਮਾਤੀ ਹਿਤਾਂ ਤੋਂ ਆਜ਼ਾਦ ਹੋਵੇ ਅਤੇ "ਇਨਸਾਨ-ਪ੍ਰਸਤ" ਅਤੇ "ਘੱਟ ਬੁਰੀ" ਹੋਵੇ।

ਮਜ਼ਦੂਰ ਜਮਾਤ ਦੀ ਆਪਣੀ ਇਕ ਵੱਖਰੀ ਕਿਸਮ ਦੀ ਜਮਹੂਰੀਅਤ ਹੈ। ਇਸ ਜਮਹੂਰੀਅਤ ਅੰਦਰ ਸਮਾਜੀ ਢਾਂਚੇ ਦਾ ਅਧਾਰ ਸਮਾਜਕ ਬਣ ਚੁਕੀ ਜਾਇਦਾਦ ਹੁੰਦਾ ਹੈ ਤੇ ਇਹੋ ਸਿਆਸੀ ਤਾਕਤ ਦੀ ਬੁਨਿਆਦ ਹੈ। ਇਸ ਨੂੰ ਪ੍ਰੋਲੇਤਾਰੀ ਜਮਹੂਰੀਅਤ ਕਹਿੰਦੇ ਹਨ। ਇਹ ਜਮਹੂਰੀਅਤ ੧੯੧੭ ਦੇ ਮਹਾਨ ਅਕਤੂਬਰ ਇਨਕਲਾਬ ਰਾਹੀਂ ਹੋਂਦ ਵਿਚ ਆਈ। ਪੂੰਜੀਵਾਦੀ ਸਿਸਟਮ ਅਤੇ ਸਮਾਜਵਾਦੀ ਸਿਸਟਮ ਵਿਚਕਾਰ, ਅਤੇ ਬੁਰਜੂਆ ਜਮਹੂਰੀਅਤ ਅਤੇ ਪ੍ਰੋਲੇਤਾਰੀ ਜਮਹੂਰੀਅਤ ਵਿਚਕਾਰ ਬੇਰੋਕ ਸੰਘਰਸ਼ ਚਲਦਾ ਹੈ ਅਤੇ ਮੌਜੂਦਾ ਯੁਗ ਦਾ ਇਕ ਜਮਾਂਦਰੂ ਲੱਛਣ ਹੈ। ਬੁਰਜੂਆ ਜਮਹੂਰੀਅਤ ਦਿਨੋਂ ਦਿਨ ਬਦਨਾਮ ਹੋ ਰਹੀ ਹੈ ਕਿਉਂਕਿ ਵੇਲੇ ਦੀ ਲੋੜ ਦੇ ਬਿਲਕੁਲ ਉਲਟ, ਬੁਰਜੁਆਜ਼ੀ ਤਾਕਤ ਨੂੰ ਐਂਵੇ ਹੀ ਚੰਬੜੀ ਹੋਈ ਹੈ। ਬੁਰਜੁਆ ਜਮਹੂਰੀਅਤ ਅੰਦਰ ਸਿਆਸੀ ਪਾਰਟੀਆਂ ਦਾ ਰੋਲ ਸਿਰਫ਼ ਬੁਰਜੁਆਜ਼ੀ ਦੀ ਸਿਆਸੀ ਤਾਕਤ ਦੀ ਦਰਬਾਨੀ ਕਰਨਾਂ ਹੈ। ਲੋਕਾਂ ਉਤੇ ਬੁਰਜੁਆਜ਼ੀ ਦੀ ਤਾਨਾਸ਼ਾਹੀ ਠੋਸੀ ਰੱਖਣ ਲਈ ਚੋਣ-ਕਾਨੂੰਨਾਂ ਵਿਚ ਦਿਨੋਂ ਦਿਨ ਹੋਰ ਵੀ ਵਿਨਾਸ਼ਕਾਰੀ ਤਰੀਕੇ ਵਰਤ ਕੇ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਸਮਾਜ ਲਈ ਵੱਡੀਆਂ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ ਅਤੇ ਲੋਕਾਂ ਨਾਲ ਬੇਇਨਸਾਫ਼ੀ ਵਧਦੀ ਹੈ, ਬਦਅਮਨੀ ਹੁੰਦੀ ਹੈ ਤੇ ਸਮਾਜਕ ਤੇ ਕੁਦਰਤੀ ਵਾਤਾਵਰਣ ਵਿਗੜਦਾ ਹੈ। ਬੁਰਜੁਆਜ਼ੀ ਇਸ ਹੱਦ ਤੱਕ ਮਰਨ ਕਿਨਾਰੇ ਅੱਪੜੀ ਹੋਈ ਹੈ ਕਿ ਜੇ ਇਹ ਸਮਾਜ ਦੀ ਤਰੱਕੀ ਦੇ ਦਰਵਾਜ਼ੇ ਬੰਦ ਨਹੀਂ ਰੱਖਦੀ ਤਾਂ ਬੱਚ ਨਹੀਂ ਸਕਦੀ। ਬੁਰਜੁਆਜ਼ੀ ਜੇ ਇਹ ਅਸਲੀਅਤ ਤਸਲੀਮ ਕਰ ਲਵੇ ਕਿ ਇਸ ਦੀ ਜਮਹੂਰੀਅਤ ਵੇਲੇ ਦੇ ਹਾਣ ਦੀ ਨਹੀਂ ਰਹੀ ਤਾਂ ਇਹ ਆਪਣਾਂ ਅੰਤ ਤਸਲੀਮ ਕਰਨਾ ਹੋਵੇਗਾ, ਜੋ ਇਹ ਕਦੇ ਨਹੀਂ ਕਰੇਗੀ। ਇਸ ਦੇ ਉਲਟ ਇਹ ਇਕ ਖ਼ਿਆਲੀ ਜਮਹੂਰੀਅਤ ਦੇ ਗੁਣ ਗਾਈ ਜਾਂਦੀ ਹੈ ਜਿਸ ਦਾ ਅਸਲ ਵਿਚ ਕੋਈ ਅਰਥ ਨਹੀਂ, ਜਿਸ ਦਾ ਕੋਈ ਤੱਤ ਨਹੀਂ। ਇਹ ਆਸ ਕਰਦੀ ਹੈ ਕਿ ਮਹਿਜ਼ ਇਕ ਕਲਪਨਾਂ ਦੇ ਅਧਾਰ ਤੇ ਇਹ ਲੋਕਾਂ ਨੂੰ ਕਮਿਉਨਿਜ਼ਮ ਵਿਰੁਧ ਲੜਨ ਲਈ ਉਕਸਾ ਸਕਦੀ ਹੈ। ਇਹ ਇਸ ਗੱਲ ਨੂੰ ਤਾਂ ਠੀਕ ਸਮਝਦੀ ਹੈ ਕਿ ਸਮਾਜ ਨੂੰ ਮੱਧ-ਕਾਲੀਨਵਾਦ ਵੱਲ ਮੁੜ ਕੇ ਧੱਕ ਦਿਤਾ ਜਾਏ ਜਿਥੇ ਵੱਡੇ-ਵੱਡੇ ਧਨਾਡ ਪੂੰਜੀਪਤੀ ਸਾਰੇ ਮੁਲਕ ਦੇ ਚੌਧਰੀ ਹੋਣ ਅਤੇ ਬਾਕੀ ਸਾਰੇ ਲੋਕੀ ਉਨ੍ਹਾਂ ਦਾ ਪਾਣੀ ਭਰਨ, ਪਰ ਇਸ ਨੂੰ ਇਹ ਮਨਜ਼ੂਰ ਨਹੀਂ ਕਿ ਸੁਸਾਇਟੀ ਪੂੰਜੀਵਾਦ ਤੋਂ ਸਮਾਜਵਾਦ ਵੱਲ ਤਰੱਕੀ ਕਰ ਜਾਵੇ।

ਸਮਾਜ ਨੂੰ ਇਕ ਪੜਾਅ ਤੋਂ ਤਰੱਕੀ ਦੀ ਅਗਲੀ ਮੰਜ਼ਲ ਵੱਲ ਲਿਜਾਣ ਵਾਲੇ ਹਰੇਕ ਮਹਾਨ ਇਨਕਲਾਬ ਨਾਲ ਕੁਝ ਅਜਿਹੀਆਂ ਠੋਸ ਤੇ ਵਾਸਤਵਿਕ ਤਬਦੀਲੀਆਂ ਆਉਂਦੀਆਂ ਹਨ ਜੋ ਅੰਤਰਮੁਖੀ ਪਾਸੇ ਨੂੰ ਵੀ ਪ੍ਰਭਾਵਤ ਕਰਦੀਆਂ ਹਨ। ਇਨ੍ਹਾਂ ਵਿਚੋਂ ਕੁਝ ਤਬਦੀਲੀਆਂ ਅਮੋੜ ਹੋ ਨਿਬੜਦੀਆਂ ਹਨ। ਪੂੰਜੀਵਾਦ ਦਾ ਪੈਦਾ ਕੀਤਾ ਹੋਇਆ ਪੈਦਾਵਾਰ ਦਾ ਸਮਾਜੀਕਰਣ ਅਤੇ ਸਮਾਜਵਾਦ ਰਾਹੀਂ ਇਸ ਦੀ ਹੋਰ ਤਰੱਕੀ, ਇਕ ਅਮੋੜ ਸ਼ੈਅ ਹੈ। ਅੱਜ ਦੀ ਅਧੋਗਤੀ ਕਰਕੇ ਸ਼ਾਇਦ ਇਸ ਤਰ੍ਹਾਂ ਲੱਗੇ ਕਿ ਸਾਮੰਤਵਾਦ ਅਤੇ ਪੂੰਜੀਵਾਦ ਖ਼ਿਲਾਫ਼ ਜਦੋਜਹਿਦ ਦੀ ਸਾਰੀ ਪ੍ਰਾਪਤੀ ਖੁਸ ਗਈ ਹੈ ਤੇ ਕੁਝ ਬਾਕੀ ਨਹੀਂ ਰਿਹਾ, ਪਰ ਦਰਅਸਲ ਇਹੋ ਜਿਹੀ ਕੋਈ ਗੱਲ ਨਹੀਂ। ਮਜ਼ਦੂਰ ਜਮਾਤ, ਜਿਸਦੀ ਇਤਿਹਾਸਕ ਤਕਦੀਰ ਸਮਾਜਵਾਦ ਉਸਾਰਨਾਂ ਹੈ, ਅਲੋਪ ਨਹੀਂ ਹੋ ਗਈ, ਅਤੇ ਨਾਂ ਹੀ ਵਾਸਤਵਿਕ ਤੇ ਅੰਤਰਮੁਖੀ ਸੰਸਾਰ ਦੇ ਉਹ ਅਨੇਕਾਂ ਲੱਛਣ ਖ਼ਤਮ ਹੋ ਗਏ ਹਨ ਜੋ ਨਵੇਂ ਯੁਗ ਦੇ ਹਰਕਾਰੇ ਹਨ। ਜਿਸ ਵੇਲੇ ਤੋਂ ਪੂੰਜੀਵਾਦ ਅਜਾਰੇਦਾਰਾ ਪੂੰਜੀਵਾਦ ਦੀ ਸਟੇਜ ਵਿਚ ਦਾਖ਼ਲ ਹੋਇਆ ਹੈ - ਜੋ ਦੂਸਰਿਆਂ ਦੀ ਲੁਟ ਦੇ ਸਿਰ ਪਲਣ ਅਤੇ ਅਧੋਗਤੀ ਦੀ ਸਟੇਜ ਹੈ ਤੇ ਇਹ ਆਪਣੇ ਅੰਤ ਦੇ ਨੇੜੇ ਹੈ ਅਤੇ ਕਬਰ ਵਿਚ ਧੱਕ ਦਿਤੇ ਜਾਣ ਲਈ ਤਿਆਰ ਹੈ- ਉਸ ਵੇਲੇ ਤੋਂ ਲੈ ਕੇ ਪਿਛਲੇ ਸੌ ਸਾਲਾਂ ਦੇ ਵਾਕਿਆਤ, ਖ਼ਾਸ ਕਰ ੧੯੧੭ ਦੇ ਮਹਾਨ ਅਕਤੂਬਰ ਇਨਕਲਾਬ ਦੇ ਸਿਟੇ ਵਜੋਂ ਹੋਈ ਤਰੱਕੀ, ਇਹ ਸਾਫ਼ ਵਿਖਾਉਂਦੇ ਹਨ ਕਿ ਪੁਰਾਣੇ ਯੁਗ ਨੂੰ ਨਵੇਂ ਨੇ ਸ਼ਰੇਆਮ ਲਲਕਾਰ ਦਿਤਾ ਹੈ ਤੇ ਨਵਾਂ ਹੁਣ ਪਿਛੇ ਹੱਟਣ ਵਾਲਾ ਨਹੀਂ। ਮਾਰਕਸਵਾਦ-ਲੈਨਿਨਵਾਦ ਦਾ ਸਿਧਾਂਤ ਅਤੇ ਉਨ੍ਹਾਂ ਸਿਆਸੀ ਪਾਰਟੀਆਂ ਦੀ ਹੋਂਦ ਜੋ ਆਪਣੀ ਸੋਚਣੀ ਲਈ ਇਸ ਤੋਂ ਸੇਧ ਲੈਂਦੀਆਂ ਹਨ, ਇਸ ਨਵੇਂ ਦੇ ਦੋ ਮਹੱਤਵਪੂਰਨ ਫ਼ਲ ਹਨ ਜਿਨ੍ਹਾਂ ਦਾ ਮੁਖ ਕੰਮ ਅੱਜ ਤੱਕ ਦੀਆਂ ਇਤਹਾਸਕ ਸਫ਼ਲਤਾਵਾਂ ਨੂੰ ਸਦੀਵੀ ਜਿਤ ਵਿਚ ਬਦਲਣਾਂ ਹੈ।

ਪੁਰਾਣਾਂ ਬਸਤੀਵਾਦ ਢਹਿ ਚੁੱਕਾ ਹੈ। ਤਕਰੀਬਨ ਸਾਰੇ ਹੀ ਮੁਲਕ ਰਸਮੀ ਤੌਰ ਤੇ ਆਜ਼ਾਦੀ ਹਾਸਲ ਕਰ ਚੁਕੇ ਹਨ। ਦੱਬੀਆਂ ਹੋਈਆਂ ਕੌਮਾਂ ਅਤੇ ਲੋਕ ਨਵ-ਬਸਤੀਵਾਦ, ਕੌਮੀ-ਜਬਰ ਅਤੇ ਗ਼ੁਲਾਮੀ ਦੇ ਹਰੇਕ ਰੂਪ ਦੇ ਖ਼ਿਲਾਫ਼ ਲੜਦੇ ਆ ਰਹੇ ਹਨ। ਮਜ਼ਦੂਰ ਜਮਾਤ ਨੇ ਉਜਰਤ-ਗੁਲਾਮੀ ਖ਼ਤਮ ਕਰਨ, ਸਮਾਜਵਾਦ ਉਸਾਰਨ ਅਤੇ ਬੰਦੇ ਹੱਥੋਂ ਬੰਦੇ ਦੀ ਲੁਟ ਦਾ ਅੰਤ ਕਰਨ ਦੀ ਪੱਕੀ ਠਾਨ ਲਈ ਹੈ। ਲੋਕੀ ਮੰਗ ਕਰ ਰਹੇ ਹਨ ਕਿ ਸਮਾਜੀ ਅਤੇ ਕੁਦਰਤੀ ਵਾਤਾਵਰਨ ਇਨਸਾਨ-ਪ੍ਰਸਤ ਬਣੇ ਤਾਂ ਕਿ ਹਰ ਤਰ੍ਹਾਂ ਦਾ ਵਿਤਕਰਾ, ਗੁਲਾਮੀ, ਤੰਗੀ-ਤੁਰਸ਼ੀ ਅਤੇ ਇਨ੍ਹਾਂ ਕਰਕੇ ਪੈਦਾ ਹੋਣ ਵਾਲੇ ਹੋਰ ਖ਼ਤਰੇ ਮੁਕ ਜਾਣ। ਨਵੇਂ ਦੀ ਤਾਕਤ ਅਜੇਹੀ ਕਮਾਲ ਦੀ ਹੈ ਕਿ ਅੰਤਾਂ ਦੇ ਪਿਛਾਖੜ ਅਤੇ ਗਲੇ-ਸੜੇ ਅੰਸਰ ਵੀ ਆਪਣੇ ਆਪ ਨੂੰ ਬੜੇ ਤਰੱਕੀ-ਪਸੰਦ ਅਤੇ ਇਨਕਲਾਬੀ ਰੰਗਾਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਥੋਂ ਤੱਕ ਕਿ ਸਾਬਕਾ ਸੋਵੀਅਤ ਯੂਨੀਅਨ ਅਤੇ ਸਾਬਕਾ ਲੋਕ-ਜਮਹੂਰੀਅਤਾਂ ਅੰਦਰਲੇ ਉਲਟ-ਇਨਕਲਾਬੀਆਂ ਨੂੰ ਵੀ ਇਹ ਇਨਕਲਾਬੀ ਆਖਦੇ ਹਨ। ਕਨੇਡਾ ਵਿਚ ਹੈਰਸ ਦੀ ਔਨਟਾਰੀਓ ਵਿਚ ਛੇੜੀ ਹੋਈ ਸਮਾਜ-ਵਿਰੋਧੀ ਮੁਹਿੰਮ ਨੂੰ ਇਹ "ਆਮ-ਸੂਝ ਦਾ ਇਨਕਲਾਬ" ਕਹਿੰਦੇ ਹਨ। ਰੀਫੌਰਮ ਪਾਰਟੀ ਆਪਣੇ ਪਿਛਾਂਹ-ਖਿੱਚੂ ਪਲੇਟਫਾਰਮ ਬਾਰੇ ਦਾਅਵਾ ਕਰ ਰਹੀ ਹੈ ਕਿ ਇਹ ਇਕ ਇਨਕਲਾਬੀ ਅਤੇ "ਨਵਾਂ ਆਰੰਭ" ਹੈ।

ਨਕਲੀ-ਸਮਾਜਵਾਦ ਅਤੇ ਸੋਸ਼ਲ ਡੈਮੋਕਰੇਸੀ ਵਲੋਂ ਜਮਾਤੀ-ਵਿਰੋਧਾਂ ਨੂੰ ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦੇ ਹੱਕ ਵਿਚ ਠੰਡੇ ਕਰਨ ਦੇ ਸਾਰੇ ਯਤਨਾਂ ਦੀ ਅਸਫਲਤਾ ਸਮੇਤ, ੨੦ਵੀਂ ਸਦੀ ਦੇ ਹੋਰ ਸਾਰੇ ਹੀ ਵਾਕਿਆਤ ਇਕ ਸੋਸ਼ਲਿਸਟ ਸਮਾਜ ਦੀ ਪੈਦਾਇਸ਼ ਵੱਲ ਇਸ਼ਾਰਾ ਕਰ ਰਹੇ ਹਨ। ਪੂੰਜੀਵਾਦੀ ਸਮਾਜ ਦੀ ਤਹਿ ਵਿਚ ਇਕ ਨਵੀਂ, ਉਭਰ ਰਹੀ, ਸੱਭ ਤੋਂ ਵੱਧ ਉਤਪਾਦਕ ਸ਼ਕਤੀ, ਮਜ਼ਦੂਰ ਜਮਾਤ ਹੈ। ਇਸ ਨਵੀਂ ਬਲਕਾਰੀ ਸ਼ਕਤੀ ਨੂੰ ਕੁਚਲਣ ਅਤੇ ਲੁੱਟਣ ਅਤੇ ਸੰਸਾਰ ਦੀ ਤਰੱਕੀ ਵਿਚ ਇਸ ਨੂੰ ਆਪਣਾ ਰੋਲ ਨਾਂ ਅਦਾ ਕਰਨ ਦੇਣ ਦੇ ਜ਼ਿੰਮੇਵਾਰ ਉਹ ਪੁਰਾਣੇ ਉਤਪਾਦਕੀ ਰਿਸ਼ਤੇ ਹਨ ਜੋ ਪੂੰਜੀਵਾਦੀ ਜਮਾਤ ਦੀ ਸਿਆਸੀ ਤਾਕਤ ਦੇ ਜ਼ੋਰ ਕਾਇਮ ਰੱਖੇ ਗਏ ਹਨ। ਪੁਰਾਣੇ ਅਤੇ ਨਵੇਂ ਵਿਚਕਾਰ ਸੰਘਰਸ਼ ਪ੍ਰਤੱਖ ਹੈ। ਇਕ ਪਾਸੇ ਲੁਟੇਰੇ ਹਨ ਜਿਨ੍ਹਾਂ ਦੀ ਅਗਵਾਈ ਪੂੰਜੀਵਾਦੀ ਜਮਾਤ ਕਰਦੀ ਹੈ, ਦੂਸਰੇ ਪਾਸੇ ਲੁਟ ਹੋਣ ਵਾਲੇ ਲੋਕ ਹਨ ਜਿਨ੍ਹਾਂ ਦੀ ਆਗੂ ਮਜ਼ਦੂਰ ਜਮਾਤ ਹੈ। ਇਸ ਸੰਘਰਸ਼ ਦਾ ਹੱਲ, ਸਿਆਸੀ ਤਾਕਤ ਲਈ ਇਸ ਲੜਾਈ ਦਾ ਹੱਲ - ਅਤੇ ਇਸ ਬਾਅਦ ਨਵੇਂ ਉਤਪਾਦਕੀ ਰਿਸ਼ਤਿਆਂ ਦੀ ਸਥਾਪਤੀ ਜੋ ਪਹਿਲਾਂ ਹੀ ਸਮਾਜੀ ਹੋ ਚੁਕੀ ਉਤਪਾਦਕੀ ਕਿਰਿਆ ਦੇ ਅਨੁਕੂਲ ਹੋਣਗੇ- ਸਮਾਜਵਾਦ ਵੱਲ ਤੋਰਦੇ ਹਨ ਤੇ ਫਿਰ ਹੋਰ ਅਗਾਂਹ ਸਾਮਵਾਦ ਵੱਲ। ਇਸ ਸਾਰੇ ਵੈਰ-ਵਿਰੋਧ ਨੂੰ ਖ਼ਤਮ ਕਰਨ ਤੋ, ਇਸ ਜਮਾਤੀ-ਦੁਸ਼ਮਣੀ ਨੂੰ ਖ਼ਤਮ ਕਰਨ ਤੋਂ, ਜੰਗ ਅਤੇ ਮੌਤ ਦੇ ਖ਼ਤਰੇ ਨੂੰ ਮੁਕਾਉਣ ਤੋਂ, ਕੋਈ ਕਿਉਂ ਇਨਕਾਰ ਕਰੇਗਾ ਜੇ ਅਗਲੇ ਨੂੰ ਪੂੰਜੀਵਾਦੀ ਨਿਜ਼ਾਮ ਕਾਇਮ ਰੱਖੀ ਰੱਖਣ ਵਿਚ ਕੋਈ ਲਾਭ ਨਾਂ ਹੋਣਾਂ ਹੋਵੇ? ਆਧੁਨਿਕ ਕਮਿਊਨਿਜ਼ਮ ਨੂੰ ਤਬਾਹ ਕਰਨ ਦੀ ਉਨ੍ਹਾਂ ਦੀ ਖ਼ਾਹਿਸ਼ ਦਰਅਸਲ ਸਮਾਜ ਦੀ ਸਾਰੀ ਤਰੱਕੀ ਨੂੰ ਤਬਾਹ ਕਰਨ ਦੀ ਖ਼ਾਹਿਸ਼ ਹੈ ਜੋ ਮੱਧ-ਕਾਲੀਨਵਾਦ ਉਤੇ ਜਿਤ ਪ੍ਰਾਪਤ ਕਰਕੇ ਸਮਾਜ ਨੇ ਹੁਣ ਤੱਕ ਕੀਤੀ ਹੈ। ਇਹ ਖ਼ਾਹਿਸ਼, ਇਸ ਸਾਰੀ ਪ੍ਰਾਪਤੀ ਨੂੰ ਇਕ ਸਦੀਵੀ ਜਿਤ ਵਿਚ ਬਦਲ ਹੋਣ ਤੋਂ ਰੋਕਣ ਦੀ ਖ਼ਾਹਿਸ਼ ਹੈ।

ਪੂੰਜੀਵਾਦੀ ਯੁੱਗ ਵਿਚ ਵੀ ਸਾਮੰਤਵਾਦੀ ਦੌਰ ਦੇ ਕਈ ਲੱਛਣ ਅਜੇ ਮੌਜੂਦ ਹਨ। ਇਸ ਦਾ ਸਮਾਨਤਾ ਦਾ ਸੰਕਲਪ ਸਾਮੰਤਵਾਦੀ ਜ਼ਮਾਨੇ ਦੀ ਵਿਸ਼ੇਸ਼-ਰਿਆਇਤਾਂ ਦੇਣ ਦੀ ਸੋਚ ਉਤੇ ਅਧਾਰਤ ਹੈ ਜਿਸ ਅਨੁਸਾਰ ਕਈਆਂ ਨੂੰ ਬਾਕੀਆਂ ਨਾਲੋਂ "ਬਹੁਤੇ-ਹੱਕ" ਹਨ। ਵਿਰਾਸਤ ਦਾ ਕਾਨੂੰਨ, ਜਾਇਦਾਦ ਅਤੇ ਸਮਾਜੀ ਅਹੁਦਿਆਂ ਦਾ ਖੂਨ ਦੇ ਰਿਸ਼ਤਿਆਂ ਦੇ ਅਧਾਰ ਉਤੇ ਕੁਝ ਹੀ ਹੱਥਾਂ ਵਿਚ ਰਹਿਣਾਂ, "ਪੇਸ਼ਾ" ਜਾਂ ਅਹੁਦਾ ਔਲਾਦ ਦੇ ਹਵਾਲੇ ਕਰਨਾ, ਅਤੇ ਸਾਰੇ ਸਮਾਜ ਨੂੰ ਕੁਝ ਕੁ ਚੌਧਰੀਆਂ ਦੀ ਖ਼ਿਦਮਤ ਲਈ ਮਜਬੂਰ ਕਰਨਾਂ, ਇਹ ਸਾਰੀਆਂ ਚੀਜ਼ਾਂ ਸਾਮੰਤਵਾਦੀ ਵੇਲਿਆਂ ਦੀ ਰਹਿੰਦ-ਖੂੰਹਦ ਹੈ ਤੇ ਇਨ੍ਹਾਂ ਦਾ ਖਾਤਮਾ ਕਰਨਾ ਹਾਲੇ ਬਾਕੀ ਹੈ। ਆਪਣਾਂ ਰਾਜ ਅਤੇ ਵਿਸ਼ੇਸ਼-ਰਿਆਇਤਾਂ ਕਾਇਮ ਰੱਖਣ ਖਾਤਰ, ਬੁਰਜੁਆਜ਼ੀ ਆਪਣੇ ਰਾਹ ਦਾ ਰੋੜਾ ਬਣਦੀ ਹਰ ਤਰੱਕੀ-ਪਸੰਦ ਚੀਜ਼ ਨੂੰ ਮੁਕਾਉਣ ਲਈ ਜੀਵਨ-ਮੌਤ ਦੀ ਲੜਾਈ ਲੜ ਰਹੀ ਹੈ। ਚਾਹੇ ਕਿੰਨੀ ਹੀ ਤਬਾਹੀ ਕਿਉਂ ਨਾਂ ਹੋ ਜਾਵੇ ਇਸ ਨੂੰ ਕੋਈ ਪ੍ਰਵਾਹ ਨਹੀਂ।

ਸੰਸਾਰ ਦੋ ਮਹਾਨ ਯੁਗਾਂ ਵਿਚੋਂ ਦੀ ਗੁਜ਼ਰ ਚੁੱਕਾ ਹੈ। ਪਹਿਲਾਂ ਮੁੱਢ-ਕਦੀਮੀ ਯੁਗ ਦਾ ਜਮਾਤ-ਰਹਿਤ ਸਮਾਜ ਅਤੇ ਫਿਰ ਜਮਾਤੀ-ਸਮਾਜ। ਤੇ ਹੁਣ ਇਹ ਅਗਲੀ ਤਬਦੀਲੀ ਲਈ ਤਿਆਰ ਖੜ੍ਹਾ ਹੈ, ਇਕ ਐਸੇ ਜਮਾਤ-ਰਹਿਤ ਸਮਾਜ ਵੱਲ ਜਾਣ ਲਈ ਜੋ ਸੱਭ ਤੋਂ ਵੱਧ ਆਧੁਨਿਕ ਸਮਾਜੀ ਸਿਸਟਮ ਅਤੇ ਬਹੁਤ ਹੀ ਆਧੁਨਿਕ ਵਿਗਿਆਨ, ਤਕਨੀਕ ਅਤੇ ਸੋਚ ਉਤੇ ਅਧਾਰਤ ਹੋਵੇਗਾ। ਸਮਾਜੀ ਵਿਕਾਸ ਨੂੰ ਚਲਾਉਣ ਵਾਲੇ ਕਾਨੂੰਨ, ਅਤੇ ਖ਼ਾਸ ਕਰ ਉਤਪਾਦਕੀ ਸ਼ਕਤੀਆਂ ਅਤੇ ਉਤਪਦਕੀ ਸਬੰਧਾਂ ਵਿਚਲੀ ਅੰਤਰ-ਵਿਰੋਧਤਾਈ, ਹੋਕਾ ਦੇ ਰਹੇ ਹਨ ਕਿ ਪੂੰਜੀਵਾਦੀ ਸਮਾਜ ਨੂੰ ਉਲਟਾਉਣਾਂ ਹੀ ਪਵੇਗਾ ਤੱਦ ਹੀ ਇਕ ਜਮਾਤ-ਰਹਿਤ ਸਮਾਜ ਬਣਾਇਆ ਜਾ ਸਕੇਗਾ। ਪੂੰਜੀਵਾਦ ਹਿੰਸਾ ਰਾਹੀ ਹੀ ਵਿਕਸਤ ਹੁੰਦਾ ਹੈ, ਤੇ ਇਸ ਦੇ ਆਖਰੀ ਵੇਲਿਆਂ ਵਿਚ ਇਸਦਾ ਹਿੰਸਕ ਲੱਛਣ ਬਹੁਤ ਉਘੜਵਾਂ ਹੈ। ਪੂੰਜੀਵਾਦੀ ਸਮਾਜ ਦੇ ਚਾਲਕ ਉਹ ਹਨ ਜੋ ਕੋਈ ਵੀ ਐਸਾ ਸੁਧਾਰ ਕਰਨ ਲਈ ਤਿਆਰ ਹਨ ਜੋ ਉਨ੍ਹਾਂ ਦੀਆਂ ਆਪਣੀਆਂ ਪੁਜੀਸ਼ਨਾਂ ਨੂੰ ਮਜ਼ਬੂਤ ਕਰੇ। ਪਰ ਸਮਾਜ ਦੀ ਤਰੱਕੀ ਦੇ ਬਾਰ ਖੋਹਲਣ ਵਾਲੀ ਕਿਸੇ ਵੀ ਗੱਲ ਵੱਲ ਕੰਨ ਧਰਨ ਤੋਂ ਉਨ੍ਹਾਂ ਦਾ ਇਨਕਾਰੀ ਹੋਣਾਂ ਦੱਸਦਾ ਹੈ ਕਿ ਹਾਕਮ-ਵਰਗ ਕਿੰਨਾਂ ਨਿਰਦਈ ਅਤੇ ਉਲਟ-ਇਨਕਲਾਬੀ ਹੈ। ਇਨਸਾਨੀ ਤਰੱਕੀ ਲਈ ਲੋੜੀਂਦੀ ਹਰ ਚੀਜ਼ -ਵਿਦਿਆ, ਸਿਹਤ, ਰੁਜ਼ਗਾਰ ਅਤੇ ਲੋਕ ਭਲਾਈ- ਨੂੰ ਤਾਂ ਕਦੋਂ ਦਾ ਹੀ ਸਿਰਫ਼ ਨੀਤੀ-ਉਦੇਸ਼ਾਂ ਤੱਕ ਹੀ ਸੀਮਤ ਕਰ ਦਿਤਾ ਗਿਆ ਹੈ। ਖ਼ੁਦਗਰਜ਼ੀ, ਵੱਧੋ ਵੱਧ ਪੂੰਜੀਵਾਦੀ ਮੁਨਾਫੇ ਖੱਟਣ ਦਾ ਇਕੋ ਇਕ ਉਦੇਸ਼, ਅਤੇ ਲੋਕਾਂ ਅਤੇ ਹੋਰ ਸਾਰੇ ਕੁਦਰਤੀ ਤੇ ਕੌਮੀ ਵਸੀਲਿਆਂ ਨੂੰ ਅਧੀਨ ਕਰਨ ਦੀ ਲਾਲਸਾ, ਸਾਰੇ ਜਹਾਨ ਵਿਚ ਇਨ੍ਹਾਂ "ਉਚ-ਉਦੇਸ਼ਾਂ" ਦਾ ਖੋਰੂ ਪੱਟਿਆ ਜਾ ਰਿਹਾ ਹੈ।

ਬੁਰਜੁਆਜ਼ੀ ਇਥੋਂ ਤੱਕ ਵੀ ਗ਼ਰਕ ਸਕਦੀ ਹੈ ਕਿ ਇਹ ਆਧੁਨਿਕ ਕਮਿਊਨਿਜ਼ਮ ਨੂੰ ਵੀ ਇਕ ਹੋਰ "ਨੀਤੀ ਉਦੇਸ਼" ਅਤੇ "ਇਕ ਹੋਰ ਮੁਤਬਾਦਲ" ਵਜੋਂ ਪੇਸ਼ ਕਰਨ ਤੱਕ ਜਾ ਸਕਦੀ ਹੈ, ਸ਼ਰਤ ਇਹ ਹੈ ਕਿ ਆਧੁਨਿਕ ਕਮਿਊਨਿਜ਼ਮ ਸਮਾਜ ਨੂੰ ਤਰੱਕੀ ਦੀ ਅਗਲੀ ਮੰਜ਼ਲ ਤੇ ਲਿਜਾਣ ਦੀ ਗੱਲ ਨਾਂ ਕਰੇ। ਇਹ ਜਾਣ ਬੁਝ ਕੇ ਮਾਰਕਸਵਾਦ ਨੂੰ ਮਹਿਜ਼ ਇਕ ਐਸੀ ਕਲਪਿਤ ਚੀਜ਼ ਜਾਂ ਹਵਾਈ-ਖ਼ਿਆਲ ਵਜੋਂ ਪੇਸ਼ ਕਰਦੇ ਹਨ ਜਿਸਦਾ ਅਸਲੀ ਜ਼ਿੰਦਗੀ ਨਾਲ ਕੋਈ ਵਾਸਤਾ ਨਾਂ ਹੋਵੇ। ਆਧੁਨਿਕ ਕਮਿਊਨਿਜ਼ਮ ਦਾ ਤਾਂ ਖ਼ਾਸਾ ਹੀ ਇਹ ਹੈ ਕਿ ਇਹ ਇਨਸਾਨੀ ਅਤੇ ਪਦਾਰਥੀ ਸਾਧਨਾਂ ਨੂੰ ਯੋਜਨਾਬੱਧ ਅਤੇ ਜਥੇਬੰਦ ਕਰਨ ਵਾਲਾ ਸਿਸਟਮ ਹੈ। ਮਜ਼ਦੂਰ ਜਮਾਤ ਅਤੇ ਸਾਰੀ ਮਾਨਵਤਾ ਦੀ ਪੂਰੀ ਨਿਜਾਤ ਲਈ ਇਹ ਇਕ ਵਾਸਤਵਿਕ ਅਤੇ ਅੰਤਰ-ਮੁਖੀ ਸ਼ਰਤ ਹੈ। ਪਰ ਜਾਣ ਬੁਝ ਕੇ ਇਸ ਨੂੰ ਇਕ ਨੀਤੀ ਉਦੇਸ਼ ਜਾਂ ਦੰਭੀ-ਸਮਾਜਵਾਦ ਅਤੇ ਸੋਸ਼ਲ ਡੈਮੋਕਰੇਸੀ ਨਾਲ ਰਲਾਇਆ ਜਾਂਦਾ ਹੈ ਤਾਂ ਕਿ ਆਧੁਨਿਕ ਕਮਿਊਨਿਜ਼ਮ ਵਿਚੋਂ ਇਸਦਾ ਇਨਕਲਾਬੀ ਤੱਤ ਕੱਢ ਕੇ ਇਸ ਨੂੰ ਖ਼ੱਸੀ ਕਰ ਦਿਤਾ ਜਾਵੇ ਅਤੇ ਇਹ ਪੂੰਜੀਵਾਦ ਨੂੰ ਕੋਈ ਨੁਕਸਾਨ ਨਾਂ ਪਹੁੰਚਾ ਸਕੇ। ਆਧੁਨਿਕ ਕਮਿਊਨਿਜ਼ਮ ਵਿਚ ਵਿਗਾੜ ਪਾਉਣ ਅਤੇ ਇਸਦੀ ਵਿਚਾਰਧਾਰਾ ਨੂੰ ਖੱਸੀ ਕਰਨ ਖ਼ਿਲਾਫ਼ ਇਕ ਤਿਖੀ ਤੇ ਜਬਰਦਸਤ ਵਿਚਾਰਧਾਰਕ ਜਦੋਜਹਿਦ ਛਿੜ ਪਈ ਹੈ। ਇਸ ਜਦੋ ਜਹਿਦ ਦੀ ਧਾਰ ਲਿਬਰਲਿਜ਼ਮ ਅਤੇ ਸੋਸ਼ਲ ਡੈਮੋਕਰੇਸੀ ਵਲੋਂ ਫੈਲਾਏ ਗਏ ਹਰ ਭਰਮ-ਭੁਲੇਖੇ ਅਤੇ ਖੁਸ਼ਫਹਿਮੀਆਂ ਦੇ ਖ਼ਿਲਾਫ਼ ਹੈ ਜੋ ਦਾਅਵੇ ਕਰਦੇ ਹਨ ਕਿ ਜੇ ਸਰਕਾਰਾਂ ਦੀ ਨੀਤੀ ਵਿਚ ਤਬਦੀਲੀ ਹੋ ਜਾਵੇ ਤਾਂ ਪੂੰਜੀਵਾਦ ਹੇਠ ਹੀ ਵਾਸਤਵਿਕ ਸਥਿਤੀ ਬਦਲ ਸਕਦੀ ਹੈ ਤੇ ਪੂੰਜੀਵਾਦ ਦਾ ਬੁਨਿਆਦੀ ਕਾਨੂੰਨ ਬਦਲ ਸਕਦਾ ਹੈ।

ਜਿਵੇਂ ਜਿਵੇਂ ਆਰਥਕ ਸਿਸਟਮ ਅੰਦਰ ਪੈਦਾਵਾਰ ਅਤੇ ਖਪਤ ਵਿਚ ਗੜਬੜ ਦੇ ਸੰਕੇਤ ਦਿਸਦੇ ਹਨ ਤੇ ਆਰਥਕ ਰੀਕਵਰੀ ਦੌਰਾਨ ਵੀ ਨੌਕਰੀਆਂ ਪੈਦਾ ਹੋਣ ਦੀ ਰਫ਼ਤਾਰ ਬੜੀ ਮੱਧਮ ਰਹਿੰਦੀ ਹੈ, ਜਿਸਨੂੰ ਜੌਬਲੈਸ ਰੀਕਵਰੀ ਵੀ ਕਹਿੰਦੇ ਹਨ, ਤਿਵੇਂ ਤਿਵੇਂ ਹਰੇਕ ਕਾਰੋਬਾਰ ਨੂੰ ਅਤਿਅੰਤ ਜਥੇਬੰਦ ਕਰਨ ਲਈ ਕਦਮ ਲਏ ਜਾਂਦੇ ਹਨ। ਇਸਦੇ ਨਾਲ ਹੀ ਵੱਡੇ-ਵੱਡੇ ਵਪਾਰੀਆਂ, ਵੱਡੇ-ਵੱਡੇ ਲੇਬਰ ਲੀਡਰਾਂ ਅਤੇ ਸਰਕਾਰਾਂ ਦੇ ਤਿਕੜੀ-ਰਾਜ ਵਿਚ ਆਪਸੀ ਸਮਝਦਾਰੀ ਪੈਦਾ ਕਰਕੇ ਸਟੇਟ ਨੂੰ ਮਜ਼ਬੂਤ ਕਰਨ ਦੇ ਯਤਨ ਕੀਤੇ ਜਾਂਦੇ ਹਨ, ਭਾਵੇਂ ਕਿ ਬਹੁਤੀ ਕਾਮਯਾਬੀ ਨਹੀਂ ਮਿਲਦੀ। ਇਹੋ ਜਿਹੇ ਐਕਸ਼ਨਾਂ ਨਾਲ ਸਮਾਜ ਅੰਦਰ ਵਿਅਕਤੀ ਦੇ ਹਿਤਾਂ ਨੂੰ, ਉਨ੍ਹਾਂ ਦੇ ਸਮੂਹਾਂ ਦੇ ਹਿਤਾਂ ਨੂੰ ਅਤੇ ਖੁਦ ਸਮਾਜ ਦੇ ਹਿਤਾਂ ਨੂੰ ਬੜੀ ਸੱਟ ਵੱਜਦੀ ਹੈ। ਸਾਰੇ ਪੱਧਰ ਦੀਆਂ ਸਰਕਾਰਾਂ ਵਲੋਂ ਅਰੰਭੀ ਗਈ ਸਮਾਜ-ਵਿਰੋਧੀ ਮੁਹਿੰਮ ਦੇ ਇਕ ਹਿਸੇ ਵਜੋਂ ਯਤਨ ਕੀਤੇ ਜਾ ਰਹੇ ਹਨ ਕਿ ਵੱਡੇ-ਵੱਡੇ ਵਪਾਰੀਆਂ, ਵੱਡੇ-ਵੱਡੇ ਲੇਬਰ ਲੀਡਰਾਂ ਅਤੇ ਸਰਕਾਰਾਂ ਦਰਮਿਆਨ ਇਸ ਬਾਰੇ ਕਿਸੇ ਸਮਝੌਤੇ ਤੇ ਅਪੜ ਹੋ ਜਾਵੇ। ਪਰੰਤੂ ਇਸ ਤੋਂ ਬੁਰਜੁਆਜ਼ੀ ਦੇ ਪਿਛੇ-ਖਿਚੂ ਨੈਣ ਨਕਸ਼ ਹੋਰ ਵੀ ਨੰਗੇ ਹੁੰਦੇ ਹਨ, ਜੋ ਫਰਮਾਨਾਂ ਰਾਹੀ ਰਾਜ ਕਰ ਰਹੀ ਹੈ ਤੇ ਸਿਆਸੀ ਵਿਚਾਰਾਂ ਦੇ ਵਖਰੇਵੇਂ ਨੂੰ "ਅਮਨ-ਕਾਨੂੰਨ" ਦੇ ਮਸਲੇ ਵਿਚ ਬਦਲਦੀ ਹੈ।

ਅਜਾਰੇਦਾਰ ਪੂੰਜੀਪਤੀ, ਆਰਥਕਤਾ ਦੀ ਸਮਾਜਵਾਦੀ ਯੋਜਨਾਬੰਦੀ ਦੇ ਤਾਂ ਬੜੇ ਖ਼ਿਲਾਫ਼ ਹਨ, ਪਰ ਸਟੇਟ ਨੂੰ ਆਪਣੇ ਵਾਸਤੇ ਜੋਖਮ ਉਠਾਉਣ ਲਈ ਪੂਰੀ ਤਰ੍ਹਾਂ ਵਰਤਦੇ ਹਨ। ਇਸ ਤੋਂ ਵਿਤੀ-ਜਰਵਾਣਿਆਂ ਅਤੇ ਧੰਨਵਾਨਾਂ ਦਾ ਦੋਗਲਾਪਨ ਅਤੇ ਇਨ੍ਹਾਂ ਦੀ ਵਿਚਾਰਧਾਰਾ ਦਾ ਖੋਖਲਾਪਨ ਹੋਰ ਵੀ ਨੰਗਾ ਹੋ ਜਾਂਦਾ ਹੈ। ਪੂੰਜੀਵਾਦੀਏ ਆਪਣੇ ਕਾਰੋਬਾਰਾਂ, ਕਾਰਖਾਨਿਆਂ ਅਤੇ ਦਫ਼ਤਰਾਂ ਵਿਚ ਯੋਜਨਾਬੰਦੀ ਕਰਨ ਦੀ ਜ਼ਰੂਰਤ ਤੋਂ ਤਾਂ ਬੜੇ ਵਾਕਫ਼ ਹਨ ਪਰ ਸਾਰੇ ਸਮਾਜ ਅਤੇ ਆਰਥਕਤਾ ਨੂੰ ਆਪ-ਹੁਦਰੇਪਨ ਤੇ ਸੰਕਟ ਤੋਂ ਆਜ਼ਾਦ ਕਰਨ ਲਈ ਇਸਦੀ ਯੋਜਨਾਬੰਦੀ ਕਰਨ ਵਾਸਤੇ ਲੋਕਾਂ ਦੇ ਯਤਨਾਂ ਦੀ ਪੂਰੇ ਜ਼ੋਰ-ਸ਼ੋਰ ਨਾਲ ਮੁਖ਼ਾਲਫ਼ਤ ਕਰਦੇ ਹਨ।

ਮਜ਼ਦੂਰ, ਔਰਤਾਂ, ਨੌਜੁਆਨ ਅਤੇ ਵਿਦਿਆਰਥੀ, ਖੁਦ ਆਪਣੇ ਤਜਰਬੇ ਤੋਂ ਵੇਖ ਸਕਦੇ ਹਨ ਕਿ ਸਟੇਟ ਨੂੰ ਉਨ੍ਹਾਂ ਦੇ ਖ਼ਿਲਾਫ਼ ਕਿਵੇਂ ਵਰਤਿਆ ਜਾ ਰਿਹਾ ਹੈ। ਸਟੇਟ, ਜੇਕਰ ਵੱਡੇ-ਵੱਡੇ ਬਿਜ਼ਨਸਾਂ, ਵੱਡੇ ਲੇਬਰ ਚੌਧਰੀਆਂ ਅਤੇ ਉਨ੍ਹਾਂ ਦੀਆਂ ਹਕੂਮਤਾਂ ਦੇ ਤਿਕੜੀ-ਰਾਜ ਵੱਲੋਂ ਦਖ਼ਲਅੰਦਾਜ਼ੀ ਕਰ ਸਕਦੀ ਹੈ ਤਾਂ ਫੇਰ ਇਹ ਮਜ਼ਦੂਰ ਜਮਾਤ ਅਤੇ ਆਮ ਲੋਕਾਂ ਤਰਫ਼ੋਂ ਕੋਈ ਕਾਰਵਾਈ ਕਾਹਤੋਂ ਨਹੀਂ ਕਰ ਸਕਦੀ? ਸਟੇਟ, ਬੁਰਜੁਆਜ਼ੀ ਦੇ ਭਿੰਨ ਭਿੰਨ ਧੜਿਆ ਵਿਚਕਾਰ ਇਕ ਸਮਝੌਤਾ ਹੁੰਦਾ ਹੈ, ਇਕ ਬੰਦੋਬਸਤ ਹੁੰਦਾ ਹੈ। ਇਸ ਕਰਕੇ ਮਜ਼ਦੂਰ ਜਮਾਤ ਇਸ ਬਣੀ ਬਣਾਈ ਬੁਰਜੁਆ ਸਟੇਟ ਨੂੰ ਕਬਜ਼ੇ ਵਿਚ ਕਰਕੇ ਆਪਣੇ ਮੰਤਵਾਂ ਲਈ ਹਰਗਿਜ਼ ਨਹੀਂ ਵਰਤ ਸਕਦੀ। ਇਸਨੂੰ ਲਾਜ਼ਮੀ ਆਪਣੀ ਸਟੇਟ ਬਣਾਉਣੀ ਪਵੇਗੀ, ਆਪਣੇ ਬੰਦੋਬਸਤ ਪੈਦਾ ਕਰਨੇ ਪੈਣਗੇ। ਅਤੇ ਇਸ ਨੂੰ ਖੁਦ ਆਪਣੀ ਯੋਜਨਾਬੰਦੀ ਕਰਨੀ ਹੋਵੇਗੀ ਜੋ ਲਾਜ਼ਮੀ ਤੌਰ ਤੇ ਸਮਾਜਵਾਦੀ ਯੋਜਨਾਬੰਦੀ ਹੋਵੇਗੀ, ਤਾਂ ਹੀ ਸਮਾਜ ਦੇ ਬੁਨਿਆਦੀ ਅੰਤਰ-ਵਿਰੋਧ ਮੁਕਾਏ ਜਾ ਸਕਣਗੇ। ਇਸ ਲਈ, ਆਧੁਨਿਕ ਕਮਿਉਨਿਜ਼ਮ ਵਿਚ ਪੂਰੀ ਮੁਹਾਰਤ ਹਾਸਲ ਕਰਨੀ ਅਤੇ ਮਾਰਕਸਵਾਦੀ-ਲੈਨਿਨਵਾਦੀ ਕਮਿਉਨਿਸਟ ਪਾਰਟੀ ਉਸਾਰਨੀ ਇਕ ਫੌਰੀ ਕੰਮ ਬਣ ਗਿਆ ਹੈ।

ਆਧੁਨਿਕ ਕਮਿਉਨਿਜ਼ਮ ਮਜ਼ਦੂਰ ਜਮਾਤ ਅਤੇ ਸਾਰੀ ਮਾਨੁੱਖਤਾ ਦੀ ਮੁਕੰਮਲ ਬੰਦ-ਖ਼ਲਾਸੀ ਦਾ ਮੁਕਾਮ ਹੈ। ਇਨਕਲਾਬ ਰਾਹੀਂ ਆਧੁਨਿਕ ਕਮਿਉਨਿਜ਼ਮ ਵਾਸਤੇ ਹਾਲਾਤ ਪੈਦਾ ਕਰਨ ਲਈ ਕਮਿਉਨਿਸਟ ਪਾਰਟੀ ਸੱਭ ਤੋਂ ਵੱਧ ਅਹਿਮ ਅੰਤਰਮੁਖੀ ਅਤੇ ਸੁਚੇਤ ਔਜ਼ਾਰ ਹੈ। ਜਦੋਂ ਆਧੁਨਿਕ ਕਮਿਉਨਿਜ਼ਮ ਦੀ ਹਾਲਤ ਪੈਦਾ ਹੋ ਗਈ ਅਤੇ ਪੂਰੀ ਜਮਾਤ-ਰਹਿਤ ਸੁਸਾਇਟੀ ਹੋਂਦ ਵਿਚ ਆ ਗਈ, ਉਸ ਵੇਲੇ ਕਮਿਉਨਿਸਟ ਪਾਰਟੀ ਅਤੇ ਜਮਾਤਾਂ ਅਤੇ ਜਮਾਤਾਂ ਵਾਲੇ ਸਮਾਜ ਨਾਲ ਮੇਲ ਖਾਣ ਵਾਲੇ ਹੋਰ ਅਦਾਰੇ, ਸਣੇ ਸਟੇਟ ਦੇ, ਆਪਣੀ ਮੰਜ਼ਲੇ-ਮਕਸੂਦ ਹਾਸਲ ਕਰਕੇ, ਇਤਹਾਸ ਦੀ ਸਟੇਜ ਤੋਂ ਸਦਾ ਸਦਾ ਲਈ ਕੂਚ ਕਰ ਜਾਣਗੇ।

ਆਧੁਨਿਕ ਕਮਿਉਨਿਜ਼ਮ ਦੇ ਬਾਨੀ ਕਾਰਲ ਮਾਰਕਸ ਨੇ ਪੂੰਜੀਵਾਦੀ ਸਮਾਜ ਦੀ ਤੋਰ ਦੇ ਕਾਨੂੰਨ, ਵਾਫ਼ਰ ਕਦਰ ਜਾਂ ਸਰਪਲੱਸ ਵੈਲਯੂ ਦਾ ਸਿਧਾਂਤ ਸਾਹਮਣੇ ਲਿਆਂਦਾ। ਉਸ ਨੇ ਸਮਾਜ ਦੀ ਤੋਰ ਦਾ ਆਮ ਕਾਨੂੰਨ ਲੱਭਿਆ ਅਤੇ ਤਰਤੀਬਬੰਦ ਕੀਤਾ ਜਿਸਨੂੰ ਪੰਜਾਬੀ ਵਿਚ ਤਰਕਵਾਦੀ ਇਤਿਹਾਸਕ-ਪਦਾਰਥਵਾਦ ਅਤੇ ਅੰਗਰੇਜ਼ੀ ਵਿਚ ਡਾਇਲੈਕਟੀਕਲ ਤੇ ਹਿਸਟੋਰੀਕਲ ਮੈਟੀਰੀਅਲਿਜ਼ਮ ਕਹਿੰਦੇ ਹਨ। ਇਨ੍ਹਾਂ ਦੋ ਖੋਜਾਂ ਨਾਲ ਉਸਨੇ ਉਸ ਵੇਲੇ ਵਿਗਿਆਨਕ-ਸਮਾਜਵਾਦ ਦਾ ਸਿਧਾਂਤ ਮਜ਼ਦੂਰ ਜਮਾਤ ਹਵਾਲੇ ਕੀਤਾ ਜਿਸ ਵੇਲੇ ਪੂੰਜੀਵਾਦ ਵਿਕਸਤ ਹੋ ਰਿਹਾ ਸੀ ਅਤੇ ਹਰ ਦਸ ਕੁ ਸਾਲ ਬਾਅਦ ਵਾਧੂ-ਪੈਦਾਵਾਰ ਦੇ ਮਾਰੂ-ਸੰਕਟ ਦੀ ਮਾਰ ਖਾਂਦਾ ਸੀ।

ਵੀ.ਆਈ.ਲੈਨਿਨ ਨੇ ਮਜ਼ਦੂਰ ਜਮਾਤ ਦੀ ਹਰਾਵਲ ਦਸਤਾ ਕਮਿਉਨਿਸਟ ਪਾਰਟੀ ਦੀ ਨੀਂਹ ਉਸ ਵੇਲੇ ਰੱਖੀ ਜਿਸ ਵੇਲੇ ਪੂੰਜੀਵਾਦ ਆਪਣੀ ਆਖ਼ਰੀ ਸਟੇਜ, ਅਜਾਰੇਦਾਰਾ ਪੂੰਜੀਵਾਦ ਦੀ ਸਟੇਜ, ਤੇ ਅੱਪੜ ਗਿਆ ਸੀ। ਲੈਨਿਨ ਨੇ ਆਪਣਾਂ ਕੰਮ ਇਨਕਲਾਬੀ ਹਲਚਲ ਦੇ ਉਸ ਜ਼ਮਾਨੇ ਦੌਰਾਨ ਨੇਪਰੇ ਚਾੜ੍ਹਿਆ ਜਦ ਅਜਾਰੇਦਾਰਾ ਪੂੰਜੀਵਾਦ ਹੇਠ ਅੰਤਰ-ਵਿਰੋਧਤਾਈਆਂ ਬਹੁਤ ਚੜ੍ਹਤ ਵਿਚ ਸਨ। ਉਸਨੇ ਇਕ ਐਸੀ ਕਮਿਉਨਿਸਟ ਪਾਰਟੀ ਬਣਾਈ ਜੋ ਇਨ੍ਹਾਂ ਇਨਕਲਾਬੀ ਪ੍ਰਸਥਿਤੀਆਂ ਅੰਦਰ ਆਪਣਾਂ ਕੰਮ ਸਿਰੇ ਲਾਵੇ। ਇਸ ਤਰ੍ਹਾਂ ਦੀ ਕਮਿਉਨਿਸਟ ਪਾਰਟੀ ਮਜ਼ਦੂਰ ਜਮਾਤ ਦਾ ਸੱਭ ਤੋਂ ਅਗਲਾ ਦਸਤਾ ਸੀ ਜੋ ਇਨਕਲਾਬੀ ਢੰਗ ਨਾਲ ਜਥੇਬੰਦ ਸੀ। ਲੈਨਿਨ ਨੇ ਜਮਹੂਰੀ-ਕੇਂਦਰੀਵਾਦ ਦਾ ਜਥੇਬੰਦਕ ਸਿਧਾਂਤ ਤਿਆਰ ਕੀਤਾ ਜਿਸ ਉਤੇ ਚੱਲਣਾਂ ਉਸ ਕਮਿਉਨਿਸਟ ਪਾਰਟੀ ਲਈ ਲਾਜ਼ਮੀ ਹੈ ਜੋ ਆਧੁਨਿਕ ਸਮਾਜ ਦੀਆਂ ਸ਼ਰਤਾਂ ਤੇ ਪੂਰੀ ਉਤਰਦੀ ਹੈ। ਜਮਹੂਰੀ-ਕੇਂਦਰੀਵਾਦ ਤਹਿਤ ਪਾਰਟੀ ਲੀਡਰਸ਼ਿਪ ਪਾਰਟੀ-ਮੈਬਰਾਂ ਦੇ ਫੈਸਲਿਆਂ, ਉਦੇਸ਼ਾਂ ਅਤੇ ਮਕਸਦਾਂ ਪ੍ਰਤੀ ਜਵਾਬਦੇਹ ਹੁੰਦੀ ਹੈ, ਅਤੇ ਮੈਂਬਰਸ਼ਿਪ, ਜੋ ਸਰਬਉਚ ਹੈ, ਆਪਣੇ ਫਰਜ਼ਾਂ ਦੀ ਪਾਲਣਾਂ ਅਤੇ ਆਪਣੇ ਅਧਿਕਾਰਾਂ ਦੀ ਵਰਤੋਂ ਇਕ ਸਰਗਰਮ ਢੰਗ ਨਾਲ ਕਰਦੀ ਹੈ। ਲੈਨਿਨ ਨੇ ਮੁੱਖ ਸ਼ਰਤ ਰੱਖੀ ਕਿ ਕਮਿਉਨਿਸਟ ਪਾਰਟੀ ਦੇ ਸਾਰੇ ਮੈਂਬਰ ਇਸਦੀ ਕਿਸੇ ਨਾਂ ਕਿਸੇ ਜਥੇਬੰਦੀ ਵਿਚ ਕੰਮ ਜ਼ਰੂਰ ਕਰਦੇ ਹੋਣ, ਅਤੇ ਨਾਲੇ ਇਸਦੀ ਜਨਰਲ ਲਾਇਨ ਨਾਲ ਸਹਿਮਤ ਹੋਣ, ਬਾਕਾਇਦਾ ਚੰਦਾ ਦੇਣ, ਕਿਰਤ ਦੀ ਲੁੱਟ ਕਰਨ ਵਾਲੇ ਨਾਂ ਹੋਣ ਅਤੇ ਇਕ ਮਿਥੀ ਗਈ ਉਮਰ ਨੂੰ ਪਹੁੰਚ ਚੁਕੇ ਹੋਣ, ਤੱਦ ਹੀ ਪਾਰਟੀ ਦੇ ਮੈਂਬਰ ਬਣ ਸਕਣਗੇ। ਲੈਨਿਨ ਨੇ ਇਕ ਐਸੀ ਕਮਿਉਨਿਸਟ ਪਾਰਟੀ ਪਾਰਟੀ ਬਣਾਈ ਜੋ ਇਨਕਲਾਬ ਰਾਹੀਂ ਸਮਾਜਵਾਦੀ ਅਤੇ ਕਮਿਉਨਿਸਟ ਸਮਾਜ ਦੀ ਨੀਂਹ ਰੱਖਣ ਦੇ ਕਾਬਲ ਹੋਵੇ। ਬਾਲਸ਼ਵਿਕ ਪਾਰਟੀ ਇਸ ਇਮਤਿਹਾਨ ਤੇ ਪੂਰੀ ਉਤਰੀ ਤੇ ਅਮਲ ਵਿਚ ਇਹ ਕੰਮ ਕਰਕੇ ਵਿਖਾਇਆ।

ਇਸ ਵੇਲੇ ਦੀ ਕਮਿਉਨਿਸਟ ਪਾਰਟੀ, ਮਾਰਕਸਵਾਦੀ-ਲੈਨਿਨਵਾਦੀ ਪਾਰਟੀ, ਲੈਨਿਨ ਵਲੋਂ ਬਣਾਈ ਗਈ ਕਮਿਉਨਿਸਟ ਪਾਰਟੀ ਦਾ ਹੀ ਇਕ ਵਿਕਸਤ ਰੂਪ ਹੈ। ਸੀ.ਪੀ.ਸੀ.(ਮ-ਲ) ਵਾਂਗ ਹੀ, ਇਹੋ ਜਿਹੀਆਂ ਹੋਰ ਪਾਰਟੀਆਂ ਵੀ ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਦੌਰਾਨ ਹਾਸਲ ਹੋਏ ਸਾਰੇ ਚੰਗੇ ਅਤੇ ਮਾੜੇ ਤਜਰਬੇ ਤੋਂ ਮਾਕੂਲ ਸਿਟੇ ਕੱਢਦੀਆਂ ਹਨ। ਸੀ.ਪੀ.ਸੀ.(ਮ-ਲ) ਨੇ ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਨੂੰ ਆਪਣੀ ਸੋਚ ਨੂੰ ਸੇਧ ਦੇਣ ਵਾਲੇ ਸਿਧਾਂਤ ਦੇ ਤੌਰ ਤੇ ਇਸ ਤਰ੍ਹਾਂ ਵਿਕਸਤ ਕੀਤਾ ਹੈ ਕਿ ਇਹ ਸਿਧਾਂਤ ਅਤੇ ਅਮਲ ਦੀਆਂ ਸਮੱਸਿਆਵਾਂ ਨੂੰ ੨੦ ਸਦੀ ਦੇ ਸਮਾਜਵਾਦੀ ਇਨਕਲਾਬ ਦੇ ਸਾਰੇ ਤਜਰਬੇ ਦੀ ਰੌਸ਼ਨੀ ਵਿਚ ਹੱਲ ਕਰਨ ਤੇ ਜ਼ੋਰ ਦਿੰਦੀ ਹੈ। ਲੈਨਿਨੀ ਢੰਗ ਨਾਲ ਬਣਾਈ ਗਈ ਕਮਿਉਨਿਸਟ ਪਾਰਟੀ ੯੦ ਸਾਲਾਂ ਤੋਂ ਵੀ ਉਪਰ ਸਮੇਂ ਤੋਂ, ਜਬਰ ਅਤੇ ਲੁੱਟ-ਖਸੁੱਟ ਖ਼ਿਲਾਫ਼, ਅਮਨ

ਅਤੇ ਖ਼ੁਸ਼ਹਾਲੀ ਲਈ ਅਤੇ ਮਜ਼ਦਰ ਜਮਾਤ ਅਤੇ ਸਾਰੀ ਮਾਨੁੱਖਤਾ ਦੀ ਮੁਕਤੀ ਲਈ, ਸਾਰੀਆਂ ਲਹਿਰਾਂ ਦੇ ਮੋਹਰੇ ਹੋ ਕੇ ਲੜਦੀ ਆਈ ਹੈ। ਇਹੋ ਜੇਹੀ ਪਾਰਟੀ ਨੇ ਸਮਾਜ ਦੀ ਤਰੱਕੀ ਦਾ ਰਾਹ ਖੋਹਲਣ ਲਈ ਜਦੋਜਹਿਦ ਕਰਦਿਆਂ ਆਪਣੇ ਆਪ ਨੂੰ ਪ੍ਰਚੰਡ ਕੀਤਾ ਹੈ।

ਅਰਥਚਾਰੇ ਵਿਚ ਦਖ਼ਲਅੰਦਾਜ਼ੀ ਕਰਨ ਅਤੇ ਸਟੇਟ ਢਾਂਚੇ ਨੂੰ ਹੋਰ ਮਜ਼ਬਤ ਕਰਨ ਅਤੇ ਹੋਰ ਅਜੇਹੇ ਪ੍ਰੋਗਰਾਮ ਚਲਾਉਣ ਲਈ ਜੋ ਦਰਅਸਲ ਹਾਕਮ ਜਮਾਤਾਂ ਦੀਆਂ ਹੀ ਤਿਜੌਰੀਆਂ ਭਰਦੇ ਹਨ, ਬੁਰਜੁਆਜ਼ੀ "ਖੁਲ੍ਹਾ-ਕਾਰੋਬਾਰ" ਅਤੇ "ਨੌਕਰੀਆਂ ਪੈਦਾ ਕਰਨ" ਦੀ ਗੱਲ ਕਰਕੇ ਬੜੀ ਸੱਚੀ ਤੇ ਇਨਸਾਫ਼-ਪਸੰਦ ਬਣਨ ਦੀ ਕੋਸ਼ਿਸ਼ ਕਰਦੀ ਹੈ, ਪਰ ਸਮਾਜਵਾਦੀ ਯੋਜਨਾਬੰਦੀ ਤੋਂ ਬੜਾ ਭੈਅ ਖਾਂਦੀ ਹੈ। ਇਹ ਕਮਿਉਨਿਸਟ ਪਾਰਟੀ ਦੇ ਤਾਕਤ ਵਿਚ ਆਉਣ ਦੀ ਮੁਖ਼ਾਲਫ਼ਤ ਇਸ ਕਰਕੇ ਕਰਦੀ ਹੈ ਕਿ ਜੇ ਕਮਿਉਨਿਸਟ ਪਾਰਟੀ ਤਾਕਤ ਵਿਚ ਆ ਗਈ ਤਾਂ ਅਰਥਨੀਤੀ ਵਿਚ ਦਖ਼ਲ ਦੇਵੇਗੀ ਅਤੇ ਪੈਦਾਵਾਰ ਦੇ ਸਾਧਨ ਨਿਜੀ ਹੋਣ ਕਰਕੇ ਸਮਾਜੀ ਤੌਰ ਤੇ ਹੁੰਦੀ ਪੈਦਾਵਾਰ ਦਾ ਫਲ ਨਿਜੀ ਹੱਥਾਂ ਵਿਚੇ ਚਲੇ ਜਾਣ ਤੋਂ ਪੈਦਾ ਹੁੰਦੀ ਅੰਤਰ-ਵਿਰੋਧਤਾਈ ਨੂੰ ਮੁਕਾਉਣ ਲਈ ਪੈਦਾਵਾਰ ਦੇ ਸਾਰੇ ਸਾਧਨਾਂ ਦੀ ਮਾਲਕੀ ਸਮਾਜ ਹਵਾਲੇ ਕਰ ਦੇਵੇਗੀ। ਇਹੋ ਜਿਹੀ ਦਖ਼ਲਅੰਦਾਜ਼ੀ ਦੇ ਨਾਲ ਹੀ ਨਾਲ ਜਮਹੂਰੀ-ਨਵੀਨੀਕਰਣ ਹੋਵੇਗਾ, ਇਕ ਨਵੀਂ ਸਿਆਸੀ ਪ੍ਰਕਿਰਿਆ ਹੋਂਦ ਵਿਚ ਆਵੇਗੀ ਜੋ ਲੋਕਾਂ ਨੂੰ ਰਾਜ-ਕਾਜ ਅਤੇ ਰਾਜ-ਵਿਵਸਥਾ ਦੇ ਮਾਮਲਿਆਂ ਵਿਚ ਪੂਰੀ ਤਰ੍ਹਾਂ ਹਿਸਾ ਲੈ ਸਕਨ ਦੇ ਸਮਰੱਥ ਬਣਾਵੇਗੀ। ਬੜੀਆਂ ਡੂੰਘੀਆਂ ਤੇ ਬੁਨਿਆਦੀ ਤਬਦੀਲੀਆਂ ਹੋਣਗੀਆਂ ਜੋ ਸਮਾਜੀ-ਵਿਕਾਸ ਅੰਦਰ ਵਸਤਾਂ ਦੀ ਥਾਂ ਤੇ ਇਨਸਾਨ ਨੂੰ ਅਹਿਮੀਅਤ ਦਿਵਾਉਣਗੀਆਂ।

ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਦੇ ਵੈਰੀ ਸਾਮਰਾਜਵਾਦੀਏ ਅਤੇ ਸਾਰੇ ਮੁਲਕਾਂ ਦੀ ਪਿਛੇ-ਖਿਚੂ ਬੁਰਜੁਆਜ਼ੀ, ਕਮਿਉਨਿਸਟ ਪਾਰਟੀ ਦੇ ਇਨਕਲਾਬੀ ਪ੍ਰੋਗਰਾਮਾਂ ਦਾ ਸਾਹਮਣਾਂ ਕਰਨ ਤੋਂ ਘਬਰਾਉਂਦੇ ਹਨ। ਕਮਿਉਨਿਸਟ ਪਾਰਟੀ ਮਜ਼ਦੂਰ ਜਮਾਤ ਨੂੰ ਲਾਮਬੰਦ ਕਰਦੀ ਹੈ ਕਿ ਇਹ ਇਕ ਇਨਕਲਾਬੀ ਪ੍ਰੋਗਰਾਮ ਲਾਗੂ ਕਰੇ ਤਾਂ ਕਿ ਇਸ ਤਰ੍ਹਾਂ ਦਾ ਸਮਾਜ ਬਣੇ ਜੋ ਸਮਾਜਕ ਉਨਤੀ ਅਤੇ ਮਜ਼ਦੂਰ ਜਮਾਤ ਦੇ ਹਿੱਤ ਵਿਚ ਹੋਵੇ। ਪਿਛੇ-ਖਿਚੂ ਸ਼ਕਤੀਆਂ ਤਾਂ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਉਤੇ ਸਿਰਫ਼ ਚਿਕੜ ਸੁਟਣ ਜੋਗੀਆਂ ਹੀ ਰਹਿ ਗਈਆਂ ਹਨ ਤਾਂ ਕਿ ਮਜ਼ਦੂਰ, ਔਰਤਾਂ, ਨੌਜੁਆਨ ਅਤੇ ਹੋਰ ਲੋਕੀ ਇਨ੍ਹਾਂ ਤੋਂ ਦੂਰ ਰੱਖੇ ਜਾ ਸਕਣ। ਪਿਛਲੇ ਸੱਤ-ਅੱਠ ਸਾਲਾਂ ਤੋਂ ਤਾਂ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਦੇ ਵੈਰੀ ਹਰੇਕ ਗੱਲ ਨੂੰ ਰਹੱਸਮਈ ਬਣਾਉਣ ਵਿਚ ਬੜੇ ਮਸਰੂਫ਼ ਹਨ। ਉਹ ਛਲਾਵਿਆਂ ਦੇ ਪੁਜਾਰੀ ਬਣੇ ਹੋਏ ਹਨ ਤੇ ਐਸੀਆਂ ਜ਼ਿਹਨੀ ਤਸਵੀਰਾਂ ਪੈਦਾ ਕਰਦੇ ਹਨ ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਸਰੋਕਾਰ ਨਹੀਂ ਤੇ ਆਸ ਕਰਦੇ ਹਨ ਕਿ ਇੰਜ ਸਚਾਈ ਤੇ ਪਰਦਾ ਪੈ ਜਾਵੇਗਾ ਤੇ ਕੋਈ ਨਹੀਂ ਵੇਖ ਸਕੇਗਾ ਕਿ ਹਕੀਕਤ ਕੀ ਹੈ। ਮਜ਼ਦੂਰਾਂ, ਔਰਤਾਂ, ਨੌਜੁਆਨਾਂ ਅਤੇ ਵਿਦਿਆਰਥੀਆਂ ਦੇ ਸੰਘਰਸ਼ਾਂ ਦੇ ਅਗਾਂਹਵਧੂ ਅਤੇ ਇਨਕਲਾਬੀ ਪ੍ਰੋਲੇਤਾਰੀ ਜਮਾਤੀ-ਤੱਤ ਨੂੰ ਲੁਕਾਉਣ ਦੀ ਲੋੜ ਵੱਲ ਉਹ ਖ਼ਾਸ ਤਵੱਜੋਂ ਦੇਂਦੇ ਹਨ। ਇਹ ਜਮਾਤੀ-ਤੱਤ ਵਾਸਤਵਿਕ ਤੌਰ ਇਸ ਕਰਕੇ ਮੌਜੂਦ ਹੈ ਕਿਉਂਕਿ ਮਜ਼ਦੂਰਾਂ, ਔਰਤਾਂ, ਨੌਜੁਆਨਾਂ ਅਤੇ ਵਿਦਿਆਰਥੀਆਂ ਦੀਆਂ ਜਦੋਜਹਿਦਾਂ ਤੇ ਲਹਿਰਾਂ ਪੂੰਜੀਵਾਦੀ ਸਿਸਟਮ ਦੀਆਂ ਅੰਤਰ-ਵਿਰੋਧਤਾਈਆਂ ਵਿਚੋਂ ਹੀ ਪੈਦਾ ਹੁੰਦੀਆਂ ਹਨ। ਉਹ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਦੀ ਧੂੰਆਂਧਾਰ ਮੁਖ਼ਾਲਫ਼ਤ ਤਾਂ ਕਰਦੇ ਹਨ ਪਰ ਇਹ ਵੇਰਵਾ ਨਹੀਂ ਦਿੰਦੇ ਅਤੇ ਨਾਂ ਦੇ ਹੀ ਸਕਦੇ ਹਨ ਕਿ ਲੋਕੀ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਨੂੰ ਰੱਦ ਕਿਉਂ ਕਰਨ ਜੋ ਇਨਕਲਾਬ ਰਾਹੀਂ ਇਕ ਆਧੁਨਿਕ ਕਮਿਉਨਿਸਟ ਸਮਾਜ ਪੈਦਾ ਕਰਨ ਲਈ ਮੁੱਖ ਅੰਤਰਮੁਖੀ ਸ਼ਕਤੀ ਹੈ। ਉਹ ਇਕ ਅਜੇਹਾ ਮਾਹੌਲ ਬਣਾਉਂਦੇ ਹਨ ਜੋ ਕਹਿੰਦਾ ਹੈ ਕਿ ਕਮਿਉਨਿਜ਼ਮ ਦੇ ਰਾਹ ਪੈਣਾਂ ਬੜੀ ਅਜੀਬ ਜਿਹੀ ਗੱਲ ਹੈ।

ਵਿਚਾਰਧਾਰਕ ਅਤੇ ਸਿਆਸੀ ਗੰਧਲਾਅ ਫ਼ੈਲਾਉਣ ਵਿਚ ਇਨ੍ਹਾਂ ਦਾ ਮਕਸਦ ਮਜ਼ਦੂਰਾਂ, ਔਰਤਾਂ, ਨੌਜੁਆਨਾਂ ਅਤੇ ਵਿਦਿਆਰਥੀਆਂ ਤੇ ਹੋਰਾਂ ਨੂੰ ਇਹ ਸੋਚਣ ਤੋਂ ਰੋਕਣਾਂ ਹੈ ਕਿ ਸਮਾਜ ਅਤੇ ਉਨ੍ਹਾਂ ਨੂੰ ਦਰਪੇਸ਼ ਮਸਲਿਆਂ ਦਾ ਕਾਰਨ ਕੀ ਹੈ ਅਤੇ ਇਨ੍ਹਾਂ ਦਾ ਹੱਲ ਕੀ ਹੈ। ਉਹ ਲੋਕਾਂ ਨੂੰ ਆਧੁਨਿਕ ਕਮਿਉਨਿਜ਼ਮ ਅਤੇ ਸੀ.ਪੀ.ਸੀ.(ਮ-ਲ) ਦੀ ਗੱਲ ਸੁਣਨ ਤੋਂ ਸਿਰਫ਼ ਇਸ ਕਰਕੇ ਰੋਕਣਾਂ ਚਾਹੰਦੇ ਹਨ ਕਿ ਲੋਕ ਗੁੰਮਰਾਹ ਹੋਏ ਰਹਿਣ ਅਤੇ ਆਪਣੀ ਤਾਦਾਦ ਅਤੇ ਤਨਜ਼ੀਮੀ ਤਾਕਤ ਦੀ ਵਰਤੋਂ ਆਪਣੇ ਹਿਤ ਵਿਚ ਨਾਂ ਕਰ ਸਕਣ ਤੇ ਬੁਰਜੁਆਜ਼ੀ ਦੀ ਮੌਜ ਲੱਗੀ ਰਹੇ।

ਆਧੁਨਿਕ ਕਮਿਉਨਿਜ਼ਮ ਇਕ ਐਸੀ ਬੁਨਿਆਦੀ ਇਨਕਲਾਬੀ ਹਾਲਤ ਹੈ ਜਿਸ ਅੰਦਰ ਮਜ਼ਦੂਰ ਜਮਾਤ ਅਤੇ ਹੋਰ ਸਾਰੀ ਲੋਕਾਈ ਦੀ ਪੂਰਨ ਬੰਦ-ਖਲਾਸੀ ਹੋਵੇਗੀ ਤੇ ਲੋਕੀ ਆਪਣਾਂ ਇਤਹਾਸ ਖ਼ੁਦ ਸਿਰਜਣਗੇ। ਇਹ ਸਥਿਤੀ ਪੂੰਜੀਵਾਦ ਦੀਆਂ ਠੋਸ ਹਾਲਤਾਂ ਵਿਚੋਂ ਉਪਜਦੀ ਹੈ ਜਿਸ ਅੰਦਰ ਪੈਦਾਵਾਰ ਸਮਾਜੀ ਹੈ ਪਰ ਇਸਦਾ ਫ਼ਲ ਨਿਜੀ ਹੱਥਾਂ ਵਿਚ ਚਲੇ ਜਾਂਦਾ ਹੈ। ਪੈਦਾਵਾਰ ਕਰਨ ਅਤੇ ਇਸਦਾ ਫ਼ਲ ਵੰਡਣ ਦੇ ਢੰਗ ਵਿਚਲੀ ਵਿਰੋਧਤਾਈ- ਪੈਦਾਵਾਰੀ-ਸ਼ਕਤੀਆਂ ਅਤੇ ਮਰਨ ਕਿਨਾਰੇ ਪਏ ਪੈਦਾਵਾਰੀ -ਸਬੰਧਾਂ ਵਿਚਲੀ ਵਿਰੋਧਤਾਈ- ਸਮਾਜ ਨੂੰ ਲੀਰੋ ਲੀਰ ਕਰ ਰਹੀ ਹੈ। ਆਧੁਨਿਕ ਕਮਿਉਨਿਜ਼ਮ ਦੀ ਹਾਲਾਤ ਤੱਦ ਹੀ ਹੋਂਦ ਵਿਚ ਆਉਣੀ ਹੈ ਜਦ ਇਸ ਵਿਰੋਧਤਾਈ ਨੂੰ ਪੂਰੀ ਤਰ੍ਹਾਂ ਸੁਲਝਾ ਦਿਤਾ ਗਿਆ। ਸਮਾਜਵਾਦ ਦੀ ਸਟੇਜ ਪੂੰਜੀਵਾਦ ਤੋਂ ਕਮਿਉਨਿਜ਼ਮ ਤੱਕ ਪਹੁੰਚਣ ਦਾ ਸਮਾਂ ਹੈ, ਉਥੇ ਤੱਕ ਪਹੁੰਚਣ ਦਾ ਰਸਤਾ ਹੈ। ਪਰ ਸਾਮਰਾਜਵਾਦ ਅਤੇ ਪਿਛੇ-ਖਿਚੂ ਬੁਰਜੁਆਜ਼ੀ ਆਧੁਨਿਕ ਕਮਿਉਨਿਜ਼ਮ ਨੂੰ ਇੰਜ ਪੇਸ਼ ਕਰਦੇ ਹਨ ਜਿਵੇਂ ਕਿ ਇਹ ਤਾਕਤ ਦੇ ਭੁੱਖੇ ਕੁਝ ਸੁਆਰਥੀ-ਜਾਨੂੰਨੀਆਂ ਦੇ ਘੜੇ ਹੋਏ ਕੁਝ ਜਾਨੂੰਨੀ, ਕਲਪਿਤ ਤੇ ਹਵਾਈ ਖਿਆਲ ਹਨ ਤੇ ਜ਼ਿੰਦਗੀ ਦੀਆਂ "ਕੌੜੀਆਂ ਸਚਾਈਆਂ" ਤੋਂ ਕੋਹਾਂ ਦੂਰ ਹਨ, ਜਿਨ੍ਹਾਂ ਨੂੰ ਉਹ ਵਾਸਤਵਿਕ ਸੰਸਾਰ ਉਤੇ ਠੋਸਣਾਂ ਚਾਹੁੰਦੇ ਹਨ।

ਯਕੀਨਨ, ਇਹ ਗਲਤ ਬਿਆਨੀ ਉਨ੍ਹਾਂ ਦੀ ਦਿਮਾਗੀ ਕਲਪਨਾਂ ਅਤੇ ਪ੍ਰਚਾਰ ਦੀ ਹੀ ਕਾਢ ਹੈ। ਉਹ ਕਹਿੰਦੇ ਹਨ ਕਿ "ਹਕੀਕਤਾਂ ਮੁਸ਼ਕਲ ਫ਼ੈਸਲੇ ਲੈਣ ਲਈ ਮਜ਼ਬੂਰ ਕਰ ਦਿੰਦੀਆਂ ਹਨ" ਅਤੇ ਉਨ੍ਹਾਂ ਵਰਗੇ ਹੁਕਮਰਾਨਾਂ ਦੀ ਬੜੀ ਜ਼ਰੂਰਤ ਹੈ ਜੋ ਇਹੋ ਜਿਹੇ "ਮੁਸ਼ਕਲ ਫ਼ੈਸਲੇ" ਕਰ ਸਕਣ ਦੀ ਹਿੰਮਤ ਰੱਖਦੇ ਹੋਣ। ਇਹ ਦਲੀਲ ਸਮਾਜੀ ਜ਼ਿੰਦਗੀ ਵਿਚ ਇਕ ਬੜਾ ਹਾਨੀਕਾਰਕ ਖਿਆਲ ਪੈਦਾ ਕਰਦੀ ਹੈ ਕਿ ਲੋਕ ਚੁਪ ਕਰਕੇ ਸਭ ਕੁਝ ਸਹਿੰਦੇ ਰਹਿਣ ਤੇ ਸਮਝਣ ਕਿ ਹੋਰ "ਕੋਈ ਚਾਰਾ ਨਹੀਂ, ਕੋਈ ਹੋਰ ਰਾਹ ਨਹੀਂ"।

ਸਮਾਜ ਬਾਰੇ ਉਨ੍ਹਾਂ ਦੇ ਨਜ਼ਰੀਏ ਉਤੇ ਮੱਧਕਾਲੀ ਸਮਿਆਂ ਦਾ ਇਹ ਵਿਚਾਰ ਭਾਰੂ ਹੈ ਕਿ ਦੁਨੀਆਂ ਜਿਵੇਂ ਮੌਜੂਦ ਹੈ ਵਿਧਾਤਾ ਨੇ ਇਵੇਂ ਹੀ ਬਣਾਈ ਗਈ ਸੀ ਤੇ ਕੁਦਰਤ ਵਿਚ ਤਬਦੀਲੀ ਲਿਆਉਣੀ ਨਾਮੁਮਕਿਨ ਹੈ। ਉਹ ਸਮਾਜੀ-ਵਿਕਾਸ ਦੇ ਇਸ ਬੁਨਿਆਦੀ ਕਾਨੂੰਨ ਨੂੰ ਤਸਲੀਮ ਨਹੀਂ ਕਰਦੇ ਕਿ ਹਰ ਸ਼ੈਅ ਹੋਂਦ ਵਿਚ ਆਉਂਦੀ ਹੈ ਤੇ ਗੁਜ਼ਰ ਜਾਂਦੀ ਹੈ ਅਤੇ ਸ਼ੈਆਂ ਦੇ ਅੰਦਲੀਆਂ ਵਿਰੋਧਤਾਈਆਂ ਹੀ ਤਬਦੀਲੀ, ਵਿਕਾਸ ਅਤੇ ਗਤੀ ਲਈ ਅਧਾਰ ਮੁਹੱਈਆ ਕਰਦੀਆਂ ਹਨ, ਅਤੇ ਮਾਤਰਿਕ ਤਬਦੀਲੀ ਇਕ ਬਿਲਕੁਲ ਨਵੀਂ ਸਿਫ਼ਤ ਨੂੰ ਜਨਮ ਦਿੰਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਉਹ ਮੁਨਕਰ ਹਨ ਕਿ ਇਸ ਸਮਾਜ ਦੇ ਗਰਭ ਵਿਚ ਇਕ ਨਵਾਂ ਸਮਾਜ ਪਲ ਰਿਹਾ ਹੈ, ਪੂੰਜੀਵਾਦੀ ਸਮਾਜ ਦੀ ਕੁਖ਼ ਵਿਚ ਸਮਾਜਵਾਦੀ ਸਮਾਜ ਦਾ ਤੁਖ਼ਮ ਹੈ।

ਇਸ ਹੋਣੀ ਤੋਂ ਬਚਣ ਲਈ ਹਾਕਮ ਦਾਇਰੇ ਬੜੇ ਹੱਥ ਪੈਰ ਮਾਰਦੇ ਹਨ ਕਿ ਕਿਵੇਂ ਨਾਂ ਕਿਵੇਂ ਮੌਜੂਦਾ ਸਥਿਤੀ ਬਣੀ ਰਹੇ। ਉਹ ਆਪਣੇ ਆਪ ਨੂੰ ਸੁਧਾਰਾਂ ਦੇ ਵੱਡੇ ਹਮੈਤੀਆਂ ਵਜੋਂ ਪੇਸ਼ ਕਰਦੇ ਹਨ। ਕਦੇ ਸੁਧਾਰਾਂ ਦੇ ਨਾਂ ਤੇ ਉਹ ਨਿਜੀਕਰਣ ਕਰਦੇ ਹਨ, ਕਦੇ ਲਿਬਰਲਾਈਜ਼ੇਸ਼ਨ ਕਰਦੇ ਹਨ, ਕਦੇ ਕਟੌਤੀਆਂ ਕਰਦੇ ਹਨ, ਤੇ ਜਿਨ੍ਹੇ ਬਹੁਤੇ "ਸੁਧਾਰ" ਕਰੀ ਜਾਂਦੇ ਹਨ, ਫਰਮਾਨਾਂ ਦਾ ਰਾਜ ਅਤੇ ਕੈਬਨਟ ਦੀ ਤਾਨਾਂਸ਼ਾਹੀ ਉਨਾਂ ਹੀ ਗੈਰ-ਮਕਬੂਲ ਹੋਈ ਜਾਂਦੀ ਹੈ। ਵਿਚਾਰਾਂ ਦੇ ਮੱਤਭੇਦਾਂ ਤੋਂ ਉਠਦੇ ਮਸਲਿਆਂ ਨੂੰ "ਅਮਨ-ਕਾਨੂੰਨ" ਦਾ ਮਸਲਾ ਬਣਾ ਦੇਣ ਦੀਆਂ ਉਹ ਹੋਰ ਵੀ ਬਹੁਤੀਆਂ ਕੋਸ਼ਿਸ਼ਾਂ ਕਰਦੇ ਹਨ। ਸੱਚ ਤਾਂ ਇਹ ਹੈ ਕਿ ਜ਼ਿੰਦਗੀ ਦੇ ਕਿਸੇ ਪਾਸੇ ਵੀ ਨਜ਼ਰ ਮਾਰੋ ਹਰ ਪਾਸੇ ਨਿਘਾਰ ਹੀ ਨਿਘਾਰ ਹੈ ਕਿਉਂਕਿ ਸਮਾਜ-ਵਿਰੋਧੀ ਸੁਧਾਰਾਂ ਦੇ ਨਤੀਜੇ ਵਜੋਂ ਸਮਾਜ ਦੀ ਬੁਨਿਆਦੀ ਅੰਤਰ ਵਿਰੋਧਤਾਈ -ਪੈਦਾਵਾਰ ਸਮਾਜੀ ਅਤੇ ਪੈਦਾਵਾਰ ਦਾ ਫ਼ਲ ਨਿਜੀ ਹੱਥਾਂ ਵਿਚ ਜਾਣਾ- ਹੋਰ ਡੂੰਘੀ ਹੋ ਰਹੀ ਹੈ। ਪੂੰਜੀਵਾਦੀ ਨਿਜ਼ਾਮ ਹੇਠ ਅਮੀਰਾਂ ਦੇ ਹੋਰ ਅਮੀਰ ਹੋਈ ਜਾਣ ਅਤੇ ਗ਼ਰੀਬਾਂ ਦੇ ਹੋਰ ਗ਼ਰੀਬ ਹੋਈ ਜਾਣ ਦਾ ਸਿਲਸਿਲਾ ਬੜੀ ਸ਼ਿਦਤ ਨਾਲ ਚੱਲ ਰਿਹਾ ਹੈ, ਜਿਸ ਕਰਕੇ ਬੁਰਜੁਆਜ਼ੀ ਲਈ ਆਪਣਾਂ ਇਹ ਦਾਅਵਾ ਪੂਰਾ ਕਰਨਾਂ ਅਸੰਭਵ ਬਣਦਾ ਜਾ ਰਿਹਾ ਹੈ ਕਿ ਇਸ ਦੇ ਸੁਧਾਰ ਆਰਥਕ, ਸਮਾਜਕ ਅਤੇ ਹੋਰ ਮਸਲਿਆਂ ਨੂੰ ਹੱਲ ਕਰ ਰਹੇ ਹਨ। ਬੁਰਜੁਆਜ਼ੀ ਲਈ ਹੁਣ ਇਕੋ ਰਾਹ ਬਾਕੀ ਰਹਿ ਗਿਆ ਹੈ ਕਿ ਆਪਣੇ ਰਾਜ ਵਿਰੁਧ ਹਰ ਕਿਸਮ ਦੀ ਮੁਖ਼ਾਲਫ਼ਤ ਨੂੰ ਜੁੱਤੀ ਦੇ ਜ਼ੋਰ ਕੁਚਲ ਦੇਵੇ।

ਕਮਿਉਨਿਸਟ ਪਾਰਟੀ ਇਕ ਜਾਗਰੂਕ ਧਿਰ ਵਜੋਂ, ਇਨਕਲਾਬ ਦੀ ਮੁੱਖ ਅੰਤਰ-ਮੁਖੀ ਸ਼ਕਤੀ ਵਜੋਂ ਅਸੂਲੀ ਤੌਰ ਤੇ ਅਤੇ ਆਪਣੀ ਜਨਰਲ ਲਾਇਨ ਦੇ ਇਕ ਹਿਸੇ ਦੇ ਤੌਰ ਤੇ, ਆਪਣੀ ਟੇਕ ਇਸ ਚੀਜ਼ ਤੇ ਰੱਖਦੀ ਹੈ ਕਿ ਇਹ ਸਾਮਰਾਜਵਾਦ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦੇ ਸਾਰੇ ਸੁਆਰਥੀ ਦਾਅਵਿਆਂ ਦਾ ਪਾਜ ਉਘਾੜੇ ਅਤੇ ਸਿਧ ਕਰੇ ਕਿ ਇਹ ਗੱਲ ਬਿਲਕੁਲ ਗ਼ਲਤ ਹੈ ਕਿ ਸਮਾਜਵਾਦੀ ਇਨਕਲਾਬ ਦੇ ਬਗ਼ੈਰ ਹੀ ਪੂੰਜੀਵਾਦ ਦਾ ਸੰਕਟ ਹੱਲ ਕੀਤਾ ਜਾ ਸਕਦਾ ਹੈ। ਅਜੇਹੀ ਕਮਿਉਨਿਸਟ ਪਾਰਟੀ, ਇਨਕਲਾਬੀ ਜਮਾਤੀ ਘੋਲ ਰਾਹੀਂ ਮਜ਼ਬੂਤ ਹੁੰਦੀ ਹੈ ਅਤੇ ਮਜ਼ਦੂਰ ਜਮਾਤ ਨੂੰ ਸਿਆਸੀ ਤਾਕਤ ਉਤੇ ਕਬਜ਼ਾ ਕਰਨ ਦੇ ਯੋਗ ਬਣਾਉਂਦੀ ਹੈ। ਸਾਰੀਆਂ ਸਿਆਸੀ ਪਾਰਟੀਆਂ ਵਿਚੋਂ, ਸਿਰਫ਼ ਕਮਿਉਨਿਸਟ ਪਾਰਟੀ ਹੀ ਮਜ਼ਦੂਰ ਜਮਾਤ ਨੂੰ ਇਸ ਮੰਤਵ ਨਾਲ ਜਥੇਬੰਦ ਕਰਦੀ ਹੈ ਕਿ ਇਹ ਆਪਣੇ ਇਤਹਾਦੀਆਂ, ਹੋਰ ਕਿਰਤੀ ਲੋਕਾਂ, ਨਿਕੀ-ਬੁਰਜੁਆਜ਼ੀ ਅਤੇ ਮੱਧ-ਵਰਗ ਨਾਲ ਰਲ ਕੇ ਇਕ ਜਮਾਤ ਦੇ ਤੌਰ ਤੇ ਸਿਆਸੀ ਤਾਕਤ ਆਪਣੇ ਕਬਜ਼ੇ ਹੇਠ ਕਰੇ। ਸਾਰੀਆਂ ਬੁਰਜੂਆ ਸਿਆਸੀ ਪਾਰਟੀਆਂ ਪੂੰਜੀਵਾਦੀ ਜਮਾਤ ਦੀ ਤਰਫੋਂ, ਖ਼ਾਸ ਕਰ ਵਿਤੀ-ਜਰਵਾਣਿਆਂ ਦੀ ਤਰਫੋਂ, ਸਿਰਫ਼ ਖ਼ੁਦ ਲਈ ਤਾਕਤ ਦੀਆਂ ਤਲਬਗਾਰ ਹਨ। ਜੋ ਸੁਆਰਥੀ-ਹਿਤ ਇਨ੍ਹਾਂ ਪਾਰਟੀਆਂ ਨੂੰ ਤਾਕਤ ਵਿਚ ਲਿਆਉਂਦੇ ਹਨ ਫਿਰ ਇਨ੍ਹਾਂ ਸਿਆਸੀ ਪਾਰਟੀਆਂ ਦਾ ਮੰਤਵ ਉਨ੍ਹਾਂ ਸੁਆਰਥੀ-ਹਿਤਾਂ ਲਈ ਸਟੇਟ ਨੂੰ ਚਲਾਉਣਾਂ ਅਤੇ ਹਰ ਖ਼ਤਰੇ ਤੋਂ ਬਚਾਉਣਾਂ ਹੁੰਦਾ ਹੈ, ਅਤੇ ਮਜ਼ਦੂਰ ਜਮਾਤ ਅਤੇ ਆਮ ਲੋਕਾਂ ਨੂੰ ਸਿਆਸੀ ਤਾਕਤ ਤੋਂ ਦੂਰ ਹੀ ਰੱਖਣਾ ਹੁੰਦਾ ਹੈ।

ਬਤੌਰ ਇਕ ਸਿਆਸੀ ਪਾਰਟੀ, ਸੀ.ਪੀ.ਸੀ. (ਮ-ਲ) ਦਾ ਅੰਤਿਮ-ਉਦੇਸ਼ ਆਧੁਨਿਕ ਕਮਿਉਨਿਜ਼ਮ ਲਈ ਹਾਲਾਤ ਤਿਆਰ ਕਰਨਾਂ ਹੈ। ਇਸ ਸੰਦਰਭ ਵਿਚ, ਫੌਰੀ ਨਿਸ਼ਾਨੇ ਦੇ ਤੌਰ ਤੇ ਇਸ ਦਾ ਮੁਖ ਰੁਝੇਵਾਂ ਸਮਾਜ-ਹਿਤੈਸ਼ੀ ਪ੍ਰੋਗਰਾਮ ਦੀ ਫਤਿਹ ਲਈ ਲੜਨਾਂ ਹੈ, ਅਤੇ ਰਣਨੀਤਕ ਨਿਸ਼ਾਨਾਂ ਸਮਾਜਵਾਦ ਦੀ ਫ਼ਤਿਹ ਲਈ ਲੜਾਈ ਕਰਨਾਂ ਹੈ। ਸੀ.ਪੀ.ਸੀ. (ਮ-ਲ) ਨੇ ਆਪਣੇ ਆਪ ਨੂੰ ਇਕ ਐਸੇ ਤੱਤ ਨਾਲ ਲੈਸ ਕਰ ਲਿਆ ਹੈ ਜੋ **ਨਵਾਂ** ਨਕੋਰ ਹੈ, ਅਤਿ ਆਧੁਨਿਕ ਹੈ, ਅਤੇ ਪੁੱਜ ਕੇ ਇਨਕਲਾਬੀ ਹੈ। ਇਹ ਤੱਤ ਹੈ ਸਮਾਜ ਦੀ ਤਰੱਕੀ ਦੀ ਅਗਲੀ ਸਟੇਜ ਤੇ ਪਹੁੰਚਣ ਦੇ ਵਸੀਲੇ ਪੈਦਾ ਕਰਨਾਂ ਜਿਸ ਸਟੇਜ ਵਿਚ ਇਤਹਾਸ ਦੀ ਕੇਂਦਰੀ ਥਾਂ ਇਨਸਾਨੀ-ਜ਼ਾਤ ਮੱਲੇਗੀ। ਸ਼ੈਅ ਜੋ ਨਵੀਂ ਹੈ ਤੇ ਉਭਰ ਰਹੀ ਹੈ ਅਤੇ ਸ਼ੈਅ ਜੋ ਪੁਰਾਣੀ ਹੈ ਤੇ ਗੁਜ਼ਰ ਰਹੀ ਹੈ, ਵਿਚਕਾਰ ਸੰਘਰਸ਼ ਉਪਰ ਦੱਸੇ ਗਏ ਦੋ ਮਸਲਿਆਂ ਉਤੇ ਕੇਂਦਰਤ ਹੈ।

ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਦੇ ਵਿਸ਼ੇ ਇਸ ਵੇਲੇ ਸੱਭ ਤੋਂ ਅਹਿਮੀਅਤ ਅਤੇ ਪੁੱਛ-ਗਿੱਛ ਰਖਾਉਣ ਵਾਲੇ ਵਿਸ਼ੇ ਹਨ ਕਿਉਂਕਿ ਇਹ ਅੱਗੇ ਜਾਣ ਦਾ ਰਾਹ ਵਿਖਾਉਂਦੇ ਹਨ। ਕਮਿਉਨਿਜ਼ਮ ਅਤੇ ਵਿਗਿਆਨਕ ਸਮਾਜਵਾਦ ਦੇ ਸਿਧਾਂਤ ਦੀ ਖੋਜ ਅਤੇ ੧੮੪੮ ਵਿਚ ਕਾਰਲ ਮਾਰਕਸ ਤੇ ਫਰੈਡਰਿਕ ਐਂਗਲਜ਼ ਵਲੋਂ *ਕਮਿਉਨਿਸਟ ਪਾਰਟੀ ਦਾ ਮੈਨੀਫੈਸਟੋ* ਛਾਇਆ ਕਰ ਦੇਣ ਦੇ ਵੇਲੇ ਤੋਂ ਗੱਲ ਇੰਜ ਹੀ ਰਹੀ ਹੈ। *ਕਮਿਉਨਿਸਟ ਮੈਨੀਫੈਸਟੋ* ਅਤੇ ਮਾਰਕਸ ਤੇ ਐਂਗਲਜ਼ ਦੀਆਂ ਹੋਰ ਬਹੁਤ ਸਾਰੀਆਂ ਲਿਖਤਾਂ ਅੱਜ ਵੀ ਸਾਰੇ ਜਹਾਨ ਵਿਚ ਸੱਭ ਤੋਂ ਵੱਧ ਮਕਬੂਲ ਹਨ।

ਸਰਮਾਏਦਾਰੀ ਆਪਣੇ ਜਨੂੰਨ ਦੇ ਆਲਮ ਵਿਚ ਮਾਰਕਸਵਾਦ ਨੂੰ ਤਬਾਹ ਕਰਨ ਲਈ ਹੱਥ ਪੈਰ ਮਾਰਦੀ ਹੈ, ਤੇ ਇਸ ਨੂੰ ਗੁਠੇ ਲਾਉਣ ਦੇ ਯਤਨ ਕਰਦੀ ਹੈ। ਲੇਕਿਨ, ਮਾਰਕਸਵਾਦ ਦੀ ਅਹਿਮੀਅਤ ਏਨੀ ਜ਼ਿਆਦਾ ਹੈ ਕਿ ਸਕੂਲਾਂ ਅਤੇ ਯੂਨੀਵਰਸਟੀਆਂ ਵਿਚ ਹਾਲੇ ਤੱਕ ਵੀ ਇਸ ਦੀ ਪੜ੍ਹਾਈ ਕਰਵਾਈ ਜਾਂਦੀ ਹੈ, ਭਾਵੇਂ ਕਿ ਇਸ ਪੜ੍ਹਾਈ ਦਾ ਉਦੇਸ਼ ਇਹੋ ਹੈ ਕਿ ਮਾਰਕਸਵਾਦ ਦੇ ਇਨਕਲਾਬੀ ਤੱਤ ਅਤੇ ਪ੍ਰੋਲੇਤਾਰੀ ਤਰਫਦਾਰੀ ਨੂੰ ਖ਼ਤਮ ਕਰਕੇ ਇਸ ਨੂੰ ਬੇਅਸਰ ਬਣਾ ਦਿਤਾ ਜਾਵੇ। ਲੇਕਿਨ ਇਸ ਦੀ ਸ਼ਕਤੀ ਐਸੀ ਕਮਾਲ ਦੀ ਹੈ ਕਿ ਮਜ਼ਦੂਰਾਂ, ਔਰਤਾਂ, ਨੌਜੁਆਨਾਂ ਤੇ ਵਿਦਿਆਰਥੀਆਂ, ਆਬਰੀਜਨਲ ਲੋਕਾਂ, ਆਪਣੇ ਹੱਕਾਂ ਲਈ ਲੜ ਰਹੇ ਹੋਰ ਲੋਕਾਂ, ਜਾਂ ਮਜ਼ਦੂਰ ਜਮਾਤ ਅਤੇ ਸਾਰੀ ਲੋਕਾਈ ਦੀ ਮੁਕਤੀ ਲਈ ਲੜਨ ਵਾਲਿਆਂ ਨੇ ਜੇ ਅੱਜ ਦੀਆਂ ਸਥਿਤੀਆਂ ਨੂੰ ਚੰਗੀ ਤਰ੍ਹਾਂ ਸਮਝਣਾਂ ਅਤੇ ਆਪਣੇ ਹੱਕ ਵਿਚ ਤਬਦੀਲ ਕਰਨ ਦਾ ਢੰਗ ਸਿਖਣਾਂ ਹੈ ਤਾਂ ਉਨ੍ਹਾਂ ਨੂੰ ਲਾਜ਼ਮੀ ਹੀ ਇਹ ਚੀਜ਼ ਡੂੰਗਿਆਈ ਨਾਲ ਸਮਝਣੀ ਪਏਗੀ ਕਿ ਆਧੁਨਿਕ ਕਮਿਉਨਿਜ਼ਮ ਕੀ ਹੈ। ਇਸ ਸਮੇਂ, ਜਦ ਸੰਸਾਰ ਇਕ ਇਤਿਹਾਸਕ ਮੋੜ ਵਿਚ ਦੀ ਲੰਘ ਰਿਹਾ ਹੈ, ਇਕ ਫੈਸਲੇ ਦੀ ਘੜੀ ਵਿਚ ਦੀ ਗੁਜ਼ਰ ਰਿਹਾ ਹੈ, ਕੋਈ ਵੀ ਤਾਕਤ ਆਧੁਨਿਕ ਕਮਿਉਨਿਜ਼ਮ ਅਤੇ ਕਮਿਉਨਿਸਟ ਪਾਰਟੀ ਨੂੰ ਚੰਗੀ ਤਰ੍ਹਾਂ ਸਮਝੇ ਬਗੈਰ ਨਾਂ ਤੇ ਵਰਤਮਾਨ ਨੂੰ ਸਮਝ ਸਕਦੀ ਹੈ ਤੇ ਨਾਂ ਹੀ ਭਵਿਖ ਲਈ ਠੀਕ ਨਜ਼ਰੀਆ ਪੇਸ਼ ਕਰ ਸਕਦੀ ਹੈ।

ਆਧੁਨਿਕ ਕਮਿਉਨਿਜ਼ਮ, ਕੋਈ ਜ਼ਿਦ ਤੇ ਅੜੇ ਰਹਿਣ ਦੀ ਗੱਲ ਨਹੀਂ ਤੇ ਨਾਂ ਹੀ ਕੋਈ ਬਹੁਤੀ ਦੂਰ ਦੀ ਗੱਲ ਹੈ। ਇਹ ਮਸਲਾ ਹੱਲ ਕਰਨ ਦਾ ਬੀੜਾ ਹੁਣ ਉਠਾ ਲਿਆ ਗਿਆ ਹੈ। ਮਾਰਕਸਵਾਦੀ-ਲੈਨਿਨਵਾਦੀ ਕਮਿਉਨਿਸਟ ਪਾਰਟੀਆਂ ਜਿਵੇਂ ਜਿਵੇਂ ਇਸ ਮਸਲੇ ਦੇ ਮੁਖ ਲੱਛਣਾਂ ਦਾ ਵੇਰਵਾ ਦੇ ਰਹੀਆਂ ਹਨ ਤੇ ਇਨਕਲਾਬ ਲਈ ਹਾਲਾਤ ਤਿਆਰ ਕਰਨ ਵਾਸਤੇ ਕਦਮ ਚੁਕ ਰਹੀਆਂ ਹਨ, ਤਿਉਂ ਤਿਉਂ **ਪੁਰਾਣਾਂ**, ਜਿਸ ਵਿਚ ਸਾਰੀਆਂ ਮਰਨ ਕਿਨਾਰੇ ਪਈਆਂ ਸ਼ਕਤੀਆਂ ਸ਼ਾਮਲ ਹਨ, ਇਹ ਹਊਆ ਖੜਾ ਕਰ ਰਿਹਾ ਹੈ। ਇਹ ਕਹਿ ਰਿਹਾ ਹੈ ਕਿ ਇਨਸਾਨੀਅਤ ਨੇ ਇਕ ਵੱਡਾ ਮਹਾਂਮਾਰੂ-ਯੁਧ ਵੇਖਣਾਂ ਹੀ ਵੇਖਣਾਂ ਹੈ। ਇਸ ਤਰ੍ਹਾਂ ਪਿਛੇ-ਖਿਚੂ ਸ਼ਕਤੀਆਂ ਇਕ ਡਰ ਅਤੇ ਚਿੰਤਾ ਦਾ ਮਾਹੌਲ ਬਣਾ ਕੇ **ਨਵੇਂ** ਪ੍ਰਤੀ ਇਕ ਬੇਦਲੀਲ ਬੇਪ੍ਰਵਾਹੀ ਪੈਦਾ ਕਰਦੀਆਂ ਹਨ। ਉਹ ਆਪਣਾਂ ਪੂਰਾ ਜ਼ੋਰ ਲਾਉਂਦੇ ਹਨ ਲੋਕਾਂ ਨੂੰ ਇਹ ਮਨਾਉਣ ਲਈ ਕਿ ਹੋਰ ਭਾਵੇਂ ਜੋ ਮਰਜ਼ੀ ਕਰੀ ਜਾਉ ਪਰ ਅੱਜ ਦੇ ਸੰਸਾਰ ਦੇ ਮੁਖ ਤੱਤ ਨੂੰ ਸਮਝਣ ਦੀ ਕੋਸ਼ਿਸ਼ ਬਿਲਕੁਲ ਨਹੀਂ ਕਰਨੀ, ਖ਼ਾਸ ਕਰ ਇਸਦੇ ਮੁਖ ਰੁਝਾਨ ਆਧੁਨਿਕ ਕਮਿਉਨਿਜ਼ਮ ਦੇ ਤਾਂ ਲਾਗੇ ਨਹੀਂ ਲੱਗਣਾਂ। ਇਸ ਦੇ ਨਾਲ ਨਾਲ ਉਹ ਆਪਣੇ ਨਿਰਦਈ ਵਤੀਰੇ ਤੇ ਮਾਨੁੱਖਤਾ ਦੀ ਨਸਲਕੁਸ਼ੀ ਦੇ ਆਪਣੇ ਕਾਰਿਆਂ ਨੂੰ "ਖੁਲ੍ਹੀ ਮੰਡੀ", "ਵਿਚਾਰਧਾਰਕ ਤੇ ਸਿਆਸੀ ਬਹੁ-ਵਾਦ", "ਜਮਹੂਰੀਅਤ" ਅਤੇ "ਹਿਊਮਨ ਰਾਈਟਸ" ਦੇ "ਉਚੇ" ਉਦੇਸ਼ਾਂ ਦੀ ਆੜ ਹੇਠ ਜਾਇਜ਼ ਠਹਿਰਾਉਂਦੇ ਹਨ। ਉਹ ਰੋਜ਼ਾਨਾਂ ਭਾਂਤ ਭਾਂਤ ਦੇ ਬਹਾਨਿਆਂ ਹੇਠ ਕੋਈ ਨਾਂ ਕੋਈ ਨਵਾਂ ਸੰਕਟ ਖੜਾ ਕਰਦੇ ਹਨ ਅਤੇ

ਲੋਕਾਂ ਉਤੇ ਅੰਤਾਂ ਦਾ ਦਬਾਅ ਪਾਉਂਦੇ ਹਨ ਕਿ ਹਰੇਕ ਕੀਮਤੀ ਗੱਲ ਨੂੰ ਛੱਡ ਦਿਉ ਤੇ ਹੁਣ ਤੱਕ ਜੋ ਵੀ ਤਰੱਕੀ ਵਾਲੀ ਗੱਲ ਹੋਈ ਹੈ, ਉਸ ਨੂੰ ਖ਼ਤਮ ਕਰ ਦਿਉ।

ਅਸਲੀਅਤ ਨੂੰ ਮੰਨਣ ਤੋਂ ਇਨਕਾਰ ਤੇ ਜ਼ਿਦਗੀ ਦੀਆਂ ਠੋਸ ਪ੍ਰਸਥਿਤੀਆਂ ਤੋ ਮੁਨਕਰ ਹੋਣ ਦਾ ਇਜ਼ਹਾਰ ਹਰ ਤਰ੍ਹਾਂ ਦੀਆਂ ਗਲੀਆਂ-ਸੜੀਆਂ ਅਤੇ ਉਮਰ ਭੋਗ ਚੁਕੀਆਂ ਚੀਜ਼ਾਂ ਦੇ ਪ੍ਰਚਾਰ ਰਾਹੀਂ ਹੁੰਦਾ ਹੈ। ਇਥੋਂ ਤੱਕ ਕਿ ਪਿਆਰ ਨੂੰ ਵੀ ਬੜੇ ਸੀਮਤ ਅਤੇ ਤੰਗ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਮੁਹੱਬਤ ਨੂੰ ਹੰਕਾਰ, ਖ਼ੁਦਗਰਜ਼ੀ, ਅਨੰਦਪੂਰਤੀ ਅਤੇ ਮੌਜ-ਮੇਲੇ ਤੱਕ ਹੀ ਮਹਿਦੂਦ ਕਰਕੇ ਇਸ ਦੀ ਰੌਸ਼ਨੀ ਖ਼ਤਮ ਕਰ ਦਿਤੀ ਜਾਂਦੀ ਹੈ। ਵਿਅਕਤੀਗੱਤ ਪਿਆਰ ਨੂੰ ਬੜੀ ਬੇਸ਼ਰਮੀ ਨਾਲ ਸਮਾਜੀ ਪਿਆਰ ਦੇ ਖਿਲਾਫ਼ ਖੜਾ ਕੀਤਾ ਜਾਂਦਾ ਹੈ, ਜਿਸ ਬਗੈਰ ਜ਼ਾਤੀ ਪਿਆਰ ਦਾ ਇਜ਼ਹਾਰ ਵੀ ਠੋਸ ਤਰੀਕੇ ਨਾਲ ਨਹੀਂ ਹੋ ਸਕਦਾ। ਲੋਕਾਂ ਦੀ ਜ਼ਿੰਦਗੀ ਦਾ ਮਕਸਦ ਹੀ ਸਿਰਫ਼ ਇਹ ਬਣਾ ਦਿਤਾ ਗਿਆ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਜ਼ਿੰਦਗੀ ਗੁਜ਼ਾਰੋ, ਕਿਉਂਕਿ ਲੋਕਾਂ ਨੂੰ ਨਾ ਕੋਈ ਕੰਮ ਦੀ ਗਰੰਟੀ ਹੈ ਨਾਂ ਮਹਿਫ਼ੂਜ਼ ਜ਼ਿੰਦਗੀ ਦੀ। ਉਹ ਇਸ ਬੇਰਹਿਮ ਦੁਨੀਆਂ ਵਿਚ ਮਾੜਾ ਮੋਟਾ ਸੁਖ ਹਾਸਲ ਕਰ ਲੈਣ ਵਿਚ ਹੀ ਗਨੀਮਤ ਸਮਝਦੇ ਹਨ ਤੇ ਉਨ੍ਹਾਂ ਨੂੰ ਉਕਾ ਪਤਾ ਨਹੀਂ ਲੱਗਦਾ ਕਿ ਇਨਸਾਨ ਨੂੰ ਹੋਰ ਕੀ ਕੁਝ ਹਾਸਲ ਕਰਨਾਂ ਚਾਹੀਦਾ ਹੈ।

ਸਾਮਰਾਜੀ ਤੇ ਪੂੰਜੀਵਾਦੀ ਮੁਲਕ ਆਸ ਕਰਦੇ ਹਨ ਕਿ ਇਸ ਤਰਕਹੀਣ ਤਰੀਕੇ ਨਾਲ ਉਹ ਲੋਕਾਂ ਨੂੰ ਅਸਲੀਅਤਾਂ ਵੱਲ ਤੱਕਣ ਤੇ ਅੱਜ ਦੀਆਂ ਪ੍ਰਸਥਿਤੀਆਂ ਅਤੇ ਉਸ ਸਿਧਾਂਤਕ ਸੋਚ ਵੱਲ ਗੌਰ ਕਰਨ ਤੋਂ ਰੋਕ ਦੇਣਗੇ ਜੋ ਸੋਚ ਇਨਸਾਨਾ ਦੇ ਰਹਿਣ ਲਾਇਕ ਦੁਨੀਆਂ ਉਸਾਰਨ ਅਤੇ ਮਨੁੱਖ ਨੂੰ ਆਪਣਾਂ ਇਤਹਾਸ ਆਪ ਘੜਨ ਦੇ ਕਾਬਲ ਬਣਾਉਣ ਲਈ ਕਾਰਜਸ਼ੀਲ ਹੈ।

ਇਸ ਇਤਿਹਾਸਕ ਹਲਚਲ ਦੇ ਦੌਰ ਵਿਚ ਆਧੁਨਿਕ ਕਮਿਉਨਿਜ਼ਮ ਅਤੇ ਸੀ.ਪੀ.ਸੀ.(ਮ-ਲ) ਦਾ ਕੀ ਸਥਾਨ ਹੈ? ਸੀ.ਪੀ.ਸੀ.(ਮ-ਲ) ਕਿਹੜੇ ਤੱਤ ਨਾਲ ਨਵੇਂ ਦੀ ਵਿਆਖਿਆ ਕਰੇਗੀ? ਪੁਰਾਣੇ ਉਤੇ ਨਵੇਂ ਦੀ ਜਿਤ ਕਿਵੇਂ ਯਕੀਨੀ ਬਣਾਏਗੀ? ਇਸ ਦੌਰ ਵਿਚ ਸੀ.ਪੀ.ਸੀ.(ਮ-ਲ) ਦਾ ਕੀ ਰੋਲ ਹੈ? ਹੋਰ ਸਿਆਸੀ ਤੇ ਵਿਚਾਰਧਾਰਕ ਸ਼ਕਤੀਆਂ ਦਾ ਇਸ ਵੇਲੇ ਕੀ ਰੋਲ ਹੈ? ਇਹ ਕੁਝ ਐਸੇ ਸਵਾਲਾਤ ਹਨ ਜੋ ਉਨ੍ਹਾਂ ਸਾਰਿਆਂ ਨਾਲ ਡੂੰਘਾ ਤੁਅੱਲਕ ਰੱਖਦੇ ਹਨ ਜੋ ਆਪਣੇ ਆਪ ਨੂੰ ਸਮਾਜ ਦੀ ਤਰੱਕੀ ਲਈ ਅਰਪਣ ਕਰ ਚੁਕੇ ਹਨ। ਲੋਕਾਂ ਨੂੰ ਆਪਣੇ ਵਿਚਾਰਾਂ ਨੂੰ ਇਕ ਸ਼ਕਲ ਦੇਣ ਦੀ ਲੋੜ ਹੈ। ਇਹ ਦੱਸਣ ਦੀ ਲੋੜ ਹੈ ਕਿ ਸਮਾਜ ਨੂੰ ਤਰੱਕੀ ਵੱਲ ਤੋਰਨ ਲਈ ਕਿਹੜੀ ਚੀਜ਼ ਅੱਗੇ ਲਿਆਂਦੀ ਜਾਵੇ ਜੋ ਇਸ ਸਿਸਟਮ ਦੇ ਅੰਤਰ-ਵਿਰੋਧਾਂ ਉਤੇ ਅਧਾਰਤ ਤਬਦੀਲੀ, ਗਤੀ ਅਤੇ ਵਿਕਾਸ ਦੇ ਨਿਯਮਾਂ ਨਾਲ ਮੇਲ ਖਾਂਦੀ ਹੋਵੇ।

ਧੱਕਾ ਦਿਤੇ ਬਗੈਰ ਪਿਛੇ-ਖਿਚੂ ਤੇ ਗਲ-ਸੜ ਚੁਕੀਆਂ ਚੀਜ਼ਾਂ ਵੀ ਨਹੀਂ ਡਿਗਦੀਆਂ ਹੁੰਦੀਆਂ। ਅੱਜ ਇਹ ਗੱਲ ਹੋਰ ਵੀ ਸੱਚੀ ਹੈ। ਹੰਕਾਰੀ, ਜਾਬਰ ਤੇ ਬੇਦਰਦ ਸਮਾਜ-ਵਿਰੋਧੀ ਮੁਹਿੰਮ ਦਾ ਮੂੰਹ ਮੋੜਨ ਲਈ ਸਿਰਫ਼ ਸ਼ਿਕਵੇ-ਸ਼ਕਾਇਤਾਂ ਕਰਨਾਂ ਹੀ ਕਾਫ਼ੀ ਨਹੀਂ, ਇਸ ਨੂੰ ਹਰਾਉਣ ਲਈ ਕਾਰਵਾਈ ਕਰਨ ਦੀ ਜ਼ਰੂਰਤ ਹੈ। ਇਸ ਕੰਮ ਦੀ ਸਫ਼ਲਤਾ ਲਈ ਸੱਭ ਤੋਂ ਅਹਿਮ ਤੱਤ ਸੀ.ਪੀ.ਸੀ.(ਮ-ਲ) ਨੂੰ ਉਸਾਰਨਾਂ ਅਤੇ ਆਧੁਨਿਕ ਕਮਿਉਨਿਜ਼ਮ ਦੇ ਸਿਧਾਂਤ ਦੀ ਵਿਆਖਿਆ ਕਰਨਾਂ ਹੈ ਤਾਂ ਕਿ ਇਨਕਲਾਬੀ ਜਮਾਤੀ ਜਦੋਜਹਿਦ ਚਲਾਉਣ ਲਈ ਮੁੱਖ ਅੰਤਰ-ਮੁਖੀ ਹਾਲਾਤ ਸਾਜ਼ਗਾਰ ਬਣਨ ਅਤੇ ਜਦੋ ਪੁਰਾਣਾਂ ਡਿਗ ਪਵੇ ਤਾਂ ਨਵਾਂ ਇਕ ਜਾਗਰੂਕ ਤਰੀਕੇ ਨਾਲ ਉਸ ਦੀ ਥਾਂ ਸੰਭਾਲੇ। ਬਜਾਏ ਇਸ ਭੁਲੇਖੇ ਵਿਚ ਰਹਿ ਕਿ ਵਕਤ ਬਰਬਾਦ ਕਰਨ ਦੇ ਕਿ "ਪਾਰਲੀਮੈਂਟਰੀ" ਅਤੇ "ਪਾਰਲੀਮੈਂਟ ਤੋਂ ਬਾਹਰ" ਜਦੋਜਹਿਦਾਂ ਕਰਕੇ "ਫੈਸਲੇ-ਲੈਣ ਵਾਲਿਆਂ" ਨੂੰ ਸਿਧੇ ਰਾਹ ਪਾਇਆ ਜਾ ਸਕਦਾ ਹੈ, ਹੁਣ ਵੇਲਾ ਹੈ ਅੱਗੇ ਵੱਧਣ ਦਾ ਤੇ ਉਨ੍ਹਾਂ ਇਨਕਲਾਬੀ ਝੱਖੜਾਂ ਲਈ ਤਿਆਰੀ ਕਰਨ ਦਾ ਜੋ ਆਉਣ ਹੀ ਵਾਲੇ ਹਨ। ਔਰਤਾਂ, ਮਜ਼ਦੂਰ, ਨੌਜੁਆਨ, ਵਿਦਿਆਰਥੀ, ਕੌਮੀ ਘੱਟ-ਗਿਣਤੀਆਂ, ਆਬਰੀਜਨਲ ਲੋਕ, ਮੁੱਕਦੀ ਗੱਲ ਕਿ ਇਕ ਬਹੁਤ ਵੱਡੀ ਗਿਣਤੀ ਦੇ ਲੋਕ ਇਨਾਂ ਫੈਸਲੇ-ਲੈਣ ਵਾਲਿਆਂ ਨੂੰ "ਪ੍ਰਭਾਵਤ" ਨਹੀਂ ਕਰਨਾਂ ਚਾਹੁੰਦੇ, ਖ਼ੁਦ ਫੈਸਲੇ-ਕਰਨ ਵਾਲੇ ਬਣਨਾਂ ਚਾਹੁੰਦੇ ਹਨ। ਹੁਣ ਵੇਲਾ ਹੈ ਤੇ ਵੇਲੇ ਨੂੰ ਗੁਆਉਣਾਂ ਸਿਆਣੀ ਗੱਲ ਨਹੀ ਹੁੰਦੀ। ਸੀ.ਪੀ.ਸੀ.(ਮ-ਲ) ਇਹ ਕਿਤਾਬ ਇਤਹਾਸਕ ਜਿੱਤ ਨੂੰ ਸਮਰਪਣ ਕਰਦੀ ਹੈ, ਮਜ਼ਦੂਰ ਜਮਾਤ ਅਤੇ ਲੋਕਾਂ ਦੀ ਜਦੋਜਹਿਦ ਨੂੰ ਸਮਰਪਣ ਕਰਦੀ ਹੈ, ਜਦੋਜਹਿਦ ਜੋ ਲੋਕਾਂ ਦੇ ਖ਼ੁਦ ਕੇਂਦਰ ਵਿਚ ਆਉਣ ਅਤੇ ਫੈਸਲੇ-ਕਰਨ ਵਾਲੇ ਬਣਨ ਲਈ ਲੜੀ ਜਾ ਰਹੀ ਹੈ।

## ਪਹਿਲਾ ਭਾਗ

# ਕਮਿਊਨਿਜ਼ਮ ਦਾ ਹਊਆ

ਆਧੁਨਿਕ ਕਮਿਊਨਿਜ਼ਮ ਅਤੇ ਕਮਿਊਨਿਸਟ ਪਾਰਟੀ ਹਾਲੇ ਵੀ ਸੰਸਾਰ ਵਿਚ ਦੋ ਐਸੇ ਸਵਾਲ ਹਨ ਜੋ ਲੋਕਾਂ ਦੇ ਜਜ਼ਬਾਤਾਂ ਨੂੰ ਸੱਭ ਤੋਂ ਬਹੁਤਾ ਟੁੰਬਦੇ ਹਨ ਅਤੇ ਸਾਮਰਾਜ ਤੇ ਪਿਛੇ-ਖਿਚੂ ਬੁਰਜੁਆਜ਼ੀ ਦੇ ਦਿਲਾਂ ਵਿਚ ਦਹਿਲ ਪੈਦਾ ਕਰਦੇ ਹਨ। ਐਸ ਵੇਲੇ ਇਹ ਗੱਲ ਹੋਰ ਵੀ ਸੱਚੀ ਹੈ ਕਿਉਂਕਿ ਸੰਸਾਰ ਇਕ ਇਹੋ ਜਿਹੇ ਮਹਾਨ ਇਨਕਲਾਬ ਲਈ ਅੰਤਿਮ ਤਿਆਰੀ ਦੇ ਦੌਰ ਵਿਚ ਦੀ ਲੰਘ ਰਿਹਾ ਜਿਹੋ ਜਿਹਾ ਇਨਕਲਾਬ ਇਤਿਹਾਸ ਵਿਚ ਪਹਿਲਾਂ ਕਦੇ ਨਹੀਂ ਹੋਇਆ। ਇਨ੍ਹਾਂ ਦੋ ਵਿਸ਼ਿਆਂ ਬਾਰੇ ਅਜੋਕੇ ਜਹਾਨ ਵਿਚ ਚਰਚਾ ਵੀ ਬਥੇਰੀ ਚਲਦੀ ਹੈ ਤੇ ਇਨ੍ਹਾਂ ਬਾਰੇ ਗਲਤਫਹਿਮੀਆਂ ਵੀ ਬੜੀਆਂ ਹਨ। ਇਨ੍ਹਾਂ ਨੂੰ ਬਦਨਾਮ ਕਰਨ ਲਈ ਅੰਤਾਂ ਦੀਆਂ ਕੋਸ਼ਿਸ਼ਾਂ ਚਲਦੀਆਂ ਰਹਿੰਦੀਆਂ ਹਨ। ਕਿਥੇ ਹੈ ਅਜਿਹਾ ਟਿਪਣੀਕਾਰ ਜੋ ਇਨ੍ਹਾਂ ਬਾਰੇ ਤਤਕਾਲ ਫੈਸਲੇ ਨਹੀਂ ਦਿੰਦਾ? ਕਿਥੇ ਹੈ ਉਹ ਪ੍ਰੋਫੈਸਰ ਜੋ ਇਹ ਦਲੀਲ ਨਹੀਂ ਦਿੰਦਾ ਕਿ ਵੇਖੋ ਜੀ, ਸਿਧਾਂਤ ਵਿਚ ਤੇ ਇਹ ਚੀਜ਼ਾਂ ਪੁਖਤਾ ਨੇ ਪਰ ਅਮਲ ਵਿਚ ਸੰਭਵ ਨਹੀਂ? ਕਿਥੇ ਹੈ ਐਸਾ ਟਰੇਡ ਯੂਨੀਅਨ ਨੇਤਾ ਜੋ ਇਹ ਮੱਤਾਂ ਨਹੀਂ ਦਿੰਦਾ ਕਿ ਆਧੁਨਿਕ ਕਮਿਊਨਿਜ਼ਮ ਅਤੇ ਕਮਿਊਨਿਸਟ ਪਾਰਟੀ -ਕਨੇਡਾ ਵਿਚ ਸੀ.ਪੀ.ਸੀ.(ਮ-ਲ)- ਉਸਾਰਨ ਦੇ ਔਖੇ ਅਤੇ ਲੰਬੇ ਰਾਹ ਪੈਣ ਨਾਲੋਂ ਆਰਥਕ ਜਦੋਜਹਿਦ ਕਰਨ ਦਾ ਰਾਹ ਠੀਕ ਹੈ? ਕਿਹੜਾ ਬੰਦਾ ਹੈ ਜੋ ਬਗੈਰ ਕਿਸੇ ਥਹੁ-ਪਤੇ ਦੇ ਅਤੇ ਬਗੈਰ ਕੁਝ ਜਾਣਨ ਦੀ ਕੋਸ਼ਿਸ਼ ਕੀਤੇ ਦੇ, ਇਨ੍ਹਾਂ ਬਾਰੇ ਨਿਰਣੇ ਨਹੀਂ ਕੱਢਦਾ? ਸਾਮਰਾਜ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਨੇ ਜਹਾਨ ਵਿਚੋਂ ਇਨ੍ਹਾਂ ਦਾ ਖੁਰਾ-ਖੋਜ ਮਿਟਾ ਦੇਣ ਲਈ ਕਿਹੜਾ ਜੁਰਮ ਨਹੀਂ ਕੀਤਾ?

੧੪੮ ਸਾਲ ਪਹਿਲਾਂ, ੧੮੪੮ ਵਿਚ ਜਦ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਪਹਿਲੀ ਵਾਰ ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ ਪ੍ਰਕਾਸ਼ਤ ਕੀਤਾ ਸੀ, ਉਨ੍ਹਾਂ ਨੇ ਹੇਠਾਂ ਲਿੱਖੀ ਗੱਲ ਕਹੀ ਸੀ ਜੋ ਸਿਰਫ਼ ਉਸ ਵੇਲੇ ਦੀ ਸਥਿਤੀ ਦਾ ਹੀ ਵਰਨਣ ਨਹੀਂ ਕਰਦੀ ਬਲਕਿ ਉਦੋਂ ਤੋਂ ਲੈ ਕੇ ਹਾਲੇ ਤੱਕ ਇਹੋ ਸਿਲਸਿਲਾ ਚੱਲਦਾ ਆ ਰਿਹਾ ਹੈ। ਉਨ੍ਹਾਂ ਲਿਖਿਆ ਸੀ,

" ਇਕ ਭੂਤ-ਪ੍ਰੇਤ ਯੋਰਪ ਨੂੰ ਭੈਅ-ਭੀਤ ਕਰ ਰਿਹਾ ਹੈ -ਕਮਿਊਨਿਜ਼ਮ ਦਾ ਪ੍ਰੇਤ। ਪੁਰਾਣੇ ਯੋਰਪ ਦੀਆਂ ਸਾਰੀਆਂ ਸ਼ਕਤੀਆਂ ਇਸ ਪ੍ਰੇਤ ਦੀ ਛਾਇਆ ਤੋਂ ਖਹਿੜਾ ਛੁਡਾਉਣ ਲਈ ਇਕ ਪਵਿਤਰ-ਗੱਠਜੋੜ ਕਰੀ ਬੈਠੀਆਂ ਹਨਃ ਪੋਪ ਤੇ ਜ਼ਾਰ, ਮੈਟਰਨਿਚ ਤੇ ਗੁਈਜ਼ੋਟ, ਫਰੈਂਚ ਰੈਡੀਕਲ ਤੇ ਜਰਮਨ ਪੁਲਿਸ-ਮੁਖ਼ਬਰ, ਸਾਰੇ ਇਸ ਗੱਠਜੋੜ ਵਿਚ ਸ਼ਾਮਲ ਹਨ।
ਕਿਹੜੀ ਵਿਰੋਧੀ ਪਾਰਟੀ ਹੈ ਜਿਸ ਬਾਰੇ ਹੁਕਮਰਾਨ ਪਾਰਟੀ ਦੁਹਾਈ ਨਹੀਂ ਪਾਉਂਦੀ ਕਿ ਇਹ ਕਮਿਊਨਿਸਟ ਹਨ? ਉਹ ਕਿਹੜੀ ਵਿਰੋਧੀ ਪਾਰਟੀ ਹੈ ਜਿਨ੍ਹੇ ਇਹੋ ਗੱਲ ਆਪਣੇ ਅਗਾਂਹਵਧੂ ਰਕੀਬਾਂ ਬਾਰੇ ਨਹੀਂ ਜਾਂ ਪਿਛੇ-ਖਿੱਚੂ ਰਕੀਬਾਂ ਬਾਰੇ ਨਹੀਂ ਕਹੀ?
ਇਸ ਹਕੀਕਤ ਦੇ ਸਿਟੇ ਵਜੋਂ ਦੋ ਚੀਜ਼ਾਂ ਸਾਹਮਣੇ ਆਈਆਂ ਹਨ ੧. ਯੂਰਪ ਦੀਆਂ ਸਾਰੀਆਂ ਸ਼ਕਤੀਆਂ ਕਮਿਊਨਿਜ਼ਮ ਨੂੰ ਖੁਦ ਇਕ ਸ਼ਕਤੀ ਸਵੀਕਾਰ ਕਰ ਚੁਕੀਆਂ ਹਨ। ੨. ਹੁਣ ਵਕਤ ਆ ਗਿਆ ਹੈ ਕਿ ਕਮਿਊਨਿਸਟ ਸ਼ਰੇਆਮ ਸਾਰੇ ਜਹਾਨ ਅੱਗੇ ਆਪਣੇ ਖਿਆਲ, ਆਪਣੇ ਉਦੇਸ਼, ਆਪਣੇ ਨਿਸ਼ਾਨੇ ਪੇਸ਼ ਕਰਨ ਅਤੇ ਕਮਿਊਨਿਜ਼ਮ ਦੇ ਹਊਏ ਬਾਰੇ ਦਸੀ ਜਾਂਦੀ ਇਸ ਪਰੀ-ਕਥਾ ਦਾ ਜੁਆਬ ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ ਜਾਰੀ ਕਰ ਕੇ ਦੇਣ।"

੧੮੪੮ ਤੋਂ ਲੈ ਕੇ, ਖ਼ਾਸ ਕਰ ੧੯੧੭ ਤੋਂ ਲੈ ਕੇ, ਜਦ ਰੂਸ ਵਿਚ ਮਹਾਨ ਅਕਤੂਬਰ ਇਨਕਲਾਬ ਦੀ ਜਿਤ ਦੇ ਨਤੀਜੇ ਵਜੋਂ ਪਹਿਲੀ ਪ੍ਰੋਲੇਤਾਰੀ ਸਟੇਟ ਹੋਂਦ ਵਿਚ ਆਈ, ਸੰਸਾਰ ਭਰ ਦੇ ਪੈਮਾਨੇ ਉਤੇ ਵੀ ਅਤੇ ਹਰੇਕ ਮੁਲਕ ਦੇ ਅੰਦਰਲੀ ਜਮਾਤੀ ਜਦੋਜਹਿਦ ਵੀ ਇਸੇ ਚੌਖਟੇ ਦੇ ਅੰਦਰ ਲੜੀ ਜਾਂਦੀ ਰਹੀ ਹੈ। ਪੁਰਾਣੇ ਯੋਰਪ ਦੀਆਂ ਸ਼ਕਤੀਆਂ- ਇਸ ਵੇਲੇ ਸਾਮਰਾਜ ਤੇ ਸਾਰੇ ਜਹਾਨ ਦੀ ਪਿਛੇ-ਖਿਚੂ ਬੁਰਜੁਆਜ਼ੀ- ਨੇ ਪ੍ਰੋਲੇਤਾਰੀ ਇਨਕਲਾਬ ਦੇ ਡਰਾਉਣੇ ਪ੍ਰੇਤ ਤੋਂ ਆਪਣੀ ਖਲਾਸੀ ਲਈ, ਅਤੇ ਕਮਿਊਨਿਜ਼ਮ ਦੀ ਫ਼ਤਿਹ ਜੋ ਉਨ੍ਹਾਂ ਲਈ ਲਾਜ਼ਮੀ ਜਾਨਲੇਵਾ ਸਿਧ ਹੋਵੇਗੀ, ਤੋਂ ਆਪਣੀ ਜਾਨ ਬਚਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਇਸ ਕਰਕੇ ਉਨ੍ਹਾਂ ਨੇ ਕਮਿਊਨਿਜ਼ਮ ਦੀ ਇਕ ਅਤਿ ਡਰਾਉਣੀ ਤਸਵੀਰ ਪੇਸ਼ ਕੀਤੀ ਹੈ, ਤੇ ਇਕ ਪਰੀ-ਕਥਾ ਦਾ ਪ੍ਰੇਤ ਬਣਾਇਆ ਹੋਇਆ ਹੈ ਕਮਿਊਨਿਜ਼ਮ ਨੂੰ, ਇਕ ਦਿਮਾਗੀ ਫਤੂਰ ਜਿਸ ਰਾਹੀਂ ਉਹ ਸਾਰੇ ਸੰਸਾਰ ਨੂੰ ਬੰਦੀ ਬਣਾਈ ਬੈਠੇ ਹਨ ਅਤੇ ਅਥਾਹ ਤਬਾਹੀ ਤੇ ਮੌਤ ਦਾ ਕਾਰਨ ਬਣਦੇ ਹਨ। ਇਸ ਦੇ ਨਾਲ ਹੀ ਉਹ ੧੯ਵੀਂ ਸਦੀ ਵਿਚ ਵਾਪਰੇ ਸਮਾਜੀ ਅਤੇ ਕੁਦਰਤੀ ਸਾਇੰਸ ਦੇ ਕ੍ਰਾਂਤੀਕਰਣ ਤੋਂ ਵੀ ਮੂੰਹ ਮੋੜ ਗਏ ਹਨ, ਖ਼ਾਸ ਕਰਕੇ ਕਾਰਲ ਮਾਰਕਸ ਦੀਆਂ ਖੋਜਾਂ ਤੋਂ। ਇਸ ਸਾਰੀ ਚੀਜ਼ ਦਾ ਨਤੀਜਾ ਇਹ ਨਿਕਲਿਆ ਹੈ ਕਿ ਇਸ ਵੇਲੇ ਬੁਰਜੁਆਜ਼ੀ ਦਾ ਨਜ਼ਰੀਆ ਮੱਧਕਾਲੀ ਸਮਿਆਂ ਵਰਗਾ ਹੋ ਨਿਬੜਿਆ ਹੈ। ਇਹ ਨਜ਼ਰੀਆ ਬੜਾ ਕੱਟੜ ਹੈ ਜੋ ਕਾਰਨ ਅਤੇ ਅਸਰ ਨੂੰ ਸਮਝਣ ਵਿਚ ਨਾਅਹਿਲ ਹੈ, ਅਤੇ ਸਿਰਫ਼ ਬੁਰਜੁਆ ਰਾਜ ਚਾਲੂ ਰੱਖਣ ਨੂੰ ਉਚਿਤ ਠਹਿਰਾਉਣ ਵਿਚ ਹੀ ਰੁਚੀ ਰੱਖਦਾ ਹੈ। ਇਹ ਸੋਚਣੀ, ਇਹ ਨਜ਼ਰੀਆ, ਕੁਦਰਤ ਅਤੇ ਸਮਾਜ ਦੀ ਤਬਦੀਲੀ, ਵਿਕਾਸ ਅਤੇ ਗਤੀ ਦੇ ਅਧਾਰ ਨੂੰ ਨਹੀਂ ਸਵੀਕਾਰਦਾ। ਇਹ ਕਹਿੰਦਾ ਹੈ ਕਿ ਪੂੰਜੀ ਅਤੇ ਕਿਰਤ ਦੀ ਆਜ਼ਾਦ ਆਵਾਜਾਈ ਹੀ ਹਰ ਸ਼ੈਅ ਦੀ ਗਤੀ ਦਾ ਮੁਖ ਕਾਰਨ ਹੈ। ਜਿਵੇਂ ਸਾਮੰਤਵਾਦ ਵੇਲੇ ਦੁਨੀਆਂ ਦਾ ਘੜਨਹਾਰਾ ਅਤੇ ਚਾਲਕਸ਼ਕਤੀ ਇਹ ਰੱਬ ਨੂੰ ਮੰਨਦੇ ਸਨ ਹੁਣ ਇਨ੍ਹਾਂ ਦਾ ਰੱਬ ਪੂੰਜੀ ਹੈ। ਬੁਰਜੁਆਜ਼ੀ ਦੀ ਵਿਚਾਰਧਾਰਕ ਕੰਗਾਲੀ ਦਾ ਇਹ ਆਲਮ ਹੈ ਕਿ ਇਹ ਸਾਰੀ ਮਾਨੁਖਤਾ ਨੂੰ ਮੱਧਕਾਲੀਨਵਾਦ ਤੇ ਰਹੱਸਵਾਦ ਵੱਲ ਧੱਕ ਰਹੇ ਹਨ। ਲੋਕਾਂ ਨੂੰ ਹਰ ਤਰਾਂ ਦੀ ਪਖੰਡਬਾਜ਼ੀ ਸਵੀਕਾਰ ਕਰਨ ਲਈ, ਆਰਥਕ, ਫਲਸਫੇ ਅਤੇ ਸਿਆਸੀ ਸਿਧਾਂਤਾਂ ਦੀ ਬੇਹੂਦਗੀ ਨੂੰ ਸਵੀਕਾਰ ਕਰਨ ਲਈ, ਮਜਬੂਰ ਕੀਤਾ ਜਾ ਰਿਹਾ ਹੈ। ਆਧੁਨਿਕ ਕਮਿਊਨਿਜ਼ਮ ਦੇ ਸਿਵਾ ਬੁਰਜੁਆਜ਼ੀ ਨੂੰ ਹਰ ਚੀਜ਼ ਮਨਜ਼ੂਰ ਹੈ। ਹਾਲਾਤ ਦਾ ਹੋਕਾ ਸੁਣ ਕੇ ਇਤਹਾਸ ਦੀ ਸਟੇਜ ਤੋਂ ਲਾਂਭੇ ਹੋਣ ਦੀ ਬਜਾਏ ਬੁਰਜੁਆਜ਼ੀ ਜ਼ੋਰ ਲਾ ਰਹੀ ਹੈ ਕਿ ਲੋਕੀ ਤਜਰਬੇ ਅਤੇ ਗਿਆਨ ਦਾ ਲਾਭ ਨਾ ਲੈ ਸਕਣ ਅਤੇ ਉਨ੍ਹਾਂ ਉਤੇ ਨਿਤ ਨਵੇਂ ਹਮਲੇ ਕਰਨ ਲਈ ਸੰਦ-ਵਲੇਵਾਂ ਇਕੱਠਾ ਕਰੀ ਜਾ ਰਹੀ ਹੈ। ਜੇ ਕੋਈ ਖ਼ਿਲਾਫ਼ ਬੋਲਦਾ ਹੈ ਤੇ ਠੱਪਾ ਲਾ ਦੇਂਦੇ ਹਨ ਕਿ ਇਸਦਾ "ਰਵੱਈਆ" ਠੀਕ ਨਹੀਂ। ਅਤੇ ਫੇਰ ਉਨ੍ਹਾਂ ਦਾ "ਰਵੱਈਆ" ਸੂਤ ਕਰਨ ਦੇ ਬਹਾਨੇ ਜਾਂ ਅਖੌਤੀ "ਸ਼ਰਾਰਤੀ-ਸਟੇਟਾਂ" ਨੂੰ ਸਬਕ ਸਿਖਾਉਣ ਦੇ ਬਹਾਨੇ ਉਨ੍ਹਾਂ ਤੇ ਧਾਵਾ ਬੋਲ ਦਿਤਾ ਜਾਂਦਾ ਹੈ।

੧੯੧੭ ਦੇ ਮਹਾਨ ਅਕਤੂਬਰ ਇਨਕਲਾਬ ਦੀ ਜਿੱਤ ਮਗਰੋਂ ਕਨੇਡਾ ਸਮੇਤ ੧੪ ਸਾਮਰਾਜੀ ਮੁਲਕਾਂ ਨੇ ਇਕੱਠੇ ਹੋ ਕੇ ਇਨਕਲਾਬ ਨੂੰ ਕੁਚਲਣ ਲਈ ਸੋਵੀਅਤ ਰੂਸ ਉਤੇ ਹਮਲਾ ਕੀਤਾ ਸੀ, ਪਰ ਮੂੰਹ ਦੀ ਖਾਣੀ ਪਈ। ਦੂਸਰੀ ਸੰਸਾਰ-ਜੰਗ ਤੋਂ ਪਹਿਲਾਂ ਸਾਰੇ ਪੁਰਾਣੇ ਯੋਰਪ ਨੇ ਦੁਸ਼ਟ ਅਡੋਲਫ ਹਿਟਲਰ ਨੂੰ ਪੱਠੇ ਪਾਏ ਤੇ ਉਂਗਲੀ ਦਿਤੀ ਕਿ ਸੰਸਾਰ ਨੂੰ ਸੋਵੀਅਤ ਯੂਨੀਅਨ ਦੇ "ਲਾਲ ਖ਼ਤਰੇ" ਤੋਂ ਖਲਾਸ ਕਰਾਏ। ਕਨੇਡਾ ਤੇ ਯੂ.ਐਸ. ਚੁੱਪ-ਚਾਪ ਤਮਾਸ਼ਬੀਨ ਬਣੇ ਵੇਖਦੇ ਰਹੇ। ਪਰ ਇਨ੍ਹਾਂ ਸਾਰਿਆਂ ਨੂੰ ਇਕ ਵਾਰੀ ਫੇਰ ਮੂੰਹ ਦੀ ਖਾਣੀ ਪਈ। ਦੂਜੀ ਸੰਸਾਰ ਜੰਗ ਵਿਚ ਫਾਸ਼ੀਵਾਦ-ਵਿਰੋਧੀ ਤਾਕਤਾਂ ਦੀ ਫ਼ਤਿਹ ਮਗਰੋਂ, ਜਿਸ ਵਿਚ ਸਾਰੇ ਮੁਲਕਾਂ ਦੀਆਂ ਵਿਰੋਧੀ-ਲਹਿਰਾਂ ਦੇ ਮੋਹਰੀ ਕਮਿਊਨਿਸਟ ਹੀ ਸਨ,

ਘੋਰ ਕਾਲੇ-ਪਿਛਾਖੜ ਦੀਆਂ ਸਾਰੀਆਂ ਸ਼ਕਤੀਆਂ ਨੇ ਇਕ ਵਾਰੀ ਫਿਰ ਇਕ ਪਾਪੀ-ਗੱਠਜੋੜ ਬਣਾਇਆ ਤੇ ਸਰਦ-ਜੰਗ ਛੇੜੀ ਜਿਸਦੀ ਅਗਵਾਈ ਯੂ.ਐਸ. ਸਾਮਰਾਜੀਆਂ ਨੇ ਕੀਤੀ।

ਬਰਲਿਨ ਵਿਚ ਹਿਟਲਰ ਦਾ ਸਫਾਇਆ ਕਰਕੇ ਲੋਕਾਂ ਨੇ ਹਾਲੇ ਸੁਖ ਦਾ ਸਾਹ ਵੀ ਨਹੀਂ ਸੀ ਲਿਆ ਅਤੇ ਫ਼ਾਸ਼ੀਵਾਦ-ਵਿਰੋਧੀ ਜੰਗ ਵਿਚ ਜਿਤ ਦੇ ਜਸ਼ਨ ਵੀ ਨਹੀਂ ਸਨ ਮਨਾਏ ਕਿ "ਪੱਛਮੀ" ਸਾਮਰਾਜੀਆਂ ਨੇ ਅਮਰੀਕਾ ਦੀ ਅਗਵਾਈ ਵਿਚ "ਕਮਿਊਨਿਜ਼ਮ ਨੂੰ ਕਾਬੂ ਕਰਨ" ਲਈ ਆਪਣੀ ਸਰਦ-ਜੰਗ ਛੇੜ ਦਿਤੀ। ਸੰਸਾਰ ਨੂੰ ਡਰਾਉਣ ਲਈ ਉਨ੍ਹਾਂ ਨੇ ਜਪਾਨ ਦੇ ਲੋਕਾਂ ਉਤੇ ਦੋ ਵਾਰੀ ਐਟਮ ਬੰਬ ਸੁਟੇ। ਉਨ੍ਹਾਂ ਨੇ ਆਪਹੁਦਰੇ ਢੰਗ ਨਾਲ ਯੋਰਪ ਨੂੰ ਆਪੋ ਆਪਣੇ ਅਸਰ ਵਾਲੇ ਜ਼ੋਨਾਂ ਵਿਚ ਵੰਡਿਆ, ਸਾਬਕਾ ਨਾਜ਼ੀਆਂ ਨੂੰ ਜਰਮਨੀ ਵਿਚ ਗੱਦੀਆਂ ਤੇ ਬਿਠਾਇਆ, ਸ਼ਾਹੀ-ਫਾਸ਼ੀ ਨਿਜ਼ਾਮ ਵਿਰੁਧ ਗਰੀਸ ਦੇ ਲੋਕਾਂ ਦੇ ਜਨਤਕ ਵਿਦਰੋਹ ਨੂੰ ਫੌਜਾਂ ਦੇ ਜ਼ੋਰ ਕੁਚਲਿਆ, ਅਤੇ ਮਾਰਸ਼ਲ ਪਲਾਨ ਰਾਹੀਂ ਸਾਰੇ ਯੂਰਪ ਵਿਚ ਤਰੱਕੀਪਸੰਦ ਤਬਦੀਲੀਆਂ ਨੂੰ ਰੋਕਣ ਲਈ ਰਾਹ ਪੱਧਰਾ ਕੀਤਾ ਅਤੇ ਥਿੜਕਵੇਂ ਅੰਸਰਾ ਨੂੰ ਰਿਸ਼ਵਤਾਂ ਦੇ ਦੇ ਕੇ ਪਾਸਾ ਬਦਲਣ ਲਈ ਉਤਸ਼ਾਹਤ ਕੀਤਾ।

੧੯੪੯ ਵਿਚ ਯੂ.ਐਸ. ਅਤੇ ਇਸਦੇ ੧੫ ਜੋਟੀਦਾਰਾਂ ਨੇ ਧੱਕੇਸ਼ਾਹ ਫੌਜੀ ਇਤਹਾਦ ਨਾਟੋ ਬਣਾਇਆ ਜਿਸਨੇ ਯੋਰਪ ਵਿਚ ਅਮਰੀਕੀ ਫੌਜਾਂ ਦੇ ਕਬਜ਼ੇ ਨੂੰ ਜਾਰੀ ਰੱਖਣ ਦੀ ਮਨਜ਼ੂਰੀ ਦਿਤੀ। ਇਨ੍ਹਾਂ ਨੇ ਸਾਰੇ ਯੋਰਪ ਦੇ ਵਿਚਾਲੇ ਇਕ ਲਕੀਰ ਖਿਚ ਦਿਤੀ। ਨਵੀਆਂ ਸਥਾਪਤ ਹੋਈਆਂ ਲੋਕ-ਜਮਹੂਰੀਅਤਾਂ ਅਤੇ ਸੋਵੀਅਤ ਯੂਨੀਅਨ ਨੂੰ ਡਰਾਉਣ-ਧਮਕਾਉਣ, ਅਤੇ ਫਰਾਂਸ ਤੇ ਇਟਲੀ ਦੇ ਲੋਕਾਂ ਨੂੰ ਕਮਿਊਨਿਜ਼ਮ ਦੇ ਰਾਹ ਪੈਣ ਤੋਂ ਰੋਕਣ ਲਈ ਇਨ੍ਹਾਂ ਨੇ ਵਿਸ਼ਾਲ ਫੌਜਾਂ ਅਤੇ ਪ੍ਰਮਾਣੂ ਹਥਿਆਰ ਯੋਰਪ ਵਿਚ ਤਾਇਨਾਤ ਕਰ ਦਿਤੇ।

੧੯੫੦ ਵਿਚ ਯੂ.ਐਸ. ਸਾਮਰਾਜੀਆਂ ਅਤੇ ਇਨ੍ਹਾਂ ਦੇ ਜੋਟੀਦਾਰਾਂ ਨੇ, ਜਿਨ੍ਹਾਂ ਵਿਚ ਕਨੇਡਾ ਵੀ ਸ਼ਾਮਲ ਸੀ, ਕੋਰੀਆ ਉਤੇ ਵੱਡੇ ਤਬਾਹਕੁੰਨ ਹਥਿਆਰਾਂ ਨਾਲ ਹਮਲਾ ਕਰ ਦਿਤਾ, ਅਤੇ ਕੋਰੀਅਨ ਲੋਕਾਂ ਦੀ ਤਿੰਨ ਸਾਲ ਅੰਤਾਂ ਦੀ ਬਰਬਾਦੀ ਕੀਤੀ। ੧੯੫੩ ਵਿਚ ਜੰਗ-ਬੰਦੀ ਤੇ ਦਸਖ਼ਤ ਹੋਏ ਪਰ ਯੂ.ਐਸ. ਸਾਮਰਾਜੀਆਂ ਨੇ ਦੱਖਣੀ ਕੋਰੀਆ ਤੇ ਕਬਜ਼ਾ ਕਰ ਲਿਆ, ਇਸ ਨੂੰ ਇਕ ਬਸਤੀ ਬਣਾ ਕੇ ਕੋਰੀਅਨ ਪ੍ਰਾਇਦੀਪ ਵਿਚ ਫ਼ੌਜਾਂ ਤੇ ਹਥਿਆਰਾਂ ਦਾ ਜਾਲ ਵਿਛਾ ਦਿਤਾ। ਅੱਜ ਤੱਕ ਇਹ ਉਥੋਂ ਨਿਕਲਣ ਤੋਂ ਇਨਕਾਰੀ ਹਨ।

ਸੰਸਾਰ ਦੇ ਕਈ ਮੁਲਕਾਂ ਵਿਚ ਪਿਛੇ-ਖਿਚੂ ਫੌਜੀ ਤਾਕਤਾਂ ਤੇ ਸੀ.ਆਈ.ਏ. ਨੂੰ ਵਰਤਦੇ ਹੋਏ ਯੂ.ਐਸ. ਸਾਮਰਾਜੀਆਂ ਨੇ ਕਤਲਾਂ, ਰਾਜ-ਪਲਟਿਆਂ ਅਤੇ ਸਿਧੇ ਮਿਲਟਰੀ ਦਖ਼ਲਾਂ ਦਾ ਇਕ ਹੌਲਨਾਕ ਸਿਲਸਿਲਾ ਅਰੰਭਿਆ ਤਾਂ ਕਿ ਅਗਾਂਹਵਧੂ ਤਬਦੀਲੀ ਤੇ ਸਾਮਰਾਜੀ ਲੁੱਟ-ਖਸੁੱਟ ਦੇ ਕਿਸੇ ਵੀ ਤਰ੍ਹਾਂ ਦੇ ਵਿਰੋਧ ਦਾ ਸਿਰ ਫੇਹ ਸਕਣ। ਇਕ ਸੰਖੇਪ ਜਿਹੀ ਸੂਚੀ ਹੀ ਇਨ੍ਹਾਂ ਦੇ ਕੁੱਕਰਮਾਂ ਨੂੰ ਨੰਗੇ ਕਰਨ ਲਈ ਕਾਫ਼ੀ ਹੈਃ ਇਰਾਨ ਵਿਚ ਮੋਸਾਦੇਗ ਦੀ ਅਗਵਾਈ ਵਿਚ ਚੱਲੀ ਜਮਹੂਰੀ ਲਹਿਰ ਨੂੰ ਅਮਰੀਕੀ ਫੌਜਾਂ ਨੇ ਕੁਚਲਿਆ ਤੇ ੧੯੫੩ ਵਿਚ ਜ਼ਾਲਮ ਸ਼ਾਹ ਪਹਿਲਵੀ ਨੂੰ ਇਰਾਨ ਦੀ ਰਾਜਗੱਦੀ ਤੇ ਬਿਠਾਇਆ, ਅਫਰੀਕਾ ਅਤੇ ਸਾਰੇ ਲਾਤੀਨੀ ਅਮਰੀਕਾ ਵਿਚ ਫ਼ੌਜੀ ਡਿਕਟੇਟਰਾਂ ਨੂੰ ਯੂ.ਐਸ. ਤੇ ਇਸਦੇ ਜੋਟੀਦਾਰਾਂ ਨੇ ਹਥਿਆਰਬੰਦ ਕੀਤਾ ਅਤੇ ਜਦੋਂ ਕਦੇ ਲੋਕਾਂ ਨੇ ਤਾਕਤ ਹੱਥ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਕੁਚਲਿਆ ਤੇ ਕਤਲ ਕੀਤਾ। ੧੯੫੪ ਵਿਚ ਗੁਆਟੇਮਾਲਾ ਵਿਚ ਆਰਬੇਨਜ਼ ਤੇ ੧੯੭੩ ਵਿਚ ਚਿੱਲੀ ਵਿਚ ਅਲੰਡੇ ਨਾਲ ਜੋ ਕੀਤੀ ਗਈ ਉਹ ਇਸ ਚੀਜ਼ ਦੀਆਂ ਉਘੀਆਂ ਮਿਸਾਲਾਂ ਹਨ। ਹਾਲੇ ਤੱਕ ਵੀ, ਜੇ ਕੋਈ ਮੁਲਕ ਆਜ਼ਾਦ ਬਦੇਸ਼ੀ ਨੀਤੀ ਅਖਤਿਆਰ ਕਰਦਾ ਹੈ ਜਾਂ ਕੋਈ ਜਮਹੂਰੀ-ਸੁਧਾਰ ਕਰਦਾ ਹੈ, ਇਨ੍ਹਾਂ ਦੇ ਹਮਲੇ ਦਾ ਸ਼ਿਕਾਰ ਹੁੰਦਾ ਹੈ। ਕਾਂਗੋ, ਗਰਨਾਡਾ, ਡੋਮਿਨੀਕਨ ਰੀਪਬਲਿਕ, ਪਨਾਮਾ, ਨਿਕਰਾਗੂਆ ਆਦਿ ਨਾਲ ਇਹੋ ਕੀਤਾ ਗਿਆ। ਕਿਊਬਾ ਨਾਲ ਹਾਲੇ ਵੀ ਇਸੇ ਤਰ੍ਹਾਂ ਕੀਤਾ ਜਾ ਰਿਹਾ ਹੈ, ਤੇ ਇਸ ਨੂੰ ਦੁਨੀਆਂ ਦੇ ਬਾਕੀ ਮੁਲਕਾਂ ਨਾਲੋਂ ਤੋੜਨ ਅਤੇ ਸਜ਼ਾ ਦੇਣ ਲਈ ਛਾਂਟ ਲਿਆ ਗਿਆ ਹੈ।

ਯੂ.ਐਸ.ਸਾਮਰਾਜੀਆਂ ਦੇ ਪ੍ਰਧਾਨ ਕੈਨੇਡੀ ਨੇ ਵੀਅਤਨਾਮ ਦੀ ਜੰਗ ਫਰਾਂਸੀਸੀ ਸਾਮਰਾਜੀਆਂ ਤੋਂ ਆਪਣੇ ਹੱਥ ਲੈ ਕੇ ੧੦ ਸਾਲ ਉਥੇ ਐਸੀ ਤਬਾਹੀ ਮਚਾਈ ਕਿ ਕੋਈ ਕਹਿਣ ਦੀ ਗੱਲ ਨਹੀਂ। ਏਸ਼ੀਆ ਵਿਚ ਜਾ ਕੇ ਆਪਣੀ ਟੰਗ ਅੜਾਉਣ ਲਈ ਯੂ.ਐਸ. ਨੇ "ਕਮਿਊਨਿਜ਼ਮ ਨੂੰ ਕਾਬੂ ਕਰਨ" ਦੀ ਬੇਹੂਦਾ ਦਲੀਲ ਅੱਗੇ ਵਧਾਉਂਦੇ ਹੋਏ ਕਿਹਾ ਕਿ ਕਮਿਊਨਿਜ਼ਮ ਸਾਹਮਣੇ ਇਕ ਬਾਅਦ ਦੂਸਰਾ ਮੁਲਕ ਇੰਜ ਡਿਗ ਪਏਗਾ ਜਿਵੇਂ "ਡੋਮੀਨੋ ਦੀ ਖੇਡ ਵਿਚ ਗੀਟੀਆਂ" ਡਿਗਦੀਆਂ ਹਨ, ਇਸ ਲਈ ਅਮਰੀਕੀ ਸਾਮਰਾਜ ਨੂੰ ਹੱਕ ਹੈ ਕਿ ਕਮਿਊਨਿਸਟ ਸ਼ਕਤੀਆਂ ਦਾ ਸਿਰ ਫੇਹਣ ਲਈ ਇਹ ਕਿਸੇ ਵੀ ਮੁਲਕ ਵਿਚ ਜਾ ਸਕਦਾ ਹੈ ਕਿਉਂਕਿ ਜੇ ਕਮਿਊਨਿਸਟਾਂ ਨੂੰ ਰੋਕਿਆ ਨਾਂ ਗਿਆ ਤਾਂ ਡੋਮੀਨੋ ਦੀਆਂ ਗੀਟੀਆਂ ਵਾਂਗ ਇਕ ਦੇ ਬਾਅਦ ਦੂਸਰਾ ਮੁਲਕ "ਕਮਿਊਨਿਜ਼ਮ ਅੱਗੇ ਡਿਗ ਪਏਗਾ"।

੧੯੬੫ ਵਿਚ ਉਨ੍ਹਾਂ ਨੇ ਇੰਡੋਨੇਸ਼ੀਆ ਦੇ ਫ਼ਾਸ਼ੀ ਜਨਰਲ ਸੁਹਾਰਤੋ ਅਤੇ ਉਸ ਦੇ ਜੋਟੀਦਾਰਾਂ ਨੂੰ ਹਥਿਆਰਬੰਦ ਕੀਤਾ ਤੇ ਪੈਸੇ ਦਿਤੇ ਅਤੇ ਉਥੋਂ ਦੇ ਕਮਿਊਨਿਸਟਾਂ ਅਤੇ ਅਗਾਂਹਵਧੂ ਲੋਕਾਂ ਦੇ ਖੂਨ ਦੀਆਂ ਨਦੀਆਂ ਵਹਾਉਣ ਲਈ ਹੱਲਾਸ਼ੇਰੀ ਦਿਤੀ। ਸਿਟੇ ਵਜੋਂ ਇੰਡੋਨੇਸ਼ੀਆ ਵਿਚ ੧੦ ਲੱਖ ਲੋਕ ਮੌਤ ਦੇ ਘਾਟ ਉਤਾਰ ਦਿਤੇ ਗਏ ਤੇ ਹਾਲੇ ਵੀ ਇਹ ਸਿਲਸਿਲਾ ਚੱਲ ਰਿਹਾ ਹੈ। ਅਮਰੀਕੀ ਸਾਮਰਾਜੀਆਂ ਨੇ ਚੀਨ ਦੇ ਲੋਕਾਂ ਦੀ ਆਜ਼ਾਦੀ ਨੂੰ ਪਿਛੇ ਪਾਉਣ ਅਤੇ ਸੰਸਾਰ ਮੰਡੀ ਵਿਚ ਉਨ੍ਹਾਂ ਨੂੰ ਸਸਤੇ "ਕੁਲੀ" ਬਣਾਈ ਰੱਖਣ ਲਈ ਵੀ ਬੜੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਚਿਆਂਗ-ਕਾਈ-ਸ਼ੈਕ ਦੀ ਫ਼ਾਸ਼ੀ ਜੁੰਡਲੀ ਨੂੰ ਹਥਿਆਰ ਤੇ ਧੰਨ ਮੁਹੱਈਆ ਕੀਤਾ ਅਤੇ ਜਦ ਇਹ ਹਾਰ ਗਏ ਤਾਂ ਤਾਇਵਾਨ ਦੇ ਟਾਪੂ ਵਿਚ ਇਨ੍ਹਾਂ ਦਾ ਡੇਰਾ ਲੁਆ ਦਿਤਾ ਤੇ ਇਸ ਜਜ਼ੀਰੇ ਦੁਆਲੇ ਅਮਰੀਕੀ ਫ਼ੌਜਾਂ ਦੇ ਸੱਤਵੇਂ ਬਹਿਰੀ ਬੇੜੇ ਨੇ ਘੇਰਾ ਪਾ ਲਿਆ ਜੋ ਹਾਲੇ ਤੱਕ ਵੀ ਉਥੇ ਹੀ ਹੈ। ਅਮਰੀਕਾ ਵਿਚ ਅਤੇ ਹੋਰ ਕਈ ਥਾਈਂ ਉਨ੍ਹਾਂ ਨੇ ਮੈਕਾਰਥੀਵਾਦ ਦੇ ਨਾਮ ਹੇਠ ਇਕ ਕਮਿਊਨਿਸਟ-ਵਿਰੋਧੀ ਜਹਾਦ ਸ਼ੁਰੂ ਕਰ ਦਿਤਾ ਅਤੇ ਹਰ ਤਰ੍ਹਾਂ ਦੇ ਲੋਕਾਂ ਤੇ ਹਮਲਾ ਕੀਤਾ ਖ਼ਾਸ ਕਰ ਟਰੇਡ ਯੂਨੀਅਨਾਂ, ਵਿਦਿਆ ਅਤੇ ਕਲਾਕਾਰੀ ਦੇ ਪਿੜ ਵਿਚ ਕੰਮ ਕਰਨ ਵਾਲੇ ਲੋਕਾਂ ਉਤੇ। ਲੋਕਾਂ ਦੇ ਜਮਹੂਰੀ ਹੱਕਾਂ ਉਤੇ ਇਹ ਧਾਵਾ ਹਾਲੇ ਤੱਕ ਬੇਰੋਕ ਚੱਲ ਰਿਹਾ ਹੈ ਜਿਸਦਾ ਮੁੱਖ ਤੱਤ ਕਮਿਊਨਿਸਟ-ਵਿਰੋਧ ਹੈ। ਸੰਸਾਰ ਭਰ ਅੰਦਰ ਤਰੱਕੀ ਪਸੰਦ ਲੋਕਾਂ ਅਤੇ ਪਿਛਾਖੜ ਵਿਚਕਾਰ, ਹਨੇਰੀਆਂ ਤਾਕਤਾਂ ਅਤੇ ਰੌਸ਼ਨ ਤੇ ਤਰਕ ਖਿਆਲੀ ਵਿਚਕਾਰ, ਇਕ ਜੀਵਨ-ਮੌਤ ਦਾ ਘੋਲ ਚਲਦਾ ਆ ਰਿਹਾ ਹੈ। ਇਸ ਵਿਚ ਲੁੱਟ-ਖਸੁਟ ਕਰਨ ਵਾਲਿਆਂ ਦੀ ਅਗਵਾਈ ਬੁਰਜੁਆਜ਼ੀ ਕਰ ਰਹੀ ਹੈ ਤੇ ਲੁਟ ਦਾ ਸ਼ਿਕਾਰ ਹੋਣ ਵਾਲਿਆਂ ਦੀ ਆਗੂ ਮਜ਼ਦੂਰ ਜਮਾਤ ਹੈ। ਯੂ.ਐਸ. ਸਾਮਰਾਜੀ ਪ੍ਰਧਾਨ ਜਿਮੀ ਕਾਰਟਰ ਦੇ ਵੇਲੇ ਤੋਂ ਤਾਂ ਲਫ਼ਜ਼ `ਜਮਹੂਰੀਅਤ` ਦੀ ਵਰਤੋਂ ਵੀ ਇਹ ਬੜੇ ਚੱਲਵੇ ਜਿਹੇ ਢੰਗ ਨਾਲ ਕਰਨ ਲੱਗ ਪਏ ਹਨ। ਆਪੋ ਆਪਣੇ ਸਮਾਜਾਂ ਦੀ ਤਰੱਕੀ ਦੇ ਬੂਹੇ ਖੋਹਲਣ ਦੀ ਕੋਸ਼ਿਸ਼ ਕਰਨ ਵਾਲਿਆਂ ਲੋਕਾਂ ਨੂੰ ਥੱਲੇ ਲਾਉਣ ਤੇ ਦਖ਼ਲਅੰਦਾਜ਼ੀ ਕਰਨ ਲਈ ਇਹ "ਜਮਹੂਰੀਅਤ ਦੀ ਰਾਖੀ" ਦਾ ਲਫ਼ਜ਼ ਵਰਤਦੇ ਹਨ।

ਦੂਜੀ ਸੰਸਾਰ ਜੰਗ ਤੋਂ ਲੈ ਕੇ ਲੋਕਾਂ ਦੀ ਤਰੱਕੀ ਲਈ ਜਦੋਜਹਿਦ ਅਤੇ ਘੋਰ-ਪਿਛਾਖੜ ਵਿਚਕਾਰ ਬੇਰੋਕ ਘੋਲ ਚੱਲ ਰਿਹਾ ਹੈ। ਉਲਟ-ਇਨਕਲਾਬ ਦਾ ਇਹ ਇਕ ਐਸਾ ਹਿੰਸਕ ਦੌਰ ਹੈ ਜੈਸਾ ਸੰਸਾਰ ਨੇ ਪਹਿਲਾਂ ਕਦੇ ਨਹੀਂ ਵੇਖਿਆ। ਸਰਦ-ਜੰਗ ਛੇੜ ਕੇ ਯੂ.ਐਸ. ਸਾਮਰਾਜ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਦੀ ਅਗਵਾਈ ਵਿਚ ਸੰਸਾਰ ਸਾਮਰਾਜ ਨੇ ਕਮਿਊਨਿਜ਼ਮ ਦੇ ਹਊਏ ਨੂੰ ਇਕ ਬੜਾ ਡਰਾਉਣਾ-ਭੂਤ ਬਣਾ ਦਿਤਾ। ਇਸ ਸਥਿਤੀ ਵਿਚ ਹਰੇਕ ਮੁਲਕ ਦੇ ਕਮਿਊਨਿਸਟਾਂ ਮੂਹਰੇ ਇਕ ਚੁਨੌਤੀ ਉਠ ਖੜੀ ਹੋਈ ਕਿ ਇਕ ਦਫ਼ਾ ਫੇਰ ਆਪਣਾ ਮੈਨੀਫੈਸਟੋ ਪੇਸ਼ ਕਰਨ ਤੇ ਵੇਰਵਾ ਦੇਣ ਕਿ ਆਧੁਨਿਕ ਕਮਿਊਨਿਜ਼ਮ ਦੀ ਅਸਲੀਅਤ ਕੀ ਹੈ। ਸੰਸਾਰ ਦੀਆਂ ਕਈ ਕਮਿਊਨਿਸਟ ਪਾਰਟੀਆਂ ਸਾਮਰਾਜਵਾਦ ਅਤੇ ਪਿਛੇ-ਖਿਚੂ ਸੰਸਾਰ ਬੁਰਜੁਆਜ਼ੀ ਦੇ ਦਬਾਅ ਮੂਹਰੇ ਗੋਡੇ ਟੇਕ ਗਈਆਂ ਤੇ ਇਕ ਕਮਿਊਨਿਸਟਾਂ ਵਾਲਾ ਮੈਨੀਫੈਸਟੋ ਦੇਣ ਦੀ ਥਾਂ ਊਲ-ਜਲੂਲ ਗੱਲਾਂ ਕਰਨ ਲੱਗ ਪਈਆਂ। ਅਮਰੀਕਾ ਵਿਚ ਬਰੌਡਰ ਤਾਂ ਸਰਦ-ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਗੋਡਣੀਆਂ ਲਾ ਗਿਆ ਤੇ ਪਾਰਟੀ ਤੋੜ ਦਿਤੀ। ਇਸਦੇ ਮਗਰ ਹੀ ਟੀਟੋ ਦੀ ਅਗਵਾਈ ਵਿਚ ਯੋਗੋਸਲਾਵੀਆ ਦੀ ਪਾਰਟੀ, ਤੁਗਲਿਆਤੀ ਦੀ ਇਟਾਲੀਅਨ ਪਾਰਟੀ ਤੇ ਹੋਰ ਕਈ ਕਮਿਊਨਿਜ਼ਮ ਤੋਂ ਭਗੌੜੇ ਹੋ ਗਏ।

ਜੇ.ਵੀ.ਸਟਾਲਨ ਦੇ ਦਿਹਾਂਤ ਦੇ ਬਾਅਦ, ਖ਼ਰੁਸ਼ਚੋਵ ਦੀ ਅਗਵਾਈ ਵਿਚ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਨੇ ਪਾਰਟੀ ਦੀ

ਜਨਰਲ ਲਾਇਨ ਬਿਲਕੁਲ ਹੀ ਬਦਲ ਦਿਤੀ ਤੇ ਸਮਾਜਵਾਦ ਅਤੇ ਸਾਮਰਾਜਵਾਦ ਵਿਚਕਾਰ "ਸ਼ਾਂਤੀ-ਪੂਰਵਕ ਮੁਕਾਬਲੇ" ਦੀ ਘੋਸ਼ਣਾਂ ਕਰ ਦਿਤੀ। ਖ਼ਰੁਸ਼ਚੋਵ ਦੀ ਅਗਵਾਈ ਵਿਚ ਸੀ.ਪੀ.ਐਸ.ਯੂ. ( ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ) ਨੇ ਇਕ ਤਰ੍ਹਾਂ ਦਾ ਮੁਕਾਬਲਾ ਆਰੰਭ ਕਰ ਦਿਤਾ ਕਿ ਦੇਖੀਏ ਸਟਾਲਨ ਦੇ ਨਾਮ ਅਤੇ ਕੰਮ ਉਤੇ, ਸਮਾਜਵਾਦ ਅਤੇ ਤਰੱਕੀ ਦੇ ਖ਼ਿਲਾਫ਼, ਸੱਭ ਤੋਂ ਘਟੀਆ ਊਜਾਂ ਕੌਣ ਲਾ ਸਕਦਾ ਹੈ ਤੇ ਸੱਭ ਤੋਂ ਬਹੁਤਾ ਚਿਕੜ ਕੌਣ ਸੁੱਟ ਸਕਦਾ ਹੈ। ਸਟਾਲਨ ਦੇ ਭੂਤ ਤੋਂ ਖਹਿੜਾ ਛੁਡਾਉਣ ਦੇ ਨਾਮ ਹੇਠ, ਜਾਂ ਕਮਿਊਨਿਜ਼ਮ ਨੂੰ ਇਕ "ਮਾਨਵੀ-ਚੇਹਰੇ" ਨਾਲ ਪੇਸ਼ ਕਰਨ ਦੇ ਨਾਮ ਹੇਠ, ਇਨ੍ਹਾਂ ਸੋਧਵਾਦੀ ਪਾਰਟੀਆਂ ਨੇ ਇਕ ਜ਼ਿਦ ਫੜ ਲਈ ਜਿਸਦਾ ਆਧਾਰ ਸਰਦ-ਜੰਗ ਦੀ ਕਮਿਊਨਿਸਟ-ਵਿਰੋਧੀ ਧਾਰਨਾਂ ਹੀ ਸੀ। ਸੋ ਇਨ੍ਹਾਂ ਸੋਧਵਾਦੀ ਪਾਰਟੀਆਂ ਨੇ ਸਮਾਜਵਾਦ ਦੇ ਉਚ-ਕੋਟੀ ਦੇ ਸਿਧਾਂਤ, ਵਿਗਿਆਨਕ-ਸਮਾਜਵਾਦ ਅਤੇ ਮਾਰਕਸਵਾਦ-ਲੈਨਿਨਵਾਦ, ਦੇ ਅਸੂਲਾਂ ਨੂੰ ਰੱਦ ਕਰਨ ਦੀ ਘੋਸ਼ਣਾਂ ਕਰ ਦਿਤੀ। ਉਨ੍ਹਾਂ ਨੇ ਕਮਿਊਨਿਜ਼ਮ ਦੇ ਸਾਰੇ ਪੁਰਾਣੇ ਗੱਦਾਰਾਂ ਨੂੰ ਬਹਾਲ ਕੀਤਾ, ਸਣੇ ਨਿਕੋਲਾਈ ਬੁਖਾਰਨ ਵਰਗਿਆਂ ਦੇ ਜਿਸ ਨੂੰ ਸੋਵੀਅਤ ਸਟੇਟ ਖ਼ਿਲਾਫ਼ ਗੱਦਾਰੀ ਦੇ ਜ਼ੁਰਮ ਵਿਚ ਸਜ਼ਾਏ-ਮੌਤ ਦਿਤੀ ਗਈ ਸੀ। ਇਸ ਤਰੀਕੇ ਨਾਲ ਉਨ੍ਹਾਂ ਨੇ ਸਮਾਜਵਾਦ ਅਤੇ ਇਨਕਲਾਬ ਦੇ ਸਾਰੇ ਵੈਰੀਆਂ ਨਾਲ ਯਰਾਨੇ ਗੰਢ ਲਏ।

ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਵਲੋਂ ਪੈਦਾ ਕੀਤਾ ਗਿਆ ਕਮਿਊਨਿਸਟ-ਛਲਾਵਾ ਉਸ ਵੇਲੇ ਆਪਣੀ ਮੰਜ਼ਲੇ-ਮਕਸੂਦ ਹਾਸਲ ਕਰ ਗਿਆ ਜਦ ਮਿਖਾਇਲ ਗੌਰਵਾਚੋਵ ਅਤੇ ਹੋਰਨਾਂ ਨੇ ਸਮਾਜਵਾਦ ਅਤੇ ਕਮਿਊਨਿਜ਼ਮ ਨੂੰ ਸ਼ਰੇਆਮ ਰੱਦ ਕਰ ਦਿਤਾ। ਉਨ੍ਹਾਂ ਦੇ ਸਟੈਂਡ ਨੇ ਇਸ ਹਕੀਕਤ ਤੋਂ ਪਰਦਾ ਚੁੱਕ ਦਿਤਾ ਕਿ ਉਨ੍ਹਾਂ ਦੇ ਸਾਰੇ ਦਾਅਵੇ ਬਿਲਕੁਲ ਝੂਠੇ ਤੇ ਖੋਖਲੇ ਸਨ ਕਿ ਉਹ ਬੜੇ ਸੱਚੇ-ਸੁਚੇ ਕਮਿਊਨਿਸਟ ਹਨ ਅਤੇ ਇਨਸਾਨੀਅਤ ਦੇ ਸੱਭ ਤੋਂ ਵਧੀਆ ਗੁਣਾਂ ਦੇ ਰਾਖੇ ਹਨ। ਸਾਰਾ ਪੋਲ ਖੁਲ੍ਹ ਗਿਆ ਕਿ ਇਨ੍ਹਾਂ ਉਚੇ-ਸੁੱਚੇ ਦਾਅਵਿਆਂ ਦੇ ਪਰਦੇ ਪਿਛੇ ਮਜ਼ਦੂਰ ਜਮਾਤ ਅਤੇ ਸਮਾਜ ਦੀ ਤਰੱਕੀ ਦੇ ਬੜੇ ਖ਼ਤਰਨਾਕ ਵੈਰੀ ਛੁਪੇ ਬੈਠੇ ਸਨ। ਪੂਰਬੀ ਯੋਰਪ ਦੇ ਮੁਲਕਾਂ ਵਿਚ ਉਲਟ-ਇਨਕਲਾਬ ਆਉਣ ਅਤੇ ਸਾਬਕਾ ਸੋਵੀਅਤ ਯੂਨੀਅਨ ਢਹਿਣ ਮਗਰੋ ਕਈ ਪਾਰਟੀਆਂ ਤਾਂ ਆਪਣੇ ਨਾਮ ਵੀ ਬਦਲ ਗਈਆਂ ਤੇ ਝੰਡੇ ਸੁੱਟ ਦਿਤੇ। ਤਜਰਬਾ ਦੱਸਦਾ ਹੈ ਕਿ ਆਪਣੇ ਨਾਮ ਬਦਲ ਲੈਣ ਅਤੇ ਝੰਡੇ ਸੁਟ ਦੇਣ ਵਿਚ ਉਨ੍ਹਾਂ ਦਾ ਮਕਸਦ ਇਹ ਸੀ ਕਿ ਇੰਜ ਕਰਕੇ ਉਹ ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦੀ ਹੋਰ ਚੰਗੀ ਤਰ੍ਹਾਂ ਸੇਵਾ ਕਰ ਸਕਣਗੇ। ਇਨ੍ਹਾਂ ਮੁਲਕਾਂ ਦੇ ਲੋਕਾਂ ਦੀ ਖੁਦ ਤਾਕਤ ਸੰਭਾਲਣ ਅਤੇ ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਸਮਾਜ ਬਣਾਉਣ ਦੀ ਮੰਗ ਨੂੰ ਦਬਾਉਣ ਵਿਚ ਸਾਮਰਾਜ ਤੇ ਪਿਛੇ-ਖਿਚੂ ਬੁਰਜੁਆਜ਼ੀ ਦੇ ਸਹਾਈ ਹੋਣ ਦੀ ਇਨ੍ਹਾਂ ਦੀ ਸਾਰੀ ਕਹਾਣੀ ਸਾਬਤ ਕਰਦੀ ਹੈ ਕਿ ਇਹ ਪਾਰਟੀਆਂ ਕਦੇ ਵੀ ਕਮਿਊਨਿਸਟ ਨਹੀਂ ਸਨ ਬਲਕਿ ਸੋਸ਼ਲ ਡੈਮੋਕਰੇਟਿਕ ਪਾਰਟੀਆਂ ਸਨ। ਪਹਿਲਾਂ ਵੀ ਇਨ੍ਹਾਂ ਦਾ ਉਦੇਸ਼ ਜਮਾਤੀ ਜਦੋਜਹਿਦ ਨੂੰ ਸਾਮਰਾਜ ਤੇ ਸੰਸਾਰ-ਪਿਛਾਖੜ ਦੇ ਹਿਤ ਵਿਚ ਠੰਢਿਆਂ ਕਰਨਾਂ ਸੀ ਅਤੇ ਹੁਣ ਵੀ ਇਹੋ ਉਦੇਸ਼ ਹੈ। ਇਨ੍ਹਾਂ ਮੁਲਕਾਂ ਵਿਚ ਗੱਦੀਆਂ ਸਾਂਭੀ ਬੈਠੀ ਬੁਰਜੁਆਜ਼ੀ ਅਤੇ ਸੰਸਾਰ-ਸਾਮਰਾਜ ਤੇ ਪਿਛਾਖੜ ਨੂੰ ਹੁਣ ਆਪਣਾ ਰਾਜ ਸਥਿਰ ਕਰਨ ਵਿਚ ਬੜੀ ਮੁਸ਼ਕਲ ਪੇਸ਼ ਆ ਰਹੀ ਹੈ। ਬੁਰਜੁਆ "ਕਾਨੂੰਨ ਦਾ ਰਾਜ" ਇਕ ਬੁੱਢਾ-ਠੇਰਾ, ਪੁਰਾਣਾਂ ਤੇ ਬਿਮਾਰੀਆਂ ਵਿਚ ਜਕੜਿਆ ਹੋਇਆ ਰਾਜ ਹੈ। ਇਸ ਲਈ ਇਹ ਰਾਜ ਉਨ੍ਹਾਂ ਲੋਕਾਂ ਨੂੰ ਇਹ ਮਨਜ਼ੂਰ ਨਹੀਂ ਜਿਨ੍ਹਾਂ ਇਸ ਤੋਂ ਵਧੀਆ ਸਿਸਟਮ ਵੇਖਿਆ ਹੋਇਆ ਹੈ। ੧੪੮ ਸਾਲ ਪਹਿਲਾਂ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਦੱਸਿਆ ਸੀ ਕਿ, "ਯੋਰਪ ਦੀਆਂ ਸਾਰੀਆਂ ਸ਼ਕਤੀਆਂ ਮੰਨ ਗਈਆਂ ਹਨ ਕਿ ਕਮਿਊਨਿਜ਼ਮ ਖੁਦ ਇਕ ਸ਼ਕਤੀ ਹੈ", ਇਹ ਇਕ ਐਸੀ ਸ਼ਕਤੀ ਹੈ ਜੋ ਉਨ੍ਹਾਂ ਦੀ ਮੌਤ ਦਾ ਫਰਮਾਨ ਹੈ ਤੇ ਤਬਦੀਲੀ ਤੇ ਤਰੱਕੀ ਦਾ ਹਰਕਾਰਾ। ਇਸ ਕਰਕੇ ਸਾਬਕਾ ਸੋਵੀਅਤ ਯੂਨੀਅਨ ਵਿਚ ਉਨ੍ਹਾਂ ਦੀ "ਜਿਤ" ਦੇ ਬਾਵਜੂਦ, ਮੌਜੂਦਾ ਨਿਜ਼ਾਮ ਨੂੰ ਕਾਇਮ ਰੱਖਣ ਲਈ ਅਤੇ ਕੌਮਾਂਤਰੀ ਪ੍ਰੋਲੇਤਾਰੀ ਦੇ ਹੱਥੋ ਆਪਣੀ ਮੌਤ ਤੋਂ ਬਚਣ ਲਈ ਬੁਰਜੁਆਜ਼ੀ ਬੜੇ ਹੱਥ ਪੈਰ ਮਾਰਦੀ ਹੈ ਤੇ ਲੋਕਾਂ ਨੂੰ ਕੁਰਾਹੇ ਪਾਉਣ ਲਈ ਕਮਿਊਨਿਜ਼ਮ-ਪ੍ਰੇਤ ਦੀ ਦੁਹਾਈ ਪਾਉਂਦੀ ਹੈ। ਇਹ ਲਾਈਲੱਗਾਂ ਨੂੰ ਡਰਾਉਣ, ਪਿਛਾਖੜ ਨੂੰ ਸਹੀ ਠਹਿਰਾਉਣ ਅਤੇ ਤਬਦੀਲੀ ਦੇ ਨਾਮ ਹੇਠ ਪਿਛੇ-ਖਿਚੂ ਸੁਧਾਰ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਹੈ। ਗੱਦੀਆਂ ਸਾਂਭੀ ਬੈਠੇ ਹੋਏ ਇਸਦੇ ਸਿਆਸੀ ਨੁਮਾਇੰਦੇ ਇਨ੍ਹਾਂ ਨਾਮ-ਨਿਹਾਦ ਸੁਧਾਰਾਂ ਨੂੰ ਹਰ ਤਰ੍ਹਾਂ ਦੇ ਸਿਆਸੀ ਰੁਝਾਨਾਂ ਦੇ ਨਾਮ ਨਾਲ ਜੋੜਦੇ ਹਨ। ਪਰ ਅਫੀਸ਼ਲ ਵਿਰੋਧੀ-ਧਿਰ ਅਫ਼ੀਸ਼ਲ ਸਰਕਾਰੀ-ਧਿਰ ਦੀ ਕੀਤੀ ਹੋਈ ਹਰੇਕ ਤਬਦੀਲੀ ਨਾਲੋਂ ਨਾਤਾ ਤੋੜਦੀ ਹੋਈ ਪਿਟਦੀ ਹੈ ਤੇ ਮੰਗ ਕਰਦੀ ਹੈ ਕਿ ਪਹਿਲਾਂ ਵਾਲੀ ਸਥਿਤੀ ਬਹਾਲ ਕਰੋ। ਇਸ ਤਰੀਕੇ ਨਾਲ ਉਹ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਤੇ ਅੱਗੇ ਜਾਣ ਦੇ ਅਸਲੀ ਰਾਹ ਨੂੰ ਧੁੰਦਲਾ ਕਰਦੇ ਹਨ। ਸਾਬਕਾ ਸੋਵੀਅਤ ਯੂਨੀਅਨ ਅਤੇ ਪੂਰਬੀ ਯੋਰਪ ਦੇ ਮੁਲਕਾਂ ਦੀਆਂ ਲੋਕ-ਜਮਹੂਰੀਅਤਾਂ ਡਿਗ ਪੈਣ ਬਾਅਦ ਮੌਜੂਦਾ ਹਾਲਾਤਾਂ ਹੇਠ ਹੁਣ ਇਹੋ ਹੀ ਜਦੋਜਹਿਦ ਚੱਲ ਰਹੀ ਹੈ।

ਜਿਤ ਦੀਆਂ ਟਾਹਰਾਂ ਮਾਰਨ ਦੇ ਬਾਵਜੂਦ, ਸਾਮਰਾਜ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਆਪਣੀ ਜਾਨ ਦੇ ਰੋਗ "ਡਰਾਉਣੇ ਪ੍ਰੇਤ" ਦੀ ਛਾਇਆ ਤੋਂ ਖਹਿੜਾ ਨਹੀਂ ਛੁਡਾ ਸਕੇ ਜਿਸ ਨੇ ਪਿਛਲੀ ਸਦੀ ਦੌਰਾਨ ਪੁਰਾਣੇ ਯੋਰਪ ਨੂੰ ਕਾਂਬਾ ਛੇੜੀ ਰੱਖਿਆ ਸੀ। ਆਪਣੇ ਪਤਨ ਦੀ ਸੰਭਾਵਨਾਂ ਤੋਂ ਉਹ ਇੰਨੇ ਖ਼ੌਫਜ਼ਦਾ ਹਨ ਕਿ ਆਪਣੇ ਜ਼ਿਹਨੀ ਫ਼ਤੂਰ, ਇਸ ਪ੍ਰੇਤੀ-ਛਾਇਆ, ਤੋਂ ਖਹਿੜਾ ਛੁਡਾ ਕੇ ਸੁਧ ਹੋਣ ਅਤੇ ਸਾਰੇ ਜਹਾਨ ਨੂੰ ਸ਼ੁਧ ਕਰਨ ਲਈ ਉਹ ਸਾਰੇ ਇਕਵਾਰੀ ਫਿਰ ਇਕਮੁਠ ਹੋ ਗਏ ਹਨ।

ਸਾਮਰਾਜ ਅਤੇ ਸਾਰੇ ਸੰਸਾਰ ਦੀ ਪਿਛੇ-ਖਿਚੂ ਬੁਰਜੁਆਜ਼ੀ ਨੂੰ ਅੱਜ ਵੀ ਕਮਿਊਨਿਜ਼ਮ ਦਾ ਖ਼ੌਫ਼ ਹੀ ਕਾਂਬਾ ਛੇੜ ਰਿਹਾ ਹੈ। ਲੇਕਿਨ ਹੁਣ ਕਮਿਊਨਿਜ਼ਮ ਖ਼ਿਲਾਫ਼ ਲੜਾਈ ਉਸ ਤਰ੍ਹਾਂ ਦੀ ਨਹੀਂ ਰਹੀ ਜਿਵੇਂ ਕਾਰਲ ਮਾਰਕਸ ਦੇ ਵੇਲੇ ਸੀ। ਹੁਣ ਇਹ ਲੜਾਈ ਤਬਦੀਲੀ ਅਤੇ ਨਵੇਂ ਦੇ ਖ਼ਿਲਾਫ਼ ਇਕ ਵਿਸ਼ਾਲ ਮੁਹਿੰਮ ਬਣ ਗਈ ਹੈ। ਤਬਦੀਲੀ ਵਾਸਤੇ ਚਲਦੀ ਕੋਈ ਵੀ ਜਦੋਜਹਿਦ ਚਾਹੇ ਮਾਮੂਲੀ ਹੀ ਹੋਵੇ ਪਰ ਅਸਲੀ ਤਬਦੀਲੀ ਦੀ ਗੱਲ ਕਰਦੀ ਹੋਵੇ, ਇਨ੍ਹਾਂ ਦੇ ਘਿਨਾਉਣੇ ਪ੍ਰਚਾਰ ਅਤੇ ਨਿਰਦਈ ਹਮਲਿਆਂ ਦਾ ਨਿਸ਼ਾਨਾਂ ਬਣ ਜਾਂਦੀ ਹੈ। ਜੇ.ਵੀ.ਸਟਾਲਨ ਅਤੇ ਉਸ ਦੀ ਲੀਡਰਸ਼ਿਪ ਹੇਠਲੇ ਸੋਵੀਅਤ ਯੂਨੀਅਨ ਦਾ ਭੂਤ ਤਾਂ ਕਈ ਮਾਸੂਮਾਂ ਤੇ ਨਾਦਾਨਾਂ ਨੂੰ ਵੀ ਬੜਾ ਸਤਾਉਂਦਾ ਹੈ। ਸਾਮਰਾਜੀਏ ਤੇ ਪਿਛੇਖਿਚੂ ਬੁਰਜੁਆਜ਼ੀ, ਇਤਹਾਸ ਨੂੰ ਸਿਰ ਭਾਰ ਕਰਕੇ ਹਿਟਲਰਵਾਦੀ ਫ਼ਾਸ਼ਿਸਟਾਂ ਦੇ ਅਤੀ-ਘਿਨਾਉਣੇ ਜ਼ੁਰਮਾਂ ਨੂੰ ਆਮ ਤੌਰ ਤੇ ਕਮਿਊਨਿਜ਼ਮ, ਤੇ ਖ਼ਾਸ ਕਰ ਜੇ.ਵੀ.ਸਟਾਲਨ ਦੇ ਨਾਮ ਨਾਲ ਜੋੜ ਰਹੇ ਹਨ। ਝੂਠ ਦਾ ਇਹ ਪੁਲੰਦਾ ਮਜ਼ਦੂਰਾਂ, ਔਰਤਾਂ ਅਤੇ ਨੌਜੁਆਨਾਂ ਨੂੰ ਗੁੰਮਰਾਹ ਕਰਨ ਲਈ ਇਕੱਠਾ ਕੀਤਾ ਗਿਆ ਹੈ। ਇਸ ਦਾ ਇਕ ਮੰਤਵ ਇਹ ਵੀ ਹੈ ਕਿ ਐਸ ਵੇਲੇ ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦੇ ਹਿਟਲਰ ਵਰਗੇ ਜ਼ੁਰਮਾਂ ਵਲੋਂ ਸੰਸਾਰ ਦੇ ਲੋਕਾਂ ਦਾ ਧਿਆਨ ਲਾਂਭੇ ਕੀਤਾ ਜਾ ਸਕੇ ਜਿਹੜੇ ਜਮਹੂਰੀਅਤ ਦੇ ਨਾਮ ਅਤੇ ਪੈਰਸ ਚਾਰਟਰ ਤਹਿਤ ਕੀਤੇ ਜਾ ਰਹੇ। ੧੯੯੧ ਵਿਚ ਯੋਰਪ ਵਿਚ ਸਕਿਉਰਿਟੀ ਅਤੇ ਸਹਿਯੋਗ ਉਤੇ ਹੋਈ ਇਕ ਕਾਨਫਰੰਸ ਵਲੋਂ ਇਸ ਪੈਰਸ ਚਾਰਟਰ ਉਤੇ ਦਸਖ਼ਤ ਕੀਤੇ ਗਏ ਸਨ। ਇਹ ਇਕ ਐਸਾ ਘੋਸ਼ਣਾਂ-ਪੱਤਰ ਹੈ ਜੋ ਸੰਸਾਰ ਦੇ ਸਾਰੇ ਮੁਲਕਾਂ ਨੂੰ ਕਹਿੰਦਾ ਹੈ ਕਿ "ਖੁਲ੍ਹੀ ਮੰਡੀ ਦੀ ਆਰਥਕਤਾ" ਅਤੇ "ਬਹੁ-ਪਾਰਟੀ ਸਿਸਟਮ" ਨੂੰ ਸਾਰੇ ਹੀ ਮੁਲਕ ਆਪਣਾਉਣ ਅਤੇ ਉਨ੍ਹਾਂ "ਮਾਨੁੱਖੀ ਅਧਿਕਾਰਾਂ" ਦੀ ਵੀ ਰਾਖੀ ਕਰਨ ਜੋ ਕਮਿਊਨਿਸਟ-ਵਿਰੋਧੀ ਸਰਦ-ਜੰਗ ਸੰਕਲਪਾਂ, ਨਿਜੀ ਸੰਪਤੀ ਦੀ ਰਾਖੀ ਅਤੇ ਇਸ ਉਤੇ ਅਧਾਰਤ ਸਿਵਲ ਰਾਈਟਾਂ ਦੀ ਬੁਨਿਆਦ ਤੇ ਮਿਥੇ ਗਏ ਹਨ। ਪੈਰਸ ਚਾਰਟਰ ਨੂੰ ਇਨ੍ਹਾਂ ਨੇ ਇਕ ਐਸਾ ਪੈਮਾਨਾਂ ਬਣਾ ਲਿਆ ਹੈ ਜਿਸ ਨਾਲ ਮਿਣਤੀ ਕਰਦੇ ਹਨ ਕਿ ਕੋਈ ਮੁਲਕ "ਠੀਕ" ਰਾਹ ਉਤੇ ਹੈ ਕਿ "ਪੁਠੇ" ਰਾਹ ਹੈ। ਲੋਕਾਂ ਨੂੰ ਡਰਾਉਣ ਲਈ ਉਹ ਸਟਾਲਨ ਦੇ ਭੂਤ ਦੀ ਦੁਹਾਈ ਪਾਉਂਦੇ ਹਨ ਤੇ ਆਸ ਲਾਈ ਬੈਠੇ ਹਨ ਕਿ ਲੋਕੀ ਮੰਨ ਲੈਣਗੇ ਪਈ ਪੂੰਜੀਵਾਦੀ ਨਿਜ਼ਾਮ ਨਾਲ ਗੁਜ਼ਾਰਾ ਕਰੀ ਚੱਲੋ, ਹੋਰ ਕੋਈ ਰਾਹ ਹੈ ਨਹੀਂ। ਇਸ ਚੌਖਟੇ ਵਿਚ, ਬੁਰਜੁਆਜ਼ੀ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਵੱਡੇ-ਵੱਡੇ ਬਿਜ਼ਨਿਸਾਂ ਵਾਲੇ, ਵੱਡ-ਵੱਡੇ ਲੇਬਰ-ਚੌਧਰੀ, ਸੰਗਠਤ ਧਰਮ ਅਤੇ ਵੱਡੇ ਪੜ੍ਹਾਕੂ, ਲੋਕਾਂ ਨੂੰ ਖ਼ੌਫਜ਼ਦਾ ਕਰ ਰਹੇ ਹਨ ਕਿ ਇਨਕਲਾਬੀ ਤਬਦੀਲੀਆਂ ਦੀ ਖ਼ਾਹਿਸ਼ ਤਿਆਗ ਦਿਉ। ਪਿਛੇ-ਖਿਚੂ ਬੁਰਜੁਆਜ਼ੀ ਇਹ ਝੂਠੇ ਦਾਅਵੇ ਵੀ ਕਰਦੀ ਹੈ ਇਹ ਸੁਧਾਰਾਂ ਦੇ ਹੱਕ ਵਿਚ ਹੈ, ਅਤੇ ਇਹ ਡਰ ਵੀ ਇਸਦੀ ਜਾਨ ਕੱਢ ਰਿਹਾ ਕਿ ਕਿਤੇ ਐਹੋ ਜਿਹੀ ਤਬਦੀਲੀ ਅਤੇ ਤਰੱਕੀ ਹੀ ਨਾਂ ਹੋ ਜਾਵੇ ਜਿਸ ਦੀ ਸਮੇਂ ਨੂੰ ਲੋੜ ਹੈ। ਇਹ ਦੋਵੇ ਗੱਲਾਂ ਮਿਲਕੇ ਇਸ ਨੂੰ ਇਕ ਅਸੂਲਹੀਣ ਨੀਤੀ ਤੇ ਚੱਲਣ ਲਈ ਮਜਬੂਰ ਕਰਦੀਆਂ ਹਨ। ਸੰਸਾਰ ਦੀਆਂ ਬਹੁਤੀਆਂ ਸਟੇਟਾਂ ਦੀ ਇਹੋ ਨੀਤੀ ਹੈ। ਅਸੂਲਹੀਣਤਾ, ਅਸੂਲਾਂ ਦੀ ਅਣਹੋਂਦ ਦੀ ਪੂਜਾਰੀ ਹੈ। ਮੌਜੂਦਾ ਨਿਜ਼ਾਮ ਨੂੰ ਕਾਇਮ ਰੱਖਣ ਵਿਚ ਜਿਹੜੀ ਵੀ ਚੀਜ਼ ਸਹਾਈ ਹੈ ਕਰੋ ਤੇ ਇਸ

ਦੇ ਗੁਣ ਗਾਵੋ। ਇਹ ਸਾਇੰਸ ਅਤੇ ਧਰਮ ਦਾ ਇਕ ਐਸਾ ਨਾਪਾਕ-ਬੰਧਨ ਹੈ ਜੋ ਸਹੁੰ ਖਾਂਦਾ ਹੈ ਕਿ "ਆਪਣੇ ਮੰਤਵ ਦੀ ਪੂਰਤੀ ਲਈ ਕੋਈ ਵੀ ਹਥਿਆਰ ਵਰਤ ਲੈਣਾਂ ਜਾਇਜ਼ ਹੈ।"

ਸਾਮਰਾਜੀ ਮੁਲਕ ਗੁੱਟ ਬਣਾਉਂਦੇ ਹਨ ਅਤੇ ਤਰ੍ਹਾਂ ਤਰ੍ਹਾਂ ਦੇ ਬਹਾਨੇ ਘੜਕੇ ਆਪਣੇ ਦੁਸ਼ਮਣਾਂ ਉਤੇ ਹਮਲਾ ਕਰਦੇ ਹਨ ਜਿਵੇਂ ਇਰਾਕ ਤੇ ਕੀਤਾ ਅਤੇ ਆਪਣੇ "ਦੋਸਤਾਂ" ਦੇ ਮਾਮਲਿਆਂ ਵਿਚ ਵੀ ਟੰਗ ਅੜਾਉਂਦੇ ਹਨ ਜਿਵੇ ਹੇਤੀ, ਬੌਸਨੀਆਂ ਅਤੇ ਮਿਡਲ ਈਸਟ ਵਿਚ ਫ਼ਲਸਤੀਨੀਆਂ ਨਾਲ ਜਾਂ ਹੋਰ ਅਰਬ ਲੋਕਾਂ ਨਾਲ ਕੀਤਾ। ਉਹ ਟੋਲੇ ਬਣਾ ਕੇ ਦੂਸਰਿਆਂ ਦੇ ਗਲ ਪੈਂਦੇ ਹਨ ਤੇ ਉਨ੍ਹਾਂ ਉਤੇ "ਮਨੁਖੀ ਅਧਿਕਾਰਾਂ" ਦੀ "ਉਲੰਘਣਾਂ" ਕਰਨ ਦੇ ਇਲਜ਼ਾਮ ਲਾਉਂਦੇ ਹਨ ਜਿਵੇਂ ਕਿ ਲੋਕ ਜਮਹੂਰੀ ਚੀਨ ਉਤੇ। ਅਤੇ ਆਪ ਏਨਾਂ ਵੀ ਸਵੀਕਾਰ ਨਹੀਂ ਕਰਦੇ ਕਿ ਰੋਜ਼ੀ ਦਾ ਹੱਕ ਇਕ ਮਾਨੁਖੀ ਅਧਿਕਾਰ ਹੈ। ਇਨ੍ਹਾਂ ਦੇ ਆਪਣੇ ਮੁਲਕਾਂ ਅੰਦਰ ਔਰਤਾਂ, ਬੱਚਿਆਂ, ਅਤੇ ਘੱਟ-ਗਿਣਤੀਆਂ ਦੀ ਬੇਇਜ਼ਤੀ ਅਤੇ ਬੇਹੁਰਮਤੀ ਵੱਧ ਰਹੀ ਹੈ। ਫ਼ਾਸ਼ੀਵਾਦ, ਮਿਲਟਰੀਵਾਦ ਅਤੇ ਸਟੇਟ ਦਹਿਸ਼ਤਵਾਦ ਨੂੰ ਪਿਛਲੇ ਕੁਝ ਸਮੇਂ ਤੋਂ ਏਨੇ ਵੱਡੇ ਪੈਮਾਨੇ ਉਤੇ ਵਰਤਿਆ ਗਿਆ ਹੈ ਕਿ ਦੂਜੀ ਸੰਸਾਰ ਜੰਗ ਮਗਰੋਂ ਦੇ ਦਹਾਕਿਆਂ ਵਿਚ ਪਹਿਲਾਂ ਕਦੇ ਨਹੀਂ ਵੇਖਿਆ ਗਿਆ ਸੀ। ਇਹ ਸੱਭ ਕੁਝ ਉਨ੍ਹਾਂ ਸ਼ਕਤੀਆਂ ਵਿਰੁਧ ਵਰਤਿਆ ਜਾ ਰਿਹਾ ਹੈ ਜੋ ਸਮਾਜ ਦੀ ਤਰੱਕੀ ਦਾ ਰਾਹ ਖੋਹਲਨ ਅਤੇ ਅਸਲੀ ਤਬਦੀਲੀ ਲਿਆਉਣ ਲਈ ਸਰਗਰਮ ਹਨ, ਨਵੇਂ ਦੇ ਮੁਦਈ ਹਨ ਅਤੇ ਹਰ ਗਲੀ-ਸੜੀ ਸ਼ੈਅ ਦੇ ਮੁਖ਼ਾਲਿਫ਼ ਹਨ। ਹਾਲੇ ਵੀ ਕਈ ਮੁਲਕਾਂ ਵਿਚ ਕਮਿਊਨਿਜ਼ਮ ਉਤੇ ਪਾਬੰਦੀ ਲੱਗੀ ਹੋਈ ਹੈ ਜਿਸ ਤਰ੍ਹਾਂ ਅਲਬਾਨੀਆਂ, ਦੱਖਣੀ ਕੋਰੀਆ ਤੇ ਹੋਰ ਕਈ ਥਾਵੀਂ। ਸਾਰੇ ਜਹਾਨ ਵਿਚ ਇਹ ਮਾਰਕਸਵਾਦੀਆਂ-ਲੈਨਿਨਵਾਦੀਆਂ ਦੇ ਮਗਰ ਪਾਗਲ ਕੁਤਿਆਂ ਵਾਂਗ ਪਏ ਹੋਏ ਹਨ ਤੇ ਹਾਲੇ ਵੀ ਉਨ੍ਹਾਂ ਦੇ ਕਤਲ ਕਰ ਰਹੇ ਹਨ।

ਕਮਿਊਨਿਜ਼ਮ ਬਾਰੇ ਬਹਿਸ ਚਲਾਉਣ ਤੋਂ ਸਿਰਫ਼ ਸਾਮਰਾਜੀਏ, ਪਿਛੇ-ਖਿਚੂ ਬੁਰਜੁਆਜ਼ੀ, ਅਜਾਰੇਦਾਰੀ ਦਾ ਮੀਡੀਆ, ਗਿਆਨੀ-ਧਿਆਨੀ ਅਤੇ ਥਿੰਕ-ਟੈਂਕ ਹੀ ਨਹੀਂ ਦੌੜਦੇ ਬਲਕਿ ਆਪਣੇ ਆਪ ਨੂੰ ਕਮਿਊਨਿਸਟ, ਸੋਸ਼ਲਿਸਟ, ਸੋਸ਼ਲ ਡੈਮੋਕਰੇਟ, ਲੇਬਰ ਕਾਰਕੁੰਨ ਅਤੇ ਤਰੱਕੀ ਪਸੰਦ ਕਹਾਉਣ ਵਾਲੇ ਕਈ ਲੋਕ ਵੀ ਬੜਾ ਡਰਦੇ ਹਨ। ਆਧੁਨਿਕ ਕਮਿਊਨਿਜ਼ਮ ਦੇ ਸਿਧਾਂਤ ਅਤੇ ਅਮਲ ਬਾਰੇ ਕੋਈ ਗੱਲ ਕਰਨ ਦੀ ਥਾਂ ਉਹ ਸਮਾਜਕ ਤਬਦੀਲੀਆਂ ਦੇ ਰਾਹ ਰੋੜਾ ਅਟਕਾਉਣ ਲਈ ਇਕ ਅਤੀ ਪਿਛੇ-ਖਿਚੂ ਰੋਲ ਅਦਾ ਕਰਦੇ ਹਨ। ਸਾਰੀ ੨੦ਵੀਂ ਸਦੀ ਦੌਰਾਨ ਵੱਡੀਆਂ ਤੇ ਸ਼ਕਤੀਸ਼ਾਲੀ ਸਟੇਟਾਂ ਦੀ ਅਫ਼ੀਸ਼ਲ ਵਿਚਾਰਧਾਰਾ ਦਾ ਇਕ ਮੁਖ-ਅੰਗ ਕਮਿਊਨਿਜ਼ਮ-ਵਿਰੋਧ ਨੂੰ ਬਣਾ ਦਿਤਾ ਗਿਆ ਹੈ। ਅਤੇ ਸਿਰਫ਼ ਹੁਕਮਰਾਨ ਅਦਾਰੇ ਹੀ ਨਹੀਂ ਬਲਕਿ ਪਾਰਲੀਮੈਂਟ ਦੇ ਅੰਦਰਲੀ ਤੇ ਬਾਹਰਲੀ ਅਫ਼ੀਸ਼ਲ ਵਿਰੋਧੀ-ਧਿਰ ਵੀ ਕਮਿਊਨਿਸਟ-ਵਿਰੋਧ ਨਾਲ ਤਰ ਹੈ। ਕਮਿਊਨਿਸਟ-ਵਿਰੋਧ ਦੀ ਇਸ ਅਫ਼ੀਸ਼ਲ ਵਿਚਾਰਧਾਰਾ ਨੇ ਮਨੁੱਖਤਾ ਦੇ ਖ਼ਿਲਾਫ਼ ਅਤੀ ਘਿਨਾਉਣੇ ਜ਼ੁਰਮ ਕਰਨ ਲਈ ਹਮੇਸ਼ਾਂ ਬਹਾਨੇ ਮੁਹੱਈਆ ਕੀਤੇ ਹਨ।

ਹਰ ਹਾਕਮ ਪਾਰਟੀ ਆਪਣੇ ਵਿਰੋਧੀਆਂ ਉਤੇ ਦੋਸ਼ ਲਾਉਂਦੀ ਹੈ ਕਿ ਉਹ ਕਮਿਊਨਿਸਟ ਹਨ। ਹਰੇਕ ਵਿਰੋਧੀ ਪਾਰਟੀ ਆਪਣੇ ਰਕੀਬਾਂ ਨੂੰ, ਜੇ ਉਹ ਜ਼ਰਾ ਵੀ ਅਗਾਂਹਵਧੂ ਗੱਲ ਕਰਨ ਤਾਂ ਕਮਿਊਨਿਸਟ ਕਹਿਣ ਲੱਗ ਪੈਂਦੀ ਹੈ। ਇਹ ਗੱਲ ਸੋਸ਼ਲ ਡੈਮੋਕਰੇਟਾਂ ਤੇ ਵੀ ਢੁਕਦੀ ਹੈ ਅਤੇ ਉਨ੍ਹਾਂ "ਕਮਿਊਨਿਸਟਾਂ" ਉਤੇ ਵੀ ਜੋ ਯੂਰੋ-ਕਮਿਊਨਿਜ਼ਮ ਅਤੇ ਸੋਸ਼ਲਿਜ਼ਮ ਦੇ ਬਿਲੇ ਲਾਈ ਫਿਰਦੇ ਸਨ। ਜਿਨ੍ਹਾਂ ਦੇ ਹੱਥ ਕੁਰਸੀ ਆ ਜਾਂਦੀ ਹੈ ਉਹ ਸਮਝਦੇ ਹਨ ਕਿ ਉਨ੍ਹਾਂ ਦੇ ਸਾਰੇ ਵਿਰੋਧੀ ਕਮਿਊਨਿਸਟ ਹਨ, ਪਰ ਵਿਰੋਧੀਆਂ ਨੂੰ ਕਮਿਊਨਿਜ਼ਮ ਦੇ ਲੇਬਲ ਤੋਂ ਤਲਖੀ ਆਉਂਦੀ ਹੈ ਤੇ ਇਸਨੂੰ ਇਕਦੱਮ ਰੱਦ ਕਰਦੇ ਹੋਏ ਉਹ ਇਹੋ ਲੇਬਲ ਆਪਣੇ ਰਕੀਬਾਂ ਤੇ ਲਾਉਂਦੇ ਹਨ। "ਕਮਿਊਨਿਜ਼ਮ" ਅਤੇ "ਏਕਾ-ਧਿਕਾਰਵਾਦ" ਦੇ ਲਫ਼ਜ਼ ਇਸ ਤਰ੍ਹਾਂ ਵਰਤੇ ਜਾਂਦੇ ਹਨ ਜਿਵੇਂ ਇਹ ਕਹਿ ਦੇਣ ਨਾਲ ਵਿਰੋਧੀਆਂ ਦੀ ਜਾਨ ਨਿਕਲ ਜਾਣੀ ਹੋਵੇ ਜਾਂ ਉਨ੍ਹਾਂ ਦਾ ਨਾਮੋ-ਨਿਸ਼ਾਨ ਮਿਟ ਜਾਣਾਂ ਹੋਵੇ।

ਅੱਜ ਦਾ ਇਕ ਲੱਛਣ ਇਹ ਹੈ ਕਿ ਉਤਰੀ ਅਮਰੀਕਾ ਅਤੇ "ਪੁਰਾਣੇ ਯੋਰਪ ਦੀਆਂ ਸਾਰੀਆਂ ਸ਼ਕਤੀਆਂ" ਅਤੇ ਇਨ੍ਹਾਂ ਦੇ ਅਸਰ ਹੇਠਲੇ ਹੋਰ ਸਾਰੇ, ਐਲਾਨ ਕਰੀ ਜਾ ਰਹੇ ਹਨ ਕਿ ਉਹ ਲਿਬਰਲਾਈਜ਼ੇਸ਼ਨ, ਪ੍ਰਾਈਵੇਟਾਈਜ਼ੇਸ਼ਨ ਅਤੇ ਸੁਧਾਰਾਂ ਦੇ ਹਾਮੀ ਹਨ ਤੇ ਸਮਝਦੇ ਹਨ ਜਿਵੇਂ ਇਹ ਜਮਹੂਰੀਅਤ ਦੀ ਪਾਲਣਾਂ ਅਤੇ "ਏਕਾਧਿਕਾਰਵਾਦ" ਦੀ ਵਿਰੋਧਤਾ ਦਾ ਸਬੂਤ ਹੋਵੇ। ਇਕ ਐਸਾ ਕਾਨੂੰਨੀ-ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਵਿਚ, ਜੋ ਉਨ੍ਹਾਂ ਦੇ ਆਪਣੇ ਵਿਸ਼ੇਸ਼-ਹਿਤ ਪੂਰੇ ਕਰੇ, ਉਹ ਆਪਣੇ "ਵਿਰੋਧੀਆਂ" ਖ਼ਿਲਾਫ਼ ਇਕ ਘਮਸਾਨ ਦਾ ਯੁਧ ਕਰ ਰਹੇ ਹਨ ਤੇ ਇਲਜ਼ਾਮ ਲਾ ਰਹੇ ਹਨ ਕਿ ਵਿਰੋਧੀ "ਕਮਿਊਨਿਸਟ" ਹਨ, "ਸਟਾਲਨਵਾਦੀ" ਹਨ। ਰੂਸੀ ਫੈਡਰੇਸ਼ਨ ਦੀ ਕਮਿਊਨਿਸਟ ਪਾਰਟੀ ਅਤੇ ਕਈ ਹੋਰਨਾਂ ਦੀ ਇਹ ਅਜਿਹੀ ਹੀ ਤਸਵੀਰ ਖਿਚਦੇ ਹਨ ਤਾਂ ਕਿ ਲੋਕਾਂ ਨੂੰ ਆਧੁਨਿਕ ਕਮਿਊਨਿਜ਼ਮ ਦੇ ਅਸਲੀ ਤੱਤ ਦਾ ਪਤਾ ਨਾਂ ਲੱਗੇ। ਤੇ ਇਨ੍ਹਾਂ "ਵਿਰੋਧੀਆਂ" ਦਾ ਇਹ ਹਾਲ ਹੈ ਕਿ ਇਹ ਬੜੇ ਹੀ ਸ਼ਿਕਵੇ ਭਰੇ ਲਹਿਜੇ ਵਿਚ ਕਹਿੰਦੇ ਹਨ ਕਿ ਉਹ "ਕਮਿਊਨਿਸਟ" ਅਤੇ "ਸਟਾਲਨਿਸਟ" ਬਿਲਕੁਲ ਨਹੀਂ ਹਨ, ਅਤੇ ਆਸ ਕਰਦੇ ਹਨ ਕਿ ਮੌਜੂਦਾ ਨਿਜ਼ਾਮ ਦੇ ਅੰਦਰ ਉਨ੍ਹਾਂ ਦੇ ਠੂਠੇ ਖ਼ੈਰ ਜ਼ਰੂਰ ਪਵੇਗੀ। ਇਸ ਦੇ ਨਾਲ ਨਾਲ ਉਹ ਅਖੌਤੀ "ਸੁਧਾਰਾਂ" ਅਤੇ ਵੱਡੀਆਂ ਤਾਕਤਾਂ ਵਲੋਂ ਦੂਸਰੇ ਮੁਲਕਾਂ ਦੇ ਮਾਮਲਿਆਂ ਵਿਚ ਟੰਗ ਅੜਾਉਣ ਦੀ ਪਾਲਸੀ ਲਈ ਪੇਸ਼ ਕੀਤੀਆਂ ਗਈਆਂ ਦਲੀਲਾਂ ਦੇ ਕਾਇਲ ਹਨ ਤੇ ਇਹਨੂੰ ਇਕ ਨਿਬੜੀ ਹੋਈ ਗਲ ਮੰਨੀ ਬੈਠੇ ਹਨ। ਇਸਦੇ ਨਾਲ ਹੀ ਅੰਦਰੂਨੀ ਤੌਰ ਤੇ ਅੱਜ ਦੇ ਮਸਲਿਆਂ ਦਾ ਹੱਲ ਪੇਸ਼ ਕਰਨ ਅਤੇ ਸਮਾਜ ਦੇ ਭਵਿਖ ਲਈ ਨਜ਼ਰੀਆ ਦੇਣ ਵਿਚ ਵੀ ਉਹ ਪੂਰੇ ਅਸਫ਼ਲ ਸਾਬਤ ਹੋ ਰਹੇ ਹਨ। ਉਹ ਇਸ ਤਰ੍ਹਾਂ ਦੇ ਕਾਨੂੰਨ ਪਾਸ ਕਰਨ ਨਾਲ ਸਹਿਮਤੀ ਵਿਖਾਉਂਦੇ ਹਨ ਜੋ ਇਨਸਾਨ ਦੀ ਹਸਤੀ ਨੂੰ ਉਲੰਘਦੇ ਹਨ ਅਤੇ ਮੱਧਕਾਲੀ ਵੇਲਿਆਂ ਦੀਆਂ ਕਦਰਾਂ-ਕੀਮਤਾਂ ਅਤੇ ਰਿਸ਼ਤੇ ਲੋਕਾਂ ਉਤੇ ਮੜ੍ਹਦੇ ਹਨ। ਅਜੇਹੇ ਕਾਨੂੰਨਾਂ ਨੂੰ ਉਹ ਜਮਹੂਰੀ, ਤਰੱਕੀ ਪਸੰਦ ਅਤੇ ਸਮਾਜ ਨੂੰ ਅੱਗੇ ਵਧਾਉਣ ਵਾਲੇ ਖਿਆਲ ਕਰਦੇ ਹਨ ਜਿਦਾਂ ਕਿਤੇ ਇਨ੍ਹਾਂ ਕਾਨੂੰਨਾਂ ਨਾਲ "ਵਿਅਕਤੀਗਤ ਆਜ਼ਾਦੀ" ਦੀ ਗਰੰਟੀ ਮਿਲ ਜਾਣੀ ਹੋਵੇ, "ਸਿਹਤਮੰਦ ਵਾਤਾਵਰਨ" ਪੈਦਾ ਹੋ ਜਾਣਾਂ ਹੋਵੇ ਜਾਂ ਸਮਾਜ ਨੇ "ਏਕਾਧਿਕਾਰਵਾਦ" ਤੋਂ ਮਹਿਫੂਜ਼ ਹੋ ਜਾਣਾਂ ਹੋਵੇ। ਇੰਜ, ਲੋਕੀ ਜਿਹੜੀ ਵੀ ਮੰਗ ਕਰਦੇ ਹਨ ਉਹਨੂੰ "ਅਮਨ-ਕਾਨੂੰਨ" ਦਾ ਮਸਲਾ ਜਾਂ "ਰਵੱਈਏ" ਦੀ ਸਮੱਸਿਆ ਬਣਾ ਕੇ ਰੱਖ ਦਿਤਾ ਜਾਂਦਾ ਹੈ। ਤਬਦੀਲੀ ਦੀ ਮੰਗ ਕਰ ਰਹੀਆਂ ਸਮਾਜੀ ਤਾਕਤਾਂ ਉਤੇ ਇਸ ਬੇਰੋਕ ਹਮਲੇ ਦਾ ਸਿਟਾ ਇਕ ਬੇਰਹਿਮ ਸਮਾਜ-ਵਿਰੋਧੀ ਮੁਹਿੰਮ ਛੇੜਨ ਵਿਚ ਨਿਕਲਿਆ ਹੈ। ਵਿਚਾਰਧਾਰਕ ਅਤੇ ਸਿਆਸੀ ਗੰਧਲਾਅ ਵੀ ਵਧਾਇਆ ਜਾ ਰਿਹਾ ਹੈ ਤੇ ਇਸ ਸਾਰੀ ਗੱਲਬਾਤ ਕਰਕੇ ਲੋਕੀ "ਸਿਆਸਤ" ਨੂੰ ਇਕ "ਬੁਰਾ-ਧੰਦਾ" ਸਮਝਣ ਲੱਗ ਪਏ ਹਨ।

ਸਮਾਜ ਦੀ ਤਰੱਕੀ ਦੇ ਬੂਹੇ ਖੋਹਲਨ ਲਈ ਜਦੋਜਹਿਦ ਕਰ ਰਹੀ ਸਾਰੀ ਅਗਾਂਹਵਧੂ ਮਨੁੱਖਤਾ ਉਤੇ ਹਰ ਹਮਲਾ ਵਾਜਿਬ ਠਹਿਰਾਉਣ ਲਈ, ਹਾਲੇ ਵੀ ੨੦ਸਦੀ ਦੀਆਂ ਅਤੀ ਕਮੀਨੀਆਂ ਕਿਆਸ ਅਰਾਈਆਂ ਦੀ ਪੈਦਾਇਸ਼ "ਕਮਿਊਨਿਜ਼ਮ ਦੇ ਹਊਏ" ਨੂੰ ਵਰਤੀ ਜਾ ਰਹੇ ਹਨ। "ਜਮਹੂਰੀਅਤ" ਅਤੇ "ਤਰੱਕੀ" ਦੇ ਨਾਂ ਹੇਠ ਪਿਛਾਖੜ ਦੀਆਂ ਕਾਲੀਆਂ ਤਾਕਤਾਂ ਨੇ ਇਸ ਹਊਏ ਨੂੰ ਮੁੜਕੇ ਫਿਰ ਉਸ ਥਿੜਕਦੇ ਥੰਮ ਉਤੇ ਬਿਰਾਜਮਾਨ ਕਰ ਦਿਤਾ ਹੈ ਜਿਥੋਂ ਲੋਕਾਂ ਨੇ ਦੂਸਰੀ ਸੰਸਾਰ ਜੰਗ ਦੌਰਾਨ ਇਸ ਨੂੰ ਡੇਗ ਦਿਤਾ ਸੀ।

ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟ ਪਾਰਟੀਆਂ ਦੇ ਕੰਮ ਵਿਚ ਦਿਨੋਂ ਦਿਨ ਤਰੱਕੀ ਹੋਣ ਅਤੇ ਆਧੁਨਿਕ ਕਮਿਊਨਿਜ਼ਮ ਦੇ ਮਾਰੂ ਡਰ ਕਰਕੇ ਅਤੇ ਨਾਲੇ ਆਰਥਕ, ਸਿਆਸੀ, ਸਭਿਆਚਾਰਕ, ਵਿਚਾਰਧਾਰਕ ਅਤੇ ਤਨਜ਼ੀਮੀ ਨਵੀਨੀਕਰਣ ਤੋਂ ਡਰਦੀਆਂ ਸਾਰੇ ਪੁਰਾਣੇ ਯੋਰਪ ਅਤੇ ਉਤਰੀ ਅਮਰੀਕਾ ਦੀਆਂ ਇਹ ਪਿਛਾਖੜੀ ਸ਼ਕਤੀਆਂ ਅਤੇ ਅਫਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਅਤੇ ਓਸ਼ੀਆਨਾ ਵਿਚ ਇਨਾਂ ਦਾ ਪ੍ਰਭਾਵ ਕਬੂਲਣ ਵਾਲੇ ਹੋਰ ਸਾਰੇ ਪੁਰਾਣੇ ਪਾਪੀ ਇਕ ਨਾਪਾਕ-ਬੰਧਨ ਵਿਚ ਬੱਝਣ ਲਈ ਮਜਬੂਰ ਹੋ ਗਏ ਹਨ। ਪੁਰਾਣੇ ਦੀ ਰਖਵਾਲੀ ਤੇ ਨਵੇਂ ਨੂੰ ਕੁਚਲਣ ਲਈ ਇਹ ਸਾਰੇ ਇਕਮੁਠ ਹਨ। ਪੁਰਾਣੇ ਬਸਤੀਵਾਦੀ ਤੇ ਸਾਮਰਾਜੀ ਮੁਲਕਾਂ, ਅਤੇ ਸਾਬਕਾ ਬਸਤੀਆਂ ਦੀ ਪਿਛੇ-ਖਿਚੂ ਬੁਰਜੁਆਜ਼ੀ ਵਿਚਕਾਰ ਇਹ ਇਕ ਨਾਪਾਕ-ਗੱਠਜੋੜ ਹੈ। "ਸੰਸਾਰ-ਆਰਥਕਤਾ", "ਬਹੁ-ਪਾਰਟੀ ਸਿਸਟਮ" ਅਤੇ "ਮਨੁੱਖੀ ਅਧਿਕਾਰਾਂ" ਦੇ ਨਾਮ ਹੇਠ ਇਹ ਨਾਪਾਕ-ਗੱਠਜੋੜ ਉਸ ਵੇਲੇ ਬਣਾਇਆ ਗਿਆ ਹੈ ਜਿਸ ਵੇਲੇ ਹਰ ਉਸ ਸ਼ੈਅ ਨੂੰ ਪੈਰਾਂ ਹੇਠ ਦਰੜਿਆ ਜਾ ਰਿਹਾ ਹੈ ਜਿਸਦੀ ਲੋਕ ਕਦਰ ਕਰਦੇ ਹਨ, ਜਿਵੇਂ ਉਨ੍ਹਾਂ ਦੀ ਪ੍ਰਭੂਸੱਤਾ, ਜ਼ਬਾਨਾਂ ਅਤੇ ਸਭਿਆਚਾਰਾਂ, ਆਦਿ,। ਇਹ ਗੱਠਜੋੜ ਤਰੱਕੀ ਦੇ ਰਾਹ ਵਿਚ ਸੱਭ ਤੋਂ ਵੱਡੀ

ਰੁਕਾਵਟ ਹੈ। ਇਸ ਨਾਪਾਕ-ਗੱਠਜੋੜ ਦਾ ਅਸਲੀ ਮਕਸਦ ਲੋਕਾਂ ਅਤੇ ਕੌਮਾਂ ਨੂੰ ਆਪਣੇ ਅਧੀਨ ਕਰਨਾਂ ਹੈ, ਮਜ਼ਦੂਰ ਜਮਾਤ ਅਤੇ ਹੋਰ ਕਾਮੇ ਲੋਕਾਂ ਦੀ ਲੁੱਟ-ਖਸੁਟ ਕਰਨਾਂ ਹੈ। ਵੱਡੀਆਂ ਸ਼ਕਤੀਆਂ ਸੰਸਾਰ ਗਲਬੇ ਲਈ ਤਾਂ ਬੇਸ਼ੱਕ ਆਪਸ ਵਿਚ ਖਹਿਬੜਦੀਆਂ ਰਹਿੰਦੀਆਂ ਹਨ ਲੇਕਿਨ ਮਜ਼ਦੂਰ ਜਮਾਤ ਅਤੇ ਲੋਕਾਂ ਦੀਆਂ ਸਮਾਜੀ ਅਤੇ ਕੌਮੀ ਮੁਕਤੀ ਦੀਆਂ ਜਦੋਜਹਿਦਾਂ, ਅਤੇ ਮਨੁੱਖਤਾ ਦੀ ਪੂਰਣ-ਮੁਕਤੀ ਦੀ ਜਦੋਜਹਿਦ ਨੂੰ ਖ਼ੂਨ ਵਿਚ ਡੁਬੋਣ ਲਈ ਬਿਲਕੁਲ ਇਕਮੁੱਠ ਹਨ।

ਅੰਤਰਰਾਸ਼ਟਰੀ ਤੌਰ ਤੇ ਇਸ ਪਿਛਾਖੜ ਮੁਹਾਜ਼ ਦੀ ਅਗਵਾਈ ਓ.ਐਸ.ਸੀ.ਈ. (ਆਰਗੇਨਾਈਜ਼ੇਸ਼ਨ ਆਫ਼ ਸਕਿਊਰਿਟੀ ਐਂਡ ਕੋਆਪਰੇਸ਼ਨ ਇਨ ਯੋਰਪ) ਕਰਦੀ ਹੈ ਜਿਸਦਾ ਮਿਲਟਰੀ ਵਿੰਗ ਨਾਟੋ ਹੈ। ਰਹਿੰਦੀ ਕਸਰ ਪੈਰਸ ਚਾਰਟਰ ਨਾਲ ਪੂਰੀ ਕਰ ਲਈ ਗਈ ਹੈ ਤੇ ਸਾਰੇ ਯੋਰਪੀ ਮੁਲਕਾਂ ਨੂੰ ਮਜਬੂਰ ਕੀਤਾ ਜਾ ਰਿਹਾ ਹੈ ਕਿ ਜੇ ਜਿਉਂਦੇ ਵਸਦੇ ਰਹਿਣ ਦੀ "ਰਿਆਇਤ" ਹਾਸਲ ਕਰਨੀ ਹੈ ਤਾਂ ਇਸ ਉਤੇ ਦਸਖ਼ਤ ਕਰਨ ਕਰਨੇ ਹੀ ਪੈਣਗੇ। ਪੈਰਸ ਚਾਰਟਰ ਨੂੰ ਸਾਰੇ ਸੰਸਾਰ ਵਿਚ ਇਕ ਤਾਕਤਵਰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਤੇ ਇਕ ਕਿਸਮ ਦਾ ਮਿਆਰ ਮਿਥ ਦਿਤਾ ਹੈ ਕਿ ਸਾਰੇ ਮੁਲਕਾਂ ਵਿਚਕਾਰ ਆਰਥਕ, ਸਿਆਸੀ, ਸਮਾਜੀ ਤੇ ਸਭਿਆਚਾਰਕ ਨਾਤੇ ਸਿਰਫ਼ ਪੈਰਸ ਚਾਰਟਰ ਅਨੁਸਾਰ ਹੀ ਬਣਾਉਣ ਦੀ ਇਜਾਜ਼ਤ ਦਿਤੀ ਜਾ ਸਕਦੀ ਹੈ। ਇਸ ਮਿਆਰ ਦੇ ਉਲਟ ਜਾਣ ਦੀ ਮਨਾਹੀ ਕਰਦੇ ਹਨ। ਇਨ੍ਹਾਂ ਮੁਲਕਾਂ ਨੂੰ ਕਿਸ ਤਰ੍ਹਾਂ ਦੇ ਸਮਾਜੀ ਸਿਸਟਮ ਸਥਾਪਤ ਕਰਨ ਦੀ ਆਗਿਆ ਹੈ, ਇਹ ਤੈਅ ਕਰਨ ਲਈ ਪੈਰਸ ਚਾਰਟਰ ਦੇ ਪੈਮਾਨੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿਹੜਾ ਮੁਲਕ ਇਨ੍ਹਾਂ ਨਾਲ ਸਹਿਮਤ ਨਹੀਂ ਹੁੰਦਾ ਉਹਨੂੰ ਇਹ ਇਕ "ਅਛੂਤ", ਇਕ "ਸ਼ਰਾਰਤੀ ਸਟੇਟ" ਕਰਾਰ ਦੇ ਦਿੰਦੇ ਹਨ ਤੇ ਇਸਨੂੰ ਕੁਚਲਣਾਂ ਜਾਇਜ਼ ਦੱਸਦੇ ਹਨ ਚਾਹੇ ਕਿੰਨੀ ਹੀ ਮਨੁਖੀ ਤਬਾਹੀ ਕਿਉਂ ਨਾ ਹੋਵੇ। ਇਹ ਸੱਭ ਕਰਤੂਤ ਮੱਧਕਾਲੀ ਵੇਲਿਆਂ ਦੇ ਅੰਧਕਾਰਵਾਦੀ ਪਾਦਰੀਆਂ ਵਾਂਗ ਕੀਤੀ ਜਾ ਰਹੀ ਹੈ ਜੋ ਸਾਇੰਸ ਦੇ ਰਾਹ ਤੁਰਨ ਵਾਲਿਆਂ ਨੂੰ ਕਾਫ਼ਰ ਅਤੇ ਟੂਣੇ-ਹਾਰ ਕਹਿਕੇ ਅੱਗਾਂ ਵਿਚ ਸਾੜਦੇ ਸਨ ਤੇ ਆਸ ਕਰਦੇ ਸਨ ਕਿ ਇਨ੍ਹਾਂ ਦਾ ਅਸਰ ਖ਼ਤਮ ਹੋ ਜਾਵੇਗਾ। ਇਹ ਅਜੋਕੇ-ਅੰਧਕਾਰਵਾਦੀ ਹੁਣ ਇਸੇ ਤਰੀਕੇ ਨਾਲ ਪੈਰਸ ਚਾਰਟਰ ਦੇ ਮਿਆਰਾਂ ਦੇ ਨਾਮ ਹੇਠ ਹਰੇਕ ਜ਼ੁਰਮ ਨੂੰ ਜਾਇਜ਼ ਠਹਿਰਾਉਂਦੇ ਹਨ। ਵੱਡੀਆਂ ਤਾਕਤਾਂ ਨੇ ਇਕ ਪਿਛਾਖੜੀ ਦੀਵਾਰ ਉਸਾਰ ਲਈ ਹੈ ਜੋ ਤਬਦੀਲੀ ਦਾ ਰਾਹ ਮੱਲੀ ਖੜੀ ਹੈ ਤੇ ਇਸ ਦੀਵਾਰ ਦੀ ਹਿਫ਼ਾਜ਼ਤ ਕਰਨ ਲਈ ਇਹ ਮੱਧਕਾਲੀਨ ਸਮੇਂ ਦਾ ਫਤਵਾ "ਜਿਸਦੀ ਲਾਠੀ ਉਸਦੀ ਭੈਂਸ" ਵਰਤਦੇ ਹਨ। ਉਹ ਸ਼ਰੇਆਮ ਆਪਣੀ ਕੈਰਟ ਤੇ ਸਟਿਕ ਪਾਲਸੀ ਜਾਣੀ "ਪੁਚਕਾਰੋ ਤੇ ਮਾਰੋ" ਦੀ ਪਾਲਸੀ ਦੇ ਐਲਾਨ ਕਰਦੇ ਹਨ ਜਿਸ ਅਨੁਸਾਰ ਜਿਹੜਾ ਉਨ੍ਹਾਂ ਦੇ ਆਖੇ ਲੱਗ ਜਾਂਦਾ ਹੈ ਉਹਨੂੰ ਇਨਾਮ ਤੇ ਜਿਹੜਾ ਮੂਹਰੇ ਬੋਲਦਾ ਹੈ ਉਹਨੂੰ ਸਜ਼ਾ ਦਿਤੀ ਜਾਂਦੀ ਹੈ। ਨਾਟੋ ਦਾ ਮਕਸਦ ਪੈਰਸ ਚਾਰਟਰ ਵਿਚ ਲਿਖੇ ਗਏ "ਜੀਵਨ-ਢੰਗ" ਦੀ ਰਾਖੀ ਕਰਨਾਂ ਹੈ ਤਾਂਕਿ ਉਨ੍ਹਾਂ ਮੁਲਕਾਂ ਦੇ ਹਿਤ ਪੂਰੇ ਹੋਣ ਜੋ ਸਾਰੇ ਸੰਸਾਰ ਉਤੇ ਭਾਰੂ ਹਨ। ਇਹਦੇ ਨਾਲ ਨਾਲ ਉਨ੍ਹਾਂ ਦੀਆਂ ਆਪਣੀਆਂ ਸਫ਼ਾਂ ਵਿਚ ਖਹਿਬਾਜ਼ੀ ਵੀ ਵਧ ਰਹੀ ਹੈ। "ਵਿਚਾਰਧਾਰਕ ਤੇ ਸਿਆਸੀ ਬਹੁ-ਵਾਦ" ਅਤੇ "ਖੁਲ੍ਹੀ ਮੰਡੀ ਦੀ ਆਰਥਕਤਾ" ਕਰਕੇ ਵੱਧ ਰਹੇ ਆਰਥਕ ਮੁਕਾਬਲੇ ਦੀ ਵਜਾਹ ਨਾਲ ਬੁਰਜੁਆਜ਼ੀ ਦੇ ਵੱਖੋ ਵੱਖਰੇ ਗੁੱਟਾਂ ਦੀਆਂ ਨੁਮਾਇੰਦਾ ਸਿਆਸੀ ਪਾਰਟੀਆਂ ਵਿਚਕਾਰ ਹੁੰਦੀ ਸਿਆਸੀ ਲੜਾਈ ਤੋਂ ਇਹ ਗੱਲ ਪੂਰੀ ਤਰ੍ਹਾਂ ਜ਼ਾਹਰ ਹੋ ਰਹੀ ਹੈ। ਬੁਰਜੁਆ ਅਧਿਕਾਰਾਂ ਦੀ ਡੱਟ ਕੇ ਰਾਖੀ ਕਰਨੀ, ਜ਼ੋਰ ਲਾਉਣਾਂ ਕਿ ਮਨੁਖੀ ਅਧਿਕਾਰਾਂ ਦਾ ਦਾਇਰਾ ਸਿਵਲ ਅਧਿਕਾਰਾਂ ਤੱਕ ਹੀ ਸਮਿਤ ਰਹੇ, ਅਤੇ ਕੌਮੀ ਆਰਥਚਾਰਿਆਂ ਨੂੰ "ਸੰਸਾਰ ਮੰਡੀ" ਦੇ ਮਤਿਹਤ ਕਰਨ ਦਾ ਰਾਹ, ਇਨ੍ਹਾਂ ਸਾਰੀਆਂ ਗੱਲਾਂ ਨੇ ਇਕ ਐਸਾ ਸਮਾਜ ਪੈਦਾ ਕਰਨ ਵਿਚ ਹਿਸਾ ਪਾਇਆ ਹੈ ਜਿਸਦੀ ਆਪਣੇ ਸਾਰੇ ਮੈਂਬਰਾਂ ਪ੍ਰਤੀ ਕਈ ਜ਼ੁੰਮੇਵਾਰੀ ਨਹੀਂ ਪਰ ਤਕੜਿਆਂ ਦੀਆਂ ਮੌਜਾਂ ਹੀ ਮੌਜਾਂ ਹਨ।

ਕਨੇਡਾ ਵਿਚ ਵੱਡੇ ਬਿਜ਼ਨਸ, ਸਰਕਾਰਾਂ ਅਤੇ ਲੇਬਰ ਲੀਡਰ, ਡੱਟਕੇ ਖੜ੍ਹ ਗਏ ਹਨ ਕਿਸੇ ਵੀ ਪ੍ਰਕਾਰ ਦੀ ਐਸੀ ਗੱਲ ਨਹੀਂ ਹੋਣ ਦੇਣੀ ਜੋ ਸਮਾਜ ਨੂੰ ਪੂੰਜੀਵਾਦ ਦੇ ਪੜਾਅ ਤੋਂ ਸਮਾਜਵਾਦ ਦੇ ਰਾਹ ਪਾਵੇ। ਇਸ ਗੱਲੋਂ ਉਹ ਜ਼ਰਾ ਵੀ ਏਧਰ ਓਧਰ ਹੋਣ ਲਈ ਤਿਆਰ ਨਹੀਂ। ਉਨ੍ਹਾਂ ਮਸਲਿਆਂ ਬਾਰੇ ਵੀ ਨਹੀਂ ਜੋ ਬੜੇ ਬੁਨਿਆਦੀ ਤੇ ਅਹਿਮ ਹਨ ਜਿਵੇਂ ਕਿ ਸੰਵਿਧਾਨ ਨੂੰ ਆਧੁਨਿਕ ਬਣਾਉਣ ਦੀ ਲੋੜ। ਇਸ ਆਸ ਵਿਚ ਕਿ ੧੯ਵੀਂ ਸਦੀ ਦੇ ਸਾਮਰਾਜ-ਘਾੜਿਆਂ ਦੀਆਂ ਕਦਰਾਂ ਕੀਮਤਾਂ ਅਤੇ "ਵਾਇਟਮੈਨਜ਼ ਬਰਡਨ" ਦੇ ਸੰਕਲਪ ਉਤੇ ਅਧਾਰਤ ਪੁਰਾਣਾਂ ਸੰਵਿਧਾਨ ਸ਼ਾਇਦ ਬੱਚ ਹੀ ਰਹੇ, ਮੌਜੂਦਾ ਲਿਬਰਲ ਸਰਕਾਰ "ਕਨੇਡੀਅਨ ਏਕਤਾ" ਦੇ ਨਾਅਰੇ ਹੇਠ ਲੋਕਾਂ ਦੇ ਜਜ਼ਬੇ ਭੜਕਾ ਰਹੀ ਹੈ ਤੇ ਮੁਲਕ ਨੂੰ ਖਾਨਾਜੰਗੀ ਵੱਲ ਤੋਰ ਰਹੀ ਹੈ। ਇਹੋ `ਕਨੇਡੀਅਨ ਕਦਰਾਂ ਕੀਮਤਾਂ` ਇਹ ਸਿਟੀਜ਼ਨਸ਼ਿਪ ਐਕਟ ਦੇ ਮੁਖ-ਬੰਦ ਵਿਚ ਵੀ ਦਰਜ ਕਰਨ ਦੇ ਯਤਨ ਕਰ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਆਧੁਨਿਕਤਾ ਅਤੇ ਨਵੇਂ ਤੋਂ ਇਹ ਕਿੰਨੇ ਖ਼ੌਫ਼ਜ਼ਦਾ ਹਨ। ਇਹ ਇਕ ਐਸਾ ਯਤਨ ਹੈ ਜੋ ਬੰਦੇ ਦੇ ਜ਼ਮੀਰ ਦੇ ਹੱਕ ਦੀ ਸਿਧੀ ਉਲੰਘਣਾਂ ਕਰਦਾ ਹੈ ਤੇ ਸਮਾਜ ਨੂੰ ਅਗਾਂਹ ਵੱਧਾਉਣ ਦੀ ਹਰ ਕੋਸ਼ਿਸ਼ ਨੂੰ ਗੈਰਕਾਨੂੰਨੀ ਗਰਦਾਨਦਾ ਹੈ। ੧੯ਵੀਂ ਸਦੀ ਦੀਆਂ ਇਨ੍ਹਾਂ ਕਦਰਾਂ-ਕੀਮਤਾਂ ਨੂੰ ਸਮਾਜ ਦੀ ਇਕ ਸੱਭ ਤੋਂ ਮਹਾਨ ਪ੍ਰਾਪਤੀ ਵਜੋਂ ਹੀ ਨਹੀਂ ਪੇਸ਼ ਕੀਤਾ ਜਾ ਰਿਹਾ ਸਗੋਂ ਇਨ੍ਹਾਂ ਨੂੰ ਹਰ ਮਰਜ਼ ਦਾ ਆਖ਼ਰੀ ਤੇ ਸ਼ਰਤੀਆ ਇਲਾਜ ਸਮਝਣ ਲਈ ਵੀ ਦਬਾਅ ਪਾਇਆ ਜਾ ਰਿਹਾ ਹੈ। ਇਹ ਜਾਬਰ ਹਮਲਾ ਸਿਰਫ਼ ਇਨ੍ਹਾਂ "ਕਦਰਾਂ-ਕੀਮਤਾਂ" ਨੂੰ ਕਾਇਮ ਰੱਖਣ ਵਾਸਤੇ ਹੀ ਨਹੀਂ ਸਗੋਂ ਕਮਿਊਨਿਜ਼ਮ ਨੂੰ ਕੁੜਿਕੀ ਵਿਚ ਫ਼ਸਾਉਣ ਲਈ ਵੀ ਹੈ। ਆਧੁਨਿਕ ਸੋਧਵਾਦੀ ਅਤੇ ਸੋਸ਼ਲ ਡੈਮੋਕਰੇਸੀ ਦੇ ਚੇਲੇ ਵੀ ਇਸ ਘਿਨਾਉਣੇ ਹਮਲੇ ਵਿਚ ਸ਼ਰੀਕ ਹਨ। ਉਹ ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ ਨੂੰ ਤੋੜਦੇ ਮਰੋੜਦੇ ਹਨ, ਜਮਾਤੀ ਜਦੋਜਹਿਦ ਨੂੰ ਠੰਢਾ ਕਰਦੇ ਹਨ ਅਤੇ ਆਧੁਨਿਕ ਕਮਿਊਨਿਜ਼ਮ ਨੂੰ "ਸਟਾਲਨਵਾਦੀ" ਗਰਦਾਨ ਕੇ ਇਸ ਉਤੇ ਹਮਲਾ ਕਰਦੇ ਅਤੇ ਤਬਦੀਲੀ ਦੀ ਲੋੜ ਬਾਰੇ ਭੰਬਲਭੂਸੇ ਪੈਦਾ ਕਰਦੇ ਹੋਏ ਇਸ ਹਮਲੇ ਵਿਚ ਹੱਥ ਵਟਾਉਂਦੇ ਪਾਉਂਦੇ ਹਨ। ਬ੍ਰਤਾਨੀਆਂ ਵਿਚ, ਉਹ ਲੇਬਰ ਪਾਰਟੀ ਦੀ "ਸਟੇਕ-ਹੋਲਡਰਸ" ਆਰਥਕਤਾ ਨੂੰ ਇਕ "ਘੱਟ-ਬੁਰਾਈ" ਵਜੋਂ ਪੇਸ਼ ਕਰਦੇ ਹਨ ਜੋ ਬੁਰਜੁਆਜ਼ੀ ਦੇ ਅਤਿਅੰਤ ਪਿਛੇ-ਖਿਚੂ ਹਿਸੇ ਦੀ ਰਾਖੀ ਕਰਨ ਵਾਲੀ ਗੱਲ ਹੈ। ਇਟਲੀ, ਰੂਸ, ਹਿੰਦੁਸਤਾਨ ਅਤੇ ਹੋਰ ਥਾਵੀਂ ਮਜ਼ਦੂਰ ਜਮਾਤ ਨੂੰ ਪਿਛੇ-ਖਿਚੂ ਬੁਰਜੁਆਜ਼ੀ ਦੇ ਪਿਛੇ ਲਾਮਬੰਦ ਕਰਕੇ ਬਣਾਈਆਂ ਗਈਆਂ "ਕੁਲੀਸ਼ਨਾਂ" ਨੂੰ ਉਹ ਇਸ ਹਮਲੇ ਵਿਚ ਵਰਤਣ ਲਈ ਪੇਸ਼ ਕਰਦੇ ਹਨ। ਅੰਤਰਰਾਸ਼ਟਰੀ ਤੌਰ ਤੇ ਉਹ ਸੋਵੀਅਤ ਯੂਨੀਅਨ ਅਤੇ ਪੂਰਬੀ ਯੋਰਪ ਦੇ ਢਹਿ ਢੇਰੀ ਹੋਣ ਦਾ ਇਲਜ਼ਾਮ ਸਟਾਲਨ ਸਿਰ ਲਾਉਂਦੇ ਹਨ, ਜਿਸ ਨੂੰ ਗੁਜ਼ਰਿਆਂ ਹੋਇਆਂ ਵੀ ੪੩ ਸਾਲ ਬੀਤ ਗਏ ਹਨ। ਮੌਜੂਦਾ ਸਥਿਤੀ ਕਾਇਮ ਰੱਖਣ ਲਈ ਵਿੱਢੇ ਗਏ ਇਸ ਹਮਲੇ ਦੇ ਨਤੀਜੇ ਦੇ ਤੌਰ ਤੇ ਇਕ ਨਿਰੰਤਰ ਸੰਕਟ ਕਾਇਮ ਹੈ ਅਤੇ ਇਸ ਦੀਆਂ ਹਮਸਫ਼ਰ ਲਾਹਨਤਾਂ ਬੇਰੁਜ਼ਗਾਰੀ, ਗ਼ਰੀਬੀ ਅਤੇ ਨੌਕਰੀਆਂ ਖੁਸਣ ਦੀ ਚਿੰਤਾ, ਦਿਨੋਂ ਦਿਨ ਵੱਧਦੀਆਂ ਜਾ ਰਹੀਆਂ ਹਨ। ਆਰਥਕ, ਸਿਆਸੀ ਤੇ ਸਭਿਆਚਾਰਕ ਖੇਤਰ ਵਿਚ ਗੜਬੜ ਦਾ ਜ਼ੋਰ ਹੈ। ਇਸ ਸਥਿਤੀ ਕਰਕੇ ਕਈ ਹੋਰ ਮਾੜੇ ਨਤੀਜੇ ਵੀ ਨਿਕਲ ਰਹੇ ਹਨ ਜਿਵੇਂ ਕਿ ਸਟੇਟ-ਜਥੇਬੰਦ ਅਤੇ ਵਿਅਕਤੀਗੱਤ ਦਹਿਸ਼ਤ ਅਤੇ ਹਿੰਸਾ ਦੀਆਂ ਸਾਰੀਆਂ ਵਾਰਦਾਤਾਂ ਵੱਧ ਰਹੀਆਂ ਹਨ, ਲੋਕਾਂ ਨੂੰ ਸਿਆਸੀ-ਪ੍ਰਕਿਰਿਆ ਵਿਚ ਕੋਈ ਅਹਿਮ ਸਥਾਨ ਹਾਸਲ ਨਹੀਂ, ਕਾਨੂੰਨ ਦੇ ਰਾਜ ਦੇ ਨਾਮ ਹੇਠ ਫਰਮਾਨਾਂ ਰਾਹੀਂ ਰਾਜ ਚਲਾਇਆ ਜਾ ਰਿਹਾ ਹੈ, ਅਤੇ ਲੋਕ-ਰਾਏ ਵਿਚ ਮੱਤਭੇਦਾਂ ਨੂੰ ਹੱਲ ਕਰਨ ਦੇ ਨਾਮ ਹੇਠ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਆਪ-ਹੁਦਰਾਸ਼ਾਹੀ ਚਲਾ ਰਹੀਆਂ ਹਨ।।

ਸਰਮਾਏਦਾਰੀ ਦੇ ਸੰਕਟ ਨੂੰ ਕਾਬੂ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਸੰਸਾਰ ਸਥਿਤੀ ਹੋਰ ਵੀ ਖ਼ਰਾਬ ਹੋਈ ਜਾ ਰਹੀ ਹੈ। ਜੇ ਕਿਤੇ ਆਰਥਕਤਾ ਵਿਚ ਚੰਗੇ ਪਾਸੇ ਨੂੰ ਮੋੜਾ ਪੈਂਦਾ ਵੀ ਹੈ ਤਾਂ ਅਗਲੇ ਹੀ ਸਾਲ ਫੇਰ ਖੜੋਤ ਆ ਜਾਂਦੀ ਹੈ। ਰੂਸ, ਅਫਰੀਕਾ, ਅਤੇ ਹੋਰ ਕਈ ਪੂਰੇ ਦੇ ਪੂਰੇ ਇਲਾਕੇ ਆਰਥਕ ਮੰਦਵਾੜੇ ਦੀ ਲਪੇਟ ਵਿਚ ਹਨ। ਪੈਦਾਵਾਰ ਅਤੇ ਪੂੰਜੀ ਕੁਝ ਕੁ ਹੱਥਾਂ ਵਿਚ ਇਕੱਠੀ ਹੋ ਰਹੀ ਹੈ ਤੇ ਵੱਡੇ ਪੂੰਜੀਵਾਦੀ ਮਗਰਮੱਛ ਨਿਕੀਆਂ ਮੱਛੀਆਂ ਨੂੰ ਨਿਗਲੀ ਜਾ ਰਹੇ ਹਨ। ਅੰਤਰ-ਸਾਮਰਾਜੀ ਵਿਰੋਧਤਾਈਆਂ ਤੇਜ਼ ਹੋ ਰਹੀਆਂ ਹਨ ਤੇ ਯੂ.ਐਸ. ਸਾਮਰਾਜ ਤਾਕਤ ਦੇ ਜ਼ੋਰ ਆਪਣੀ ਸਰਦਾਰੀ ਕਾਇਮ ਕਰਨ ਵਿਚ ਮਸਰੂਫ਼ ਹੈ। ਬਾਲਕਾਨ ਅਤੇ ਮਿਡਲ ਈਸਟ ਵਿਚ ਝਗੜੇ-ਝੜਪਾਂ ਜਾਰੀ ਹਨ, ਜਿਥੇ "ਲੜਾਈ ਵੀ ਨਹੀਂ ਤੇ ਅਮਨ ਵੀ ਨਹੀਂ" ਦੀ ਹਾਲਤ ਹੋਣ ਕਰਕੇ ਲੋਕ ਬੜੇ ਦੁਖ ਭੋਗ ਰਹੇ ਹਨ। ਕੋਰੀਅਨ ਪ੍ਰਾਇਦੀਪ ਵਿਚ ਅਮਰੀਕੀ ਦਖ਼ਲਅੰਦਾਜ਼ੀ ਇਕ ਵੱਡੀ ਕਸ਼ੀਦਗੀ ਦਾ ਸੋਮਾਂ ਹੈ ਅਤੇ ਉਥੇ ਲੜਾਈ ਦਾ ਗੰਭੀਰ ਖ਼ਤਰਾ ਕਾਇਮ ਹੈ। ਯੂ.ਐਸ ਸਾਮਰਾਜੀਆਂ ਨੇ ਫ਼ਾਰਸ ਦੀ

ਖਾੜੀ ਵੀ ਫੌਜਾਂ ਨਾਲ ਭਰ ਦਿਤੀ ਹੈ ਤੇ ਰੋਜ਼ਾਨਾਂ ਇਰਾਕ, ਇਰਾਨ ਅਤੇ ਹੋਰ ਮੁਲਕਾਂ ਨੂੰ ਜੰਗ ਦੀਆਂ ਧਮਕੀਆਂ ਦੇ ਰਹੇ ਹਨ। ਅਮਰੀਕਾ ਵਲੋਂ ਕਿਊਬਾ ਦੀ ਘੇਰਾਬੰਦੀ ਅਤੇ ਹੋਰ ਮੁਲਕਾਂ ਨੂੰ ਅਜੇਹੀਆਂ ਹੀ ਧਮਕੀਆਂ ਦੇਣਾਂ ਸਾਬਤ ਕਰਦਾ ਹੈ ਕਿ ਜਿਹੜਾ ਮੁਲਕ ਵੀ ਅਮਰੀਕੀ ਸਾਮਰਾਜੀਆਂ ਅਤੇ ਇਨ੍ਹਾਂ ਦੇ ਬੇਲੀਆਂ ਦੇ ਆਖੇ ਨਹੀਂ ਲਗਦਾ ਤੇ ਆਪਣੀ ਮਰਜ਼ੀ ਦਾ ਸਿਸਟਮ ਸਥਾਪਤ ਕਰਦਾ ਹੈ ਉਸ ਨੂੰ ਨੇਸਤੋ-ਨਾਬੂਦ ਕਰਨ ਦੀਆਂ ਧਮਕੀਆਂ ਦਿਤੀਆਂ ਜਾਂਦੀਆਂ ਹਨ। ਯੂ.ਐਨ. ਸਕਿਉਰਿਟੀ ਕੌਂਸਲ ਇਕ ਤਾਕਤ ਅਜ਼ਮਾਈ ਦਾ ਅਖਾੜਾ ਬਣਿਆਂ ਹੋਇਆ ਹੈ। ਇਸ ਵਿਚ ਕਦੇ ਕੋਈ ਅਸਲੀ ਸੁਧਾਰ ਨਹੀਂ ਹੋਏ। ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਵਰਗੇ ਅੰਤਰਰਾਸ਼ਟਰੀ ਅਦਾਰੇ ਆਪਣੀਆਂ ਮਨਮਾਨੀਆਂ ਕਰਦੇ ਹਨ। ਬੇਰੁਜ਼ਗਾਰ ਤੇ ਗ਼ਰੀਬ ਲੋਕਾਂ ਦੀ ਗਿਣਤੀ ਸਾਰੇ ਜਹਾਨ ਵਿਚ ਵੱਧੀ ਜਾਂਦੀ ਹੈ। ਲੱਖਾਂ ਦੀ ਗਿਣਤੀ ਵਿਚ ਲੋਕ ਬੇਘਰ ਹੋ ਰਹੇ ਹਨ ਤੇ ਪਨਾਹਗੀਰ ਬਣ ਰਹੇ ਹਨ। ਕਈਆਂ ਮੁਲਕਾਂ ਦੇ ਅਰਥਚਾਰੇ ਹੀ ਜੂਏਬਾਜ਼ੀ ਦੀ ਖੱਟੀ ਅਤੇ ਨਸ਼ਿਆਂ ਦੀ ਪੈਦਾਵਾਰ ਉਤੇ ਅਧਾਰਤ ਹਨ। ਸਾਰੇ ਜਹਾਨ ਵਿਚ ਸਾਮਰਾਜੀਆਂ ਅਤੇ ਪਿਛੇ-ਖਿੱਚੂਆਂ ਨੇ ਇਕ ਸਮਾਜ-ਵਿਰੋਧੀ ਹਮਲਾ ਆਰੰਭ ਕਰ ਦਿਤਾ ਹੈ।

ਜੇ.ਵੀ.ਸਟਾਲਨ ਨੂੰ ਸਾਰੇ ਜਹਾਨ ਦੀਆਂ ਮੁਸ਼ਕਲਾਂ ਲਈ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ, ਅਤੇ ਸਾਰੀਆਂ ਸਮੱਸਿਆਵਾਂ ਦੀ ਜੜ੍ਹ "ਫਰੀ ਮਾਰਕਿਟ ਇਕੌਨਮੀ" ਦੇ ਸਿਸਟਮ ਨੂੰ ਹਰ ਮਰਜ਼ ਦਾ ਦਾਰੂ ਦੱਸਿਆ ਜਾ ਰਿਹਾ ਹੈ। ਆਰਥਕ ਤੇ ਸਿਆਸੀ ਖੇਤਰ ਵਿਚ ਅਫਰਾਤਫਰੀ ਅਤੇ ਅਸਥਿਰਤਾ, "ਜਿਸਦੀ ਲਾਠੀ ਉਸਦੀ ਭੈਂਸ" ਦੇ ਮੱਧਕਾਲੀ ਵਿਚਾਰ ਦੀ ਸ਼ਰੇਆਮ ਪੂਜਾ ਅਤੇ ਅਜੋਕੇ ਗੁਲਾਮ-ਫਰੋਸ਼ਾਂ ਦਾ ਹੈਂਕੜੀ ਐਲਾਨ ਕਿ ਜੋ ਉਨ੍ਹਾਂ ਦੇ ਆਖੇ ਲੱਗਣਗੇ ਉਨ੍ਹਾਂ ਨੂੰ "ਇਨਾਮ" ਅਤੇ ਜੋ ਅੜਨਗੇ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇਗੀ, ਇਹ ਸਾਰੀਆਂ ਚੀਜ਼ਾਂ ਸੰਕੇਤ ਕਰ ਰਹੀਆਂ ਹਨ ਕਿ ਪੁਰਾਣਾਂ ਸੰਸਾਰ ਬਿਲਕੁਲ ਦੀਵਾਲੀਆ ਹੋ ਗਿਆ ਹੈ। ਹਾਲਾਤ ਪੁਰਾਣੇ ਨੂੰ ਅਵਾਜ਼ਾਂ ਮਾਰ ਰਹੇ ਹਨ ਕਿ ਨਵੇਂ ਲਈ ਥਾਂ ਖਾਲੀ ਕਰੇ।

ਠੋਸ ਸਥਿਤੀਆਂ ਦਾ ਠੋਸ ਵਿਸ਼ਲੇਸ਼ਣ ਕਰਦੇ ਹੋਏ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਅਤੇ ਹੋਰ ਤਰੱਕੀਪਸੰਦ ਸ਼ਕਤੀਆਂ ਇਸ ਨਾਪਾਕ-ਗੱਠਜੋੜ ਦੇ ਹਮਲੇ ਦਾ ਮੂੰਹ ਭੰਨਣ ਲਈ ਕਮਰਕੱਸੇ ਕਰ ਰਹੀਆਂ ਹਨ। ਇਹ ਪਾਰਟੀਆਂ ਅਤੇ ਅਗਾਂਹਵਧੂ ਸ਼ਕਤੀਆਂ ਇਸ ਗੱਲ ਨੂੰ ਸਮਝਦੀਆਂ ਹਨ ਕਿ ਬੇਸ਼ੱਕ ਉਲਟ-ਇਨਕਲਾਬ ਦੇ ਜ਼ੋਰ ਕਰਕੇ ਕਾਫ਼ੀ ਨੁਕਸਾਨ ਹੋਇਆ ਹੈ ਪਰ ਇਨਕਲਾਬ ਲਈ ਅੰਤਰਮੁਖੀ ਹਾਲਾਤ ਤਿਆਰ ਕਰਨ ਦਾ ਕੰਮ ਕਰਨਾ ਜਾਰੀ ਰੱਖਣਾਂ ਬਹੁਤ ਹੀ ਅਹਿਮ ਹੈ। ਕੋਈ ਘੜੀ ਐਸੀ ਨਹੀਂ ਬੀਤਦੀ ਜਦ ਸੰਸਾਰ ਦੀ ਮਜ਼ਦੂਰ ਜਮਾਤ ਅਤੇ ਲੋਕ ਜਦੋਜਹਿਦ ਨਾ ਕਰ ਰਹੇ ਹੋਣ ਤੇ ਕਿਸੇ ਨਾ ਕਿਸੇ ਤਰੀਕੇ ਲੜ ਨਾ ਰਹੇ ਹੋਣ। ਵਿਕਸਤ ਹੋ ਚੁਕੇ ਪੂੰਜੀਵਾਦੀ ਮੁਲਕਾਂ ਵਿਚ ਉਹ ਸਮਾਜ ਦੀਆਂ ਮੂਹਰਲੀਆਂ ਸਫਾਂ ਵਿਚ ਹੋ ਕੇ ਲੜ ਰਹੇ ਹਨ ਤੇ ਸਰਮਾਏਦਾਰੀ ਦੀ ਸਮਾਜ-ਵਿਰੋਧੀ ਮੁਹਿੰਮ ਪਿਲਾਫ਼ ਲੋਕਾਂ ਨੂੰ ਇਕੱਠੇ ਕਰ ਰਹੇ ਹਨ। ਉਹ ਪ੍ਰੋਟੈਸਟ ਲਹਿਰਾਂ ਵਿਚ ਅਤੇ ਪਾਰਲੀਮੈਂਟ ਦੇ ਬਾਹਰਲੀ ਜਦੋਜਹਿਦ ਵਿਚ ਇਹ ਸਮਝਦੇ ਹੋਏ ਡੱਟ ਕੇ ਹਿਸਾ ਲੈਂਦੇ ਹਨ ਕਿ ਇਹ ਮਜ਼ਦੂਰ ਜਮਾਤ ਅਤੇ ਇਸ ਦੇ ਇਤਹਾਦੀਆਂ ਦੇ ਬੁਰਜੁਆਜ਼ੀ ਖ਼ਿਲਾਫ਼ ਸੰਘਰਸ਼ ਦਾ ਇਕ ਮੁਹਾਜ਼ ਹੈ, ਅਤੇ ਇਸਦੇ ਨਾਲ ਹੀ ਸਮਾਜ-ਹਿਤੈਸ਼ੀ ਪ੍ਰੋਗਰਾਮ ਦੀ ਫ਼ਤਿਹ ਨੂੰ ਪਹਿਲ ਦੇਂਦੇ ਹਨ। ਉਹ ਆਪਣੀਆਂ ਪਾਰਟੀਆਂ ਨੂੰ ਮਜ਼ਬੂਤ ਕਰਨ ਲਈ ਹਰ ਮੁਹਾਜ਼ ਉਤੇ ਕੰਮ ਕਰਦੇ ਹਨ ਅਤੇ ਪੂਰੀ ਕੋਸ਼ਿਸ਼ ਕਰਦੇ ਹਨ ਕਿ ਮਜ਼ਦੂਰ ਜਮਾਤ ਦਾ ਵਿਚਾਰਧਾਰਕ ਅਤੇ ਸਿਆਸੀ ਪੱਧਰ ਉਚਾ ਉਠੇ। ਜਮਹੂਰੀ ਨਵੀਨੀਕਰਣ ਵਾਸਤੇ ਉਹ ਠੋਸ ਤਜਵੀਜ਼ਾਂ ਪੇਸ਼ ਕਰਦੇ ਹਨ ਤਾਂ ਕਿ ਹਰ ਗੱਲ ਵਿਚ ਲੋਕ ਮੁਹਰੇ ਹੋਵਣ, ਜੋ ਪ੍ਰੋਲੇਤਾਰੀ ਜਮਹੂਰੀਅਤ ਵੱਲ ਨੂੰ ਇਕ ਕਦਮ ਹੈ। ਉਹ ਬੁਰਜੁਆਜ਼ੀ ਮੋਹਰੇ ਗੋਡੇ ਟੇਕ ਦੇਣ ਲਈ ਪੈਂਦੇ ਦਬਾਅ ਖ਼ਿਲਾਫ਼ ਹਰ-ਤਰਫ਼ੀ ਜਦੋਜਹਿਦ ਕਰਦੇ ਹਨ ਅਤੇ ਯਕੀਨੀ ਬਣਾਉਂਦੇ ਹਨ ਕਿ ਮਜ਼ਦੂਰ ਜਮਾਤ ਜਥੇਬੰਦ ਅਤੇ ਪੂਰੀ ਸੁਚੇਤ ਹੋਵੇ, ਅਤੇ ਇਹ ਖ਼ਤਰਾ ਖ਼ਤਮ ਕਰਦੇ ਹਨ ਕਿ ਮਜ਼ਦੂਰ ਜਮਾਤ ਆਪਣੀ ਇਨਕਲਾਬੀ ਇਛਾ ਕਦੇ ਛੱਡ ਦੇਵੇਗੀ। ਉਹ ਆਪਣੇ ਪ੍ਰੋਲੇਤਾਰੀ ਕੌਮਾਂਤਰੀਵਾਦ ਦਾ ਇਜ਼ਹਾਰ ਸਾਰੇ ਮੁਲਕਾਂ ਦੇ ਮਜ਼ਦੂਰਾਂ ਅਤੇ ਦੱਬੇ ਕੁਚਲੇ ਲੋਕਾਂ ਦੀਆਂ ਜਦੋਜਹਿਦਾਂ ਦੀ ਹਮਾਇਤ ਕਰਨ ਰਾਹੀਂ ਕਰਦੇ ਹਨ। ਉਹ ਲੋਕਾਂ ਅਤੇ ਕੌਮਾਂ ਦੇ ਸਵੈ-ਨਿਰਣੇ ਦੇ ਅਧਿਕਾਰ ਅਤੇ ਆਪਣਾਂ ਰਾਹ ਆਪ ਚੁਣਨ ਦੇ ਹੱਕ ਲਈ ਖੜ੍ਹਦੇ ਹਨ ਅਤੇ ਸਾਮਰਾਜੀ ਧੱਕੇ ਅਤੇ ਦਖ਼ਲਅੰਦਾਜ਼ੀ ਦੀ ਭਰਪੂਰ ਮੁਖ਼ਾਲਫ਼ਤ ਕਰਦੇ ਹਨ ਤੇ ਹਰ ਤਰ੍ਹਾਂ ਦੀਆਂ ਸਾਮਰਾਜੀ ਧਮਕੀਆਂ ਅਤੇ ਡਰਾਵਿਆਂ ਦੇ ਵਿਰੋਧੀ ਹਨ। ਉਹ ਸਾਰੇ ਸੰਸਾਰ ਦੀਆਂ ਖਾੜਕੂ ਸ਼ਕਤੀਆਂ ਦਾ ਇਕ ਇਤਹਾਦ ਬਣਾਉਂਦੇ ਹਨ ਜਿਸ ਦੀ ਅਗਵਾਈ ਮਜ਼ਦੂਰ ਜਮਾਤ ਹੱਥ ਹੈ। ਵਿਕਾਸਸ਼ੀਲ ਮੁਲਕਾਂ ਵਿਚ ਉਹ ਸਾਰੇ ਇਨਕਲਾਬੀ ਸੁਧਾਰਾਂ ਦੇ ਮੋਹਰੀ ਹਨ, ਸਣੇ ਅਸਲੀ ਆਜ਼ਾਦੀ ਦੀ ਲਹਿਰ ਦੇ, ਤੇ ਯਕੀਨੀ ਬਣਾਉਂਦੇ ਹਨ ਕਿ ਅਜੇਹੀ ਜਦੋਜਹਿਦ ਪ੍ਰੋਲੇਤਾਰੀ ਇਨਕਲਾਬ ਦੇ ਚੌਖਟੇ ਅੰਦਰ ਹੀ ਲੜੀ ਜਾਵੇ। ਉਹ ਪੂੰਜੀਵਾਦ ਵਿਰੁਧ ਇਹ ਸਮਝ ਕੇ ਜਦੋਜਹਿਦ ਕਰਦੇ ਹਨ ਕਿ ਪੂੰਜੀਵਾਦ ਦਾ ਖ਼ਾਤਮਾਂ ਹੋਣ ਨਾਲ ਹੀ ਨਵ-ਬਸਤੀਵਾਦ ਅਤੇ ਸਾਮੰਤਵਾਦੀ ਰਹਿੰਦ-ਖੂੰਹਦ ਨੂੰ ਹੂੰਝਾ ਫਿਰਨਾਂ ਹੈ। ਸਾਰੇ ਪਿਛਾਖੜ ਦੇ ਵਿਰੁਧ ਲੜਨ ਲਈ ਉਹ ਮਜ਼ਦੂਰ ਜਮਾਤ ਅਤੇ ਹੋਰ ਲੋਕਾਂ ਦਾ ਸਾਂਝਾ ਫਰੰਟ ਬਣਾਉਣ ਦੇ ਯਤਨ ਕਰਦੇ ਹਨ।

ਸਾਰੇ ਮੁਲਕਾਂ ਦੀ ਮਜ਼ਦੂਰ ਜਮਾਤ ਇਕੱਠੀ ਹੋ ਕੇ ਇਕ ਅਜਿਹਾ ਸਾਂਝਾ ਮੁਹਾਜ਼ ਬਣਦਾ ਹੈ ਜੋ ਸਾਰੇ ਪਿਛਾਖੜ ਦੇ ਨਾਪਾਕ-ਗੱਠਜੋੜ ਨਾਲ ਸਿਧਾ ਮੱਥਾ ਲਾਉਂਦਾ ਹੈ। ਇਹ ਸਾਂਝਾ ਮੁਹਾਜ਼ ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦਾ ਤਖ਼ਤਾ ਉਲਟਾਉਣ ਲਈ ਹਰ ਤਰ੍ਹਾਂ ਦੀ ਹਮਦਰਦੀ ਅਤੇ ਸਹਾਇਤਾ ਮੁਹੱਈਆ ਕਰਦਾ ਹੈ। ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਦੇ ਇਸ ਵਿਸ਼ਾਲ ਮੁਹਾਜ਼ ਵਿਚੋਂ ਇਕ ਨਵਾਂ ਸੰਸਾਰ ਪੁੰਗਰਦਾ ਹੈ। ਇਹ ਨਵਾਂ ਸੰਸਾਰ, ਪਿਛੇ-ਖਿੱਚੂ ਸ਼ਕਤੀਆਂ ਦੇ ਦਿਮਾਗੀ ਫ਼ਤੂਰ ਦੀ ਪੈਦਾਵਾਰ "ਕਮਿਉਨਿਜ਼ਮ ਦੇ ਹਊਏ" ਨੂੰ ਇਕ ਐਸੀ ਠੋਸ ਜਦੋਜਹਿਦ ਵਿਚ ਤਬਦੀਲ ਕਰਦਾ ਹੈ ਜੋ ਸੰਸਾਰ ਭਰ ਦੇ ਪੈਮਾਨੇ ਉਤੇ ਸਮਾਜਵਾਦ ਅਤੇ ਸਾਮਵਾਦ ਦੀ ਫ਼ਤਿਹ ਵਿਚ ਖ਼ਤਮ ਹੋਵੇਗੀ।

## ਭਾਗ ਦੂਸਰਾ

# ਪੁਰਾਣਾਂ ਅਤੇ ਨਵਾਂ

ਸਾਮਰਾਜ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਨੂੰ ਹਰੇਕ ਨਵੀਨ, ਜੁਆਨ, ਅਤੇ ਤਾਜ਼ਾ ਸ਼ੈਅ ਤੋਂ ਡਰ ਲਗਦਾ ਹੈ। ਆਪਣੇ ਦਿਲ ਦਾ ਇਹ ਡਰ ਛੁਪਾਉਣ ਅਤੇ ਆਪਣੀ ਮੌਤ ਦੇ ਪਰਵਾਨੇ ਤੋਂ ਬਚਣ ਲਈ ਉਹ ਇੰਜ ਸਾਂਗ ਕਰ ਰਹੇ ਹਨ ਜਿਵੇਂ ਸਮਾਜ ਦੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਬੜੇ ਹੀ ਰੁਝੇ ਹੋਏ ਹੋਣ। ਉਹ ਆਪਣੇ ਸਾਰੇ ਵਿਚਾਰਾਂ ਅਤੇ ਇਸ ਸੰਸਾਰ ਨੂੰ ਇੰਜ ਪੇਸ਼ ਕਰਦੇ ਹਨ ਜਿਵੇਂ ਇਨ੍ਹਾਂ ਦੀ ਇਹ ਆਖ਼ਰੀ ਸ਼ਕਲ ਹੋਵੇ ਤੇ ਇਸ ਵਿਚ ਹੋਰ ਤਰੱਕੀ ਹੋਣ ਦੀ ਕੋਈ ਗੁੰਜਾਇਸ਼ ਬਾਕੀ ਨਾਂ ਰਹੀ ਹੋਵੇ। ਇਸ ਤਰੀਕੇ ਨਾਲ, ਉਹ ਆਸ ਕਰਦੇ ਹਨ ਕਿ ਦੁਨੀਆਂ ਮਾਰਕਸਵਾਦੀਆਂ-ਲੈਨਿਨਵਾਦੀਆਂ ਅਤੇ ਤਰੱਕੀਪਸੰਦ ਸ਼ਕਤੀਆਂ ਦਾ ਘਾਣ ਕਰਨ ਨੂੰ ਸਵੀਕਾਰ ਕਰ ਲਵੇਗੀ ਤੇ ਸਮਝੇਗੀ ਕਿ ਜੇ ਇਸ ਨਾਲ "ਜਮਹੂਰੀਅਤ" ਅਤੇ "ਮਾਨੁੱਖੀ ਅਧਿਕਾਰਾਂ" ਦੀ ਰਾਖੀ ਹੁੰਦੀ ਹੈ ਤਾਂ ਕਮਿਊਨਿਸਟਾਂ ਦੇ ਆਹੂ ਲਾਹੁਣਾਂ ਕੋਈ ਮਾੜੀ ਗੱਲ ਨਹੀਂ। ਪਰ ਉਨ੍ਹਾਂ ਦੀ ਗੱਲ ਬਣਦੀ ਨਹੀਂ। ਦੁਨੀਆਂ ਅਤੇ ਵਿਚਾਰ ਆਪਣੀ ਆਖਰੀ ਸ਼ਕਲ ਵਿਚ ਮੌਜੂਦ ਨਹੀਂ ਹਨ। ਦੁਨੀਆਂ ਵੀ ਅਤੇ ਵਿਚਾਰ ਵੀ, ਨਿਰੰਤਰ ਬਦਲਦੇ ਹਨ, ਵਿਗਸਦੇ ਹਨ ਅਤੇ ਗਤੀਸ਼ੀਲ ਹਨ। ਇਸ ਕਰਕੇ ਇਨ੍ਹਾਂ ਬਾਰੇ ਵਾਕਫ਼ੀਅਤ ਵੀ ਨਿਸਬਤਨ ਹੀ ਹੋ ਸਕਦੀ ਹੈ, ਮੁਕੰਮਲ ਨਹੀਂ। ਇਨਸਾਨੀ ਗਿਆਨ ਸਿਰਫ਼ ਇਹੋ ਗੱਲ ਪੱਕੀ ਤੇ ਮੁਕੰਮਲ ਮੰਨਦਾ ਹੈ ਕਿ ਜਾਣਕਾਰੀ ਪੂਰੀ ਤਰ੍ਹਾਂ ਮੁਕੰਮਲ ਕਦੇ ਵੀ ਨਹੀਂ ਹੁੰਦੀ, ਹਮੇਸ਼ਾਂ ਨਿਸਬਤਨ ਹੁੰਦੀ ਹੈ। ਇਹ ਕਹਿਣਾਂ ਕਿ ਮੌਜੂਦਾ ਵਿਚਾਰ ਅਤੇ ਮੌਜੂਦਾ ਦੁਨੀਆਂ ਆਖ਼ਰੀ ਸ਼ਕਲ ਵਿਚ ਹਨ, ਇਸ ਚੀਜ਼ ਤੋਂ ਮੁਨਕਰ ਹੋਣਾਂ ਹੈ ਕਿ ਦੁਨੀਆਂ ਅਤੇ ਵਿਚਾਰਾਂ ਵਿਚ ਤਰੱਕੀ ਦੀ ਕੋਈ ਗੁੰਜਾਇਸ਼ ਹੈ। ਲੇਕਿਨ ਸਾਇੰਸ ਅਤੇ ਹਕੀਕਤ ਨਾਲ ਇਹ ਗੱਲ ਬਿਲਕੁਲ ਮੇਲ ਨਹੀਂ ਖਾਂਦੀ ਕਿ ਹੋਰ ਤਰੱਕੀ ਅਸੰਭਵ ਹੈ।

ਪੁਰਾਣੇ ਉਤੇ ਨਵੇਂ ਦੀ ਜਿਤ ਵਿਚ ਗਿਆਨ ਤੱਦ ਹੀ ਕੋਈ ਹਿਸਾ ਪਾ ਸਕਦਾ ਹੈ ਜੇ ਇਸ ਵਿਚ ਲਗਾਤਾਰ ਵਾਧਾ ਹੁੰਦਾ ਰਹੇ। ਦੁਨੀਆਂ ਇਕ ਥਾਂ ਤੇ ਖੜ੍ਹੀ ਹੋਈ ਨਹੀਂ, ਅਤੇ ਨਾਂ ਸੀ.ਪੀ.ਸੀ.(ਮ-ਲ) ਦੇ ਵਿਚਾਰ ਹੀ ਇਕ ਥਾਂ ਖੜ੍ਹੇ ਹਨ। ਸਮਾਜ ਦੇ ਵਿਕਾਸ ਅਤੇ ਗਤੀ ਦੌਰਾਨ ਇਸਦੇ ਵਿਚਾਰ ਵੀ ਲਗਾਤਾਰ ਨਵੇਂ ਹੁੰਦੇ ਰਹਿੰਦੇ ਹਨ। ਅਜੋਕੇ ਸੰਸਾਰ ਦਾ ਸੰਕਟ ਏਨਾਂ ਡੂੰਘਾ ਅਤੇ ਵਿਸ਼ਾਲ ਹੈ ਕਿ ਹਰੇਕ ਸ਼ੈਅ ਨੂੰ ਨਵਿਆਉਣ ਅਤੇ ਆਧੁਨਿਕ ਕਰਨ ਦੀ ਜ਼ਰੂਰਤ ਹੈ। ਲੇਕਿਨ, ਆਧੁਨਿਕ ਕਮਿਊਨਿਜ਼ਮ ਦੀ ਪੂਰੀ ਸਮਝ ਬਗੈਰ ਇਹ ਕੰਮ ਅਸੰਭਵ ਹੈ। ਬੁਰਜੁਆਜ਼ੀ ਅਤੇ ਇਸ ਦੀਆਂ ਪਾਰਟੀਆਂ ਗੱਲਾਂ ਤਾਂ ਕਰਦੀਆਂ ਹਨ ਨਵੀਨੀਕਰਣ ਦੀਆਂ ਪਰ ਇਨ੍ਹਾਂ ਮਕਸਦ ਪੂੰਜੀਵਾਦੀ ਨਿਜ਼ਾਮ ਨੂੰ ਹੀ ਕਾਇਮ ਰੱਖਣਾਂ ਹੈ। ਦੂਸਰੇ ਪਾਸੇ, ਸੀ.ਪੀ.ਸੀ.(ਮ-ਲ), ਮਾਰਕਸਵਾਦੀ-ਲੈਨਿਨਵਾਦੀ ਅਸੂਲਾਂ ਦੀ ਬੁਨਿਆਦ ਉਤੇ ਚਲਦੀ ਹੋਈ, ਆਪਣੀ ਸਾਰੀ ਸੋਚਣੀ, ਨਜ਼ਰੀਏ, ਜਨਰਲ ਲਾਇਨ, ਵਿਚਾਰਧਾਰਾ, ਸੰਵਿਧਾਨ ਅਤੇ ਸਿਆਸੀ ਪ੍ਰੋਗਰਾਮ ਨੂੰ ਨਵਿਆਉਂਦੀ ਹੈ ਅਤੇ ਵੇਲਾ ਗੁਜ਼ਰਨ ਨਾਲ ਹੋਈ ਤਬਦੀਲੀ, ਖਾਸ ਕਰ ਪਿਛਲੇ ਕੁਝ ਸਮੇਂ ਵਿਚ ਵਾਪਰੀਆਂ ਘਟਨਾਵਾਂ ਨਾਲ, ਆਈਆਂ ਯਕਲਖ਼ਤ ਤਬਦੀਲੀਆਂ ਦੇ ਹਾਣ ਦਾ ਬਣਾਉਂਦੀ ਹੈ।

ਸਟੇਟ ਅਜਾਰੇਦਾਰਾ ਪੂੰਜੀਵਾਦ ਦੀ ਸਾਮੰਤਵਾਦ ਨਾਲ ਇਕ ਗੱਲ ਸਾਂਝੀ ਹੈ ਕਿ ਇਹ ਵੀ ਸਮਾਜ ਦੀ ਹੋਰ ਤਰੱਕੀ ਨੂੰ ਸਾਮੰਤਵਾਦ ਵਾਂਗ ਹੀ ਬਰੇਕਾਂ ਮਾਰਦਾ ਹੈ। ਸਮੰਤਵਾਦੀ ਵੇਲਿਆਂ ਵਾਂਗ ਹੀ ਪੈਦਾਵਾਰ ਦੇ ਪੁਰਾਣੇ ਸਬੰਧ ਇਕ ਦਫ਼ਾ ਫਿਰ ਪੈਦਾਵਾਰੀ ਸ਼ਕਤੀਆਂ ਦੇ ਹੋਰ ਵਿਕਾਸ ਵਿਚ ਰੁਕਾਵਟ ਬਣ ਗਏ ਹਨ। ਇਸ ਗੱਲ ਦੀ ਝਲਕ ਪੁਰਾਣੇ ਸਿਆਸੀ ਜੁਗਾੜ ਵਿਚ ਵੀ ਮਿਲਦੀ ਹੈ ਜਿਥੇ ਸਿਆਸੀ ਤਾਕਤ ਕੁਝ ਕੁ ਹੱਥਾਂ ਵਿਚ ਕੇਂਦਰਤ ਹੈ ਤੇ ਲੋਕਾਂ ਨੂੰ ਸਿਆਸੀ ਪ੍ਰਕਿਰਿਆ ਵਿਚ ਕੋਈ ਅਹਿਮੀਅਤ ਨਹੀਂ ਤੇ ਉਹ ਇਕ ਗੁਠੇ ਲਾਏ ਹੋਏ ਹਨ। ਪੈਦਾਵਾਰੀ ਸ਼ਕਤੀਆਂ ਦਾ ਘਾਣ ਕੀਤਾ ਜਾ ਰਿਹਾ ਹੈ। ਪੈਦਾਵਾਰੀ ਸ਼ਕਤੀਆਂ ਦੇ ਵਿਨਾਸ਼ ਅਤੇ ਸਮਾਜ ਦੀ ਤਰੱਕੀ ਰੋਕਣ ਦੇ ਹੱਕ ਵਿਚ ਮੱਧਕਾਲੀਨਵਾਦੀਆਂ ਵਾਂਗੂੰ ਹੀ ਥੋਥੀਆਂ ਦਲੀਲਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਵਿਚਾਰਧਾਰਕ ਹਮਲਿਆਂ ਦੇ ਨਾਲ ਨਾਲ ਹੁਣ ਲੋਕਾਂ ਨੂੰ ਜੇਲ੍ਹਾਂ ਵਿਚ ਵੀ ਤੁੰਨਿਆਂ ਜਾ ਰਿਹਾ ਹੈ ਤੇ ਹੋਰ ਹਰ ਹਰਬਾ ਵਰਤਿਆ ਜਾ ਰਿਹਾ ਹੈ। ਪਹਿਲੀਆਂ ਵਿਚ ਏਦਾਂ ਇਸ ਪੈਮਾਨੇ ਤੇ ਇਹ ਗੱਲਾਂ ਕਦੇ ਨਹੀਂ ਸਨ ਹੋਈਆਂ। ਨਤੀਜਾ ਇਹ ਹੈ ਕਿ ਹੁਣ ਨਵੇਂ ਦੀ ਪੁਰਾਣੇ ਪੈਦਾਵਾਰੀ ਸਬੰਧਾਂ ਨਾਲ ਆਹਮੋ-ਸਾਹਮਣੀ ਟੱਕਰ ਹੋ ਰਹੀ ਹੈ।

ਬੁਰਜੁਆਜ਼ੀ ਨੇ ਇਕ ਵਿਗਿਆਨਕ ਅਤੇ ਤਕਨੀਕੀ ਇਨਕਲਾਬ ਲਿਆਂਦਾ ਹੈ ਜੋ ਕਈ ਵਾਰੀ ਤਾਂ ਆਰਥਕਤਾ ਦੇ ਪੂਰੇ ਦੇ ਪੂਰੇ ਹਿਸਿਆਂ ਦਾ ਰਾਤੋ ਰਾਤ ਨਾਮੋ-ਨਿਸ਼ਾਨ ਮਿਟਾ ਦਿੰਦਾ ਹੈ ਤੇ ਬਹੁਤੀ ਵਾਰੀ ਇਨ੍ਹਾਂ ਦੀ ਥਾਂ ਹੋਰ ਕੁਝ ਨਹੀਂ ਬਣਦਾ। ਪੁਰਾਣੀਆਂ ਨੌਕਰੀਆਂ ਖ਼ਤਮ ਹੋਣ ਦੀ ਰਫ਼ਤਾਰ ਤੇਜ਼ ਹੈ ਅਤੇ ਨਵੀਆਂ ਨੌਕਰੀਆਂ ਪੈਦਾ ਹੋਣ ਦੀ ਰਫ਼ਤਾਰ ਬਹੁਤ ਮੱਠੀ ਹੈ। ਇਸ ਤੋਂ ਵੀ ਮਾਰੂ ਗੱਲ ਇਹ ਹੈ ਕਿ ਤਾਕਤ ਦੀ ਵਰਤੋਂ ਅਤੇ ਪੂੰਜੀ ਅਤੇ ਉਤਪਾਦਨ ਕੁਝ ਕੁ ਹੱਥਾਂ ਵਿਚ ਇਕੱਤਰ ਹੋਈ ਜਾਣ ਕਰਕੇ ਮੁਕਾਬਲਾ ਬਹੁਤ ਜ਼ਬਰਦਸਤ ਹੈ ਜਿਸਦੇ ਸਿਟੇ ਵਜੋਂ ਪੈਦਾਵਾਰ ਵਿਚ ਅਫ਼ਰਾਤਫ਼ਰੀ, ਅਤੇ ਆਰਥਕਤਾ ਵਿਚ ਹੋਰ ਖ਼ਲਬਲੀ ਮਚਦੀ ਹੈ। ਇਸ ਨਾਲ ਸਾਰੇ ਸੰਸਾਰ ਦੀ ਕਿਰਤ ਅਤੇ ਕਿਰਤ ਦੇ ਵਸੀਲੇ ਪੂੰਜੀਵਾਦੀ ਲੁੱਟ-ਖਸੁਟ ਦਾ ਨਿਸ਼ਾਨਾਂ ਬਣ ਗਏ ਹਨ ਤੇ ਸਾਰੇ ਪਾਸੇ ਗੜਬੜ ਮਚੀ ਹੋਈ ਹੈ। ਸਟੇਟ ਅਜਾਰੇਦਾਰੀ ਦਾ ਜੁਗਾੜ ਖ਼ੁਦ ਹੀ ਏਨੀ ਤੇਜ਼ੀ ਨਾਲ ਪੈਦਾਵਾਰੀ ਸ਼ਕਤੀਆਂ ਨੂੰ ਤਬਾਹ ਕਰ ਰਿਹਾ ਹੈ ਕਿ ਲੋਕਾਂ ਦੇ ਪੂਰਾਂ ਦੇ ਪੂਰ ਸਥਾਈ ਤੌਰ ਤੇ ਬੇਰੁਜ਼ਗਾਰ ਬਣ ਰਹੇ ਹਨ ਅਤੇ ਬਹੁਤਿਆਂ ਨੂੰ ਨੌਕਰੀਆਂ ਬਣੀਆਂ ਰਹਿਣ ਦਾ ਕੋਈ ਭਰੋਸਾ ਨਹੀਂ। ਆਰਥਕਤਾ ਦੇ ਮੁਖ ਸੈਕਟਰ ਤਾਂ ਭਾਵੇਂ ਕੁਝ ਵੱਡੇ ਅਜਾਰੇਦਾਰਾਂ ਦੇ ਹੱਥਾਂ ਵਿਚ ਹੀ ਹਨ ਪਰ ਬਾਕੀਆਂ ਨੂੰ ਨਿਕੀ-ਸਨਅਤ ਵਿਚ ਤਬਦੀਲ ਕਰ ਦਿਤਾ ਗਿਆ ਹੈ, ਉਹੋ ਨਿਕੀ-ਸਨਅਤ ਜਿਸਨੂੰ ਪਹਿਲਾਂ ਕਦੇ ਇਸ ਨੇ ਤਬਾਹ ਕੀਤਾ ਸੀ। ਮੁੜਕੇ ਪੈਦਾ ਕੀਤੀ ਹੋਈ ਇਸ ਨਿਕੀ-ਸਨਅਤ ਨੂੰ ਹੁਣ ਇਸਨੇ ਵੱਡੇ ਵੱਡੇ ਸ਼ਾਹੂਕਾਰਾ ਅਤੇ ਵਿਤੀ ਅਦਾਰਿਆਂ ਕੋਲ ਗਹਿਣੇ ਧਰਿਆ ਹੋਇਆ ਹੈ। ਇਸਨੇ ਸਮੂਹਕ ਤਨਜ਼ੀਮਾਂ ਨੂੰ, ਮਜ਼ਦੂਰਾਂ ਜਮਾਤ ਦੀਆਂ ਯੂਨੀਅਨਾਂ ਨੂੰ ਵੀ ਅਰਬਾਂ ਡਾਲਰਾਂ ਦੇ ਬਿਜ਼ਨਸ ਵਿਚ ਤਬਦੀਲ ਕਰ ਦਿਤਾ ਹੈ ਅਤੇ ਮਜ਼ਦੂਰਾਂ ਦੇ ਪੈਨਸ਼ਨ ਫੰਡ ਅਤੇ ਹੋਰ ਪੈਸੇ ਮਜ਼ਦੂਰਾਂ ਦੀ ਹੀ ਖੱਲ ਲਾਹੁਣ ਲਈ ਵਰਤੇ ਜਾ ਰਹੇ ਹਨ। ਸਮੂਹਾਂ ਵਿਚੋਂ ਉਪਜੇ ਵੱਖੋ-ਵੱਖ ਹਿਤਾਂ ਨੂੰ ਇਸਨੇ ਇਕ ਅਜਿਹੇ ਤੱਤ ਵਿਚ ਤਬਦੀਲ ਕਰ ਦਿਤਾ ਜੋ ਪੂੰਜੀ ਦਾ ਪਸਾਰ ਕਰਦਾ ਹੈ ਤੇ ਸਮੂਹਾਂ ਦਾ ਨੁਕਸਾਨ। ਇਸਨੇ ਉਤਪਾਦਨ ਦੀ ਆਪਣੀ ਹੀ ਵਿਧੀ ਦੇ ਅਧਾਰ ਉਤੇ ਇਸ ਤਰ੍ਹਾਂ ਦੇ ਜੁਗਾੜ ਬਣਾ ਲਏ ਹਨ ਜੋ ਅੰਤਰ-ਅਜਾਰੇਦਾਰੀ ਵਿਰੋਧਤਾਈ ਅਤੇ ਅੰਤਰ-ਸਾਮਰਾਜੀ ਵਿਰੋਧਤਾਈ ਨੂੰ ਬਹੁਤ ਤੇਜ਼ ਕਰ ਰਹੇ ਹਨ।

ਇਹ ਅੰਤਰ-ਵਿਰੋਧਤਾਈਆਂ ਸਾਰੀ ਦੁਨੀਆਂ ਨੂੰ ਇਕ ਐਸੀ ਵੱਡੀ ਤਬਾਹੀ ਅਤੇ ਤਕਲੀਫ਼ਾਂ ਦੇ ਮੂੰਹ ਵੱਲ ਧੱਕ ਰਹੀਆਂ ਹਨ ਜੋ ਪਹਿਲਾਂ ਕਿਸੇ ਨੇ ਕਦੇ ਵੇਖੀ ਜਾਂ ਸੁਣੀ ਨਹੀਂ। ਮੌਜੂਦਾ ਢਾਂਚਾ ਐਸੇ ਨਵੇਂ ਹਿਤਾਂ ਨੂੰ ਜਨਮ ਦੇ ਬੈਠਾ ਹੈ ਜਿਨ੍ਹਾਂ ਨੂੰ ਇਕਸੁਰ ਕਰਨਾਂ ਬੜਾ ਜ਼ਰੂਰੀ ਹੈ। ਵਿਅੱਕਤੀ ਦੇ ਹਿੱਤਾਂ ਨੂੰ ਸਮੂਹਾਂ ਦੇ ਹਿਤਾਂ ਨਾਲ ਇਕਸੁਰ ਕਰਨਾਂ ਪਵੇਗਾ ਤੇ ਸਮੂਹਾਂ ਦੇ ਹਿਤਾਂ ਨੂੰ ਪੂਰੇ ਸਮਾਜ ਦੇ ਹਿਤ ਨਾਲ ਇਕਸੁਰ ਕਰਨਾਂ ਪਵੇਗਾ। ਪਰ ਇਹ ਕੰਮ ਇਕ ਨਵੀਂ ਬੁਨਿਆਦ ਤੇ ਹੀ ਹੋ ਸਕਦਾ ਹੈ ਅਤੇ ਕਰਨਾਂ ਵੀ ਪਵੇਗਾ। ਉਹ ਢਾਂਚਾ ਜੋ ਸਾਰਿਆਂ ਨੂੰ ਰੱਦ ਕਰਦਾ ਤੇ ਨਕਾਰਦਾ ਹੈ, ਇਹ ਢਾਂਚਾ ਸਾਰਿਆਂ ਨੂੰ ਰੱਦ ਕਰਨਾਂ ਪਵੇਗਾ, ਨਕਾਰਨਾ ਪਵੇਗਾ। ਪਰ ਇਹ ਮਨਸੂਖੀ ਆਪਣੇ ਆਪ ਨਹੀਂ ਵਾਪਰਨੀ। ਇਸ ਲਈ ਪੂਰੀ ਤਰ੍ਹਾਂ ਸੁਚੇਤ ਹੋ ਕੇ ਪੂਰੇ ਪਲੈਨ ਨਾਲ ਇਹੋ ਜਿਹੀ ਤਿਆਰੀ ਕਰਨੀ ਪਵੇਗੀ ਜਿਸ ਨਾਲ ਇਨਸਾਨੀਅਤ ਦੀਆਂ ਸੱਭ ਤੋਂ ਵਧੀਆ ਸ਼ਕਤੀਆਂ

ਅੱਗੇ ਆਉਣ। ਅਤਿਅੰਤ ਖ਼ੂੰ-ਖਾਰ ਅਤੇ ਨਿਰਦਈ ਢੰਗ ਨਾਲ ਨਵੀਆਂ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਰਾਹ ਮੱਲੀ ਬੈਠੇ ਇਸ ਗਲੇ-ਸੜੇ ਨਿਜ਼ਾਮ ਦੇ ਖ਼ਿਲਾਫ਼ ਨਵੇਂ ਦੀ ਇਹ ਅਤਿਅੰਤ ਸੰਗਠਤ ਅਤੇ ਆਹਲਾ ਬਗ਼ਾਵਤ ਹੋਵੇਗੀ।

ਪੈਦਾਵਾਰ ਦੀ ਵਿਧੀ ਸਮਾਜਕ ਬਣ ਜਾਣ ਤੇ ਹੋਣਾਂ ਇਹ ਚਾਹੀਦਾ ਸੀ ਕਿ ਪੈਦਾਵਾਰ ਦੇ ਸਾਧਨ ਵੀ ਸਮਾਜੀ ਬਣਨ, ਜਿਸ ਨਾਲ ਇਕ ਨਵਾਂ ਸਮਾਜ ਉਤਪੰਨ ਹੋਵੇ। ਲੇਕਿਨ ਇਸ ਦੀ ਬਜਾਏ ਦਰਅਸਲ ਹੋਇਆ ਇਹ ਹੈ ਕਿ ਪੈਦਾਵਾਰ ਦੇ ਸਾਧਨਾਂ, ਜ਼ਮੀਨ ਅਤੇ ਸਰਮਾਏ ਦੀ ਮਾਲਕੀ ਹੋਰ ਵੀ ਘੱਟ ਤੋਂ ਘੱਟ ਹੱਥਾਂ ਵਿਚ ਇਕੱਠੀ ਹੁੰਦੀ ਜਾ ਰਹੀ ਹੈ ਤੇ ਬਹੁ-ਗਿਣਤੀ ਆਮ ਲੋਕਾਂ ਕੋਲ ਕੋਈ ਜਾਇਦਾਦ ਨਹੀਂ। ਇਸ ਤੋਂ ਇਲਾਵਾ, ਪੈਦਾਵਾਰ ਦੀ ਵਿਧੀ ਦਾ ਸਮਾਜੀਕਰਣ ਵੀ ਰੋਜ਼ ਵੱਧ ਰਹੀ ਨਿਕੀ-ਸਨਅਤ, ਠੇਕੇ ਦੇ ਕੰਮ, ਘਰੋਂ ਕੰਮ ਕਰਨ ਦੀਆਂ ਸਕੀਮਾਂ ਅਤੇ ਗੁਜ਼ਰ ਤੋਰਨ ਲਈ ਹੋਰ ਇਹੋ ਜਿਹੇ ਉਦਯੋਗਾਂ ਨੇ ਰੋਕ ਦਿਤਾ ਹੈ। ਨਤੀਜੇ ਵਜੋਂ ਵਿਚਾਰਧਾਰਾ ਅਤੇ ਜਜ਼ਬਾਤਾਂ ਦੀ ਤੰਗਨਜ਼ਰੀ ਵਧੀ ਹੈ ਜੋ ਇਸ ਤਰ੍ਹਾਂ ਛੋਟੇ ਪੈਮਾਨੇ ਦੀ ਪੈਦਾਵਾਰ-ਵਿਧੀ ਦੀ ਹੀ ਉਪਜ ਹੈ। ਹਉਮੈ, ਸੁਆਰਥਪੁਣਾਂ ਅਤੇ ਤੰਗਨਜ਼ਰੀ ਦੇ ਹੋਰ ਰੂਪ ਇਸ ਦੀ ਖ਼ਾਸ ਪੈਦਾਇਸ਼ ਹਨ। ਠੇਕੇ ਦਾ ਕੰਮ, ਅਤੇ ਹੋਰ ਸਾਰੇ ਨਿਕੇ ਨਿਕੇ ਕਾਰੋਬਾਰ ਸੰਕੇਤ ਕਰਦੇ ਹਨ ਕਿ ਪੈਦਾਵਾਰ ਦੀ ਵਿਧੀ ਦੇ ਸਮਾਜੀਕਰਣ ਨੂੰ ਵੀ ਪੂੰਜੀਵਾਦ ਸਮਾਜ ਅੰਦਰ ਰਹਿਕੇ ਸਿਰੇ ਨਹੀਂ ਲਾਇਆ ਜਾ ਸਕਦਾ। ਸਰਕਾਰਾਂ ਅਤੇ ਸਿਆਸਤਦਾਨ ਬੜਾ ਹੁੱਬ ਕੇ ਕਹਿੰਦੇ ਹਨ ਕਿ "ਨਿਕਾ ਬਿਜ਼ਨਸ" ਨੌਕਰੀਆਂ ਪੈਦਾ ਕਰਨ ਦਾ ਇੰਜਣ ਹੈ। ਦਰਅਸਲ, ਇਹ "ਨਿਕਾ-ਬਿਜ਼ਨਸ" ਅਜਾਰੇਦਾਰਾਂ ਦੇ ਹੱਥ ਵਿਚ ਲੁਟ-ਖਸੁਟ ਵਧਾਉਣ ਦਾ ਇਕ ਐਸਾ ਔਜ਼ਾਰ ਹੈ ਜੋ ਬਹੁਤ ਸਾਰਿਆਂ ਨੂੰ ਸਮਾਜੀਕਰਣ ਦੇ ਰਾਹ ਪੈਣੋ ਰੋਕਣ ਤੇ ਮੌਜੂਦਾ ਸਥਿਤੀ ਕਾਇਮ ਰੱਖਣ ਲਈ ਪ੍ਰੇਰਦਾ ਹੈ। ਉਤਪਾਦਨ ਅਤੇ ਲੈਣ-ਦੇਣ ਦੀ ਸਮਾਜੀ ਵਿਧੀ, ਜੋ ਸਮਾਜਵਾਦ ਦੀ ਤਿਆਰੀ ਲਈ ਵਾਸਤਵਿਕ ਸਾਮੱਗਰੀ ਹਨ, ਹੋਰ ਅੱਗੇ ਵਿਕਸਤ ਨਹੀਂ ਹੋ ਸਕਦੇ ਜਦ ਤੱਕ ਪੈਦਾਵਾਰ ਦੇ ਸਾਧਨ ਸਾਰੇ ਸਮਾਜ ਦੀ ਮਾਲਕੀ ਹੇਠ ਨਹੀਂ ਆਉਂਦੇ। ਮੌਜੂਦਾ ਨਿਜ਼ਾਮ ਅਧੀਨ ਪੂੰਜੀਵਾਦੀ-ਮਾਲਕੀ ਇਕ ਐਸਾ ਰੋੜਾ ਹੈ ਜੋ ਆਰਥਕਤਾ ਅਤੇ ਸਮਾਜ ਵਿਚ ਗੜਬੜ ਅਤੇ ਹਿੰਸਾ ਪੈਦਾ ਕਰ ਰਿਹਾ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ, ਸਮੱਸਿਆਵਾਂ ਦੇ ਹੱਲ ਲਈ ਇਕ ਖੁੱਲ੍ਹੇ-ਜਿਗਰੇ ਵਾਲੀ ਪਹੁੰਚ ਅਖਤਿਆਰ ਕਰਨ ਦੀ ਲੋੜ ਹੈ ਜੋ ਜਾਇਦਾਦ ਦਾ ਸਮਾਜੀਕਰਣ ਕਰਕੇ ਸਮਾਜ ਨੂੰ ਤਰੱਕੀ ਦੇ ਰਾਹ ਪਾਉਣ ਵਾਲੀ ਜ਼ਰੂਰੀ ਸ਼ਰਤ ਪੂਰੀ ਕਰੇ। ਪਰ ਇਸਦੀ ਬਜਾਏ ਬਹੁਤ ਹੀ ਤੰਗਨਜ਼ਰੀ ਅਤੇ ਘਟੀਆ ਸੋਚ ਦਾ ਆਸਰਾ ਲਿਆ ਜਾ ਰਿਹਾ ਹੈ। ਨਿਜੀ-ਮਾਲਕੀ ਦਾ ਸਮਾਜ ਉਤੇ ਇੰਨਾਂ ਮਾਰੂ ਅਸਰ ਹੈ ਕਿ ਕਈ ਬੜੇ-ਬੜੇ ਦਿਆਨਤਦਾਰ ਅਤੇ ਇਮਾਨਦਾਰ ਬੰਦੇ ਵੀ ਤੰਗਨਜ਼ਰੀ ਦਾ ਸ਼ਿਕਾਰ ਹੋ ਕੇ ਰਹਿ ਜਾਂਦੇ ਹਨ ਅਤੇ ਇਸ ਤਰ੍ਹਾਂ ਦੇ ਐਲਾਨਾਂ ਦੀ ਹਾਂ ਵਿਚ ਹਾਂ ਮਿਲਾਉਣ ਲੱਗ ਪੈਦੇ ਹਨ ਕਿ "ਇਤਹਾਸ ਦਾ ਅਖ਼ੀਰ" ਹੋ ਗਿਆ ਹੈ, "ਸਾਇੰਸ ਦਾ ਅਖੀਰ" ਆ ਗਿਆ ਹੈ। ਬਹਿਰਹਾਲ, ਪੁਰਾਣੇ ਸਬੰਧਾਂ ਦੀ ਖੱਲ ਕਈ ਪਾਸਿਆਂ ਤੋਂ ਖਿੱਚ ਹੋ ਰਹੀ ਹੈ। ਰਹਿੰਦੀ ਕਸਰ ਵੀ ਜਲਦੀ ਹੀ ਨਿਕਲ ਜਾਵੇਗੀ। ਪੈਦਾਵਾਰ ਦੀ ਵਿਧੀ ਦਾ ਸਮਾਜੀਕਰਣ ਹੁਣ ਉਸ ਮੁਕਾਮ ਤੇ ਆ ਗਿਆ ਹੈ ਕਿ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਸਮਾਜੀ ਹੱਥਾਂ ਵਿਚ ਲਏ ਬਗੈਰ ਹੋਰ ਅੱਗੇ ਨਹੀਂ ਜਾ ਸਕਦਾ।

ਪੂੰਜੀਵਾਦੀ ਉਤਪਾਦਨ-ਵਿਧੀ "ਨਿਕੀਆਂ ਸਨਅਤਾਂ" ਨੂੰ ਤਬਾਹ ਕਰਕੇ ਹੋਂਦ ਵਿਚ ਆਈ ਅਤੇ ਕਾਰਲ ਮਾਰਕਸ ਦੇ ਕਹਿਣ ਵਾਂਗ, "ਬੇਕਿਰਕ ਭੰਨਤੋੜ, ਅਤਿਅੰਤ ਬਦਨਾਮ, ਜ਼ਲੀਲ, ਘਟੀਆ ਅਤੇ ਘਿਰਣਾਂ ਭਰਪੂਰ ਹੱਥਕੰਡਿਆਂ ਰਾਹੀਂ ਲੱਖਾਂ ਨਿੱਕੇ-ਨਿੱਕੇ ਉਤਪਾਦਕ ਨੂੰ ਹੜੱਪ ਕਰਕੇ" ਸਥਾਪਤ ਹੋਈ। ਇਸ ਵੇਲੇ ਵੀ ਪੂੰਜੀਵਾਦੀ ਉਤਪਾਦਨ-ਵਿਧੀ ਨਿਕੀਆਂ ਸਨਅਤਾਂ ਅਤੇ ਛੋਟੇ ਉਤਪਾਦਕਾਂ ਨੂੰ ਹੜੱਪ ਰਹੀ ਹੈ। ਬੇਸ਼ੱਕ ਇਹ ਸਿਲਸਿਲਾ ਪਹਿਲਾਂ ਵਾਂਗ ਹੀ ਚੱਲ ਰਿਹਾ ਹੈ ਪਰ ਪਹਿਲੇ ਸਮੇਂ ਅਤੇ ਅੱਜ ਦੇ ਸਮੇਂ ਵਿਚ ਫ਼ਰਕ ਇਹ ਹੈ ਕਿ ਕਿਸੇ ਕਿਸੇ ਵੇਲੇ ਤਾਂ ਇਹ ਛੋਟੀ-ਸਨਅਤ ਵਾਲੇ ਨਿਕੇ-ਨਿਕੇ ਉਤਪਾਦਕਾਂ ਨੂੰ ਪੈਸਾ ਦੇਣ ਦਾ ਰੋਲ ਕਰਦੀ, ਅਤੇ ਕਿਸੇ ਵੇਲੇ ਬੜੇ ਫਰੇਬੀ ਤਰੀਕਿਆਂ ਨਾਲ ਨਿਕੇ ਉਤਪਾਦਕਾਂ ਨੂੰ ਹੜੱਪਦੀ ਹੈ। ਇਹ ਚੀਜ਼ ਸਰਮਾਏਦਾਰਾਂ ਦੀ ਆਪਸੀ ਸਖ਼ਤ ਮੁਕਾਬਲੇਬਾਜ਼ੀ ਦਾ ਇਕ ਜਮਾਂਦਰੂ-ਹਿਸਾ ਹੈ ਪਰ ਸਮਾਜ ਨੂੰ ਇਹ ਸਦਾ ਹੀ ਆਪਣੀ ਖ਼ਿਦਮਤ ਵਿਚ ਲਾਈ ਰੱਖਦੇ ਹਨ।

ਵਿਤੀ-ਪੂੰਜੀ ਦੇ ਅੰਤਾਂ ਦੇ ਪਿਛੇ-ਖਿਚੂ ਸੈਕਟਰਾਂ ਦੇ ਹਿੱਤ ਪਾਲਣ ਲਈ ਹਿੰਸਾ ਵਰਤਣੀ, ਵੇਲੇ ਦਾ ਦਸਤੂਰ ਹੈ। ਲੇਕਿਨ ਸਰਮਾਏਦਾਰ ਅਤੇ ਇਨ੍ਹਾਂ ਦੀਆਂ ਹਕੂਮਤਾਂ ਆਪਣੇ ਆਪ ਨੂੰ ਨੌਕਰੀਆਂ ਦੇ ਜਨਮਦਾਤਿਆਂ ਵਜੋਂ ਪੇਸ਼ ਕਰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਇਨ੍ਹਾਂ ਦਾ ਸਿਸਟਮ ਬਹੁ-ਗਿਣਤੀ ਲੋਕਾਂ ਦੀ ਖ਼ੁਸ਼ਹਾਲੀ ਅਤੇ ਭਲਾਈ ਕਰਨ ਵਾਲਾ ਸਿਸਟਮ ਹੈ। ਇਹ ਟਰੇਡ ਯੂਨੀਅਨਾਂ ਨੂੰ, ਪਾਰਲੀਮੈਂਟਰੀ ਸਿਸਟਮ ਨੂੰ ਅਤੇ ਇਥੋਂ ਤੱਕ ਕਿ ਪਾਰਲੀਮੈਂਟਰ ਦੇ ਬਾਹਰਲੀ ਵਿਰੋਧਤਾ ਨੂੰ ਵੀ ਆਪਣੇ ਹੀ ਮੰਤਵਾਂ ਲਈ ਵਰਤਦੇ ਹਨ। ਇਹ ਸਿਰਫ਼ "ਸੱਜੇ-ਪੱਖ" ਨੂੰ ਹੀ ਖੜਾ ਨਹੀਂ ਰੱਖਦੇ ਸਗੋਂ "ਖੱਬੇ-ਪੱਖੀ" ਧਿਰ ਨੂੰ ਵੀ ਆਪਣੇ ਨਾਲ ਗੰਢ ਕੇ ਸਾਰੇ ਰਾਹ ਮੱਲੀ ਬੈਠੇ ਹਨ। ਇਨ੍ਹਾਂ ਸਾਰਿਆਂ ਦੀ ਵਾਗਡੋਰ ਬੁਰਜੁਆਜ਼ੀ ਦੇ ਹੀ ਹੱਥ ਹੁੰਦੀ ਹੈ ਪਰ ਭੁਲੇਖਾ ਖੜਾ ਕਰਦੇ ਹਨ ਕਿ ਮਜ਼ਦੂਰ ਜਮਾਤ ਨੂੰ ਆਪਣੇ ਹੱਕਾਂ ਦੀ ਹਿਫ਼ਾਜ਼ਤ ਕਰਨ ਲਈ ਸਿਰਫ਼ ਏਨੀ ਹੀ ਲੋੜ ਹੈ ਕਿ ਇਹ ਕਿਸੇ ਅਜੇਹੀ ਪਾਰਟੀ ਜਾਂ ਪਾਰਟੀਆਂ ਪਿਛੇ ਲੱਗ ਜਾਵੇ ਜੋ "ਲੇਬਰ ਦੀ ਨੁਮਾਇੰਦਗੀ" ਕਰਦੀਆਂ ਹਨ। ਮਜ਼ਦੂਰ ਜਮਾਤ ਨੂੰ ਖ਼ੁਸ਼-ਫ਼ਹਿਮੀਆਂ ਦੇ ਜਾਲ ਵਿਚ ਫ਼ਸਾਉਣ ਦਾ ਕੰਮ ਲਿਬਰਲ-ਲੇਬਰ ਗੱਠਜੋੜ ਕਰਦਾ ਹੈ ਜਿਸਦਾ ਇਤਹਾਸ ਸਰਦ-ਜੰਗ ਦੇ ੫੦ਸਾਲਾਂ ਦੇ ਇਤਹਾਸ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਵਿਤੀ-ਜਰਵਾਣੇ ਤੇ ਧਨਾਡ ਸ਼ਾਹੂਕਾਰ ਜਾਣਦੇ ਹਨ ਕਿ ਲਿਬਰਲ-ਲੇਬਰ ਭਰਮ-ਭੁਲੇਖਿਆਂ ਦੀ ਧੁੰਦ, ਜੋ ਸਿਰਫ਼ ਲਿਬਰਲ ਤੇ ਨਵੀ ਡੈਮੋਕਰੇਟ ਪਾਰਟੀਆਂ ਹੀ ਨਹੀਂ ਖਿਲਾਰਦੀਆਂ ਸਗੋਂ ਵੱਡੇ-ਵੱਡੇ ਬਿਜ਼ਨਸ ਅਤੇ ਹੋਰ ਅਦਾਰੇ ਵੀ ਇਸ ਵਿਚ ਭਾਈਵਾਲ ਹਨ, ਜੇ ਮਜ਼ਦੂਰ ਜਮਾਤ ਵਿਚੋਂ ਚੁਕ ਹੋ ਗਈ ਤਾਂ ਉਨ੍ਹਾਂ ਲਈ ਬੜੀ ਮੁਸ਼ਕਲ ਬਣ ਜਾਵੇਗੀ। ਸਿਟੇ ਵਜੋਂ, ਉਹ ਹੋਰ ਥੱਲੇ ਨਿਘਰਦੇ ਜਾਂਦੇ ਹਨ ਅਤੇ ਐਸੇ ਲੋਕਾਂ ਨੂੰ ਅੱਗੇ ਲਿਆਉਂਦੇ ਹਨ ਜਿਨ੍ਹਾਂ ਦਾ ਇਕੋ ਇਕ ਕੰਮ ਲਿਬਰਲ-ਐਨ ਡੀ ਪੀ ਦੇ ਭੁਲੇਖਿਆਂ ਨੂੰ ਪੱਠੇ ਪਾਉਣਾਂ ਹੈ।

ਪਰ ਇਸ ਤਰ੍ਹਾਂ ਦੀ ਹਰ ਕੋਸ਼ਿਸ਼ ਦੇ ਬਾਵਜੂਦ, ਇਸ ਸਿਸਟਮ ਅੰਦਰ ਨਵੇਂ ਦਾ ਪੁਰਾਣੇ ਦੇ ਖ਼ਿਲਾਫ਼ ਵਿਸ਼ਾਲ ਵਿਦਰੋਹ ਲਾਜ਼ਮੀ ਤੌਰ ਤੇ ਉਠਦਾ ਹੀ ਹੈ। ਨਵੀਆਂ ਪੈਦਾਵਾਰੀ ਸ਼ਕਤੀਆਂ ਅਜੇਹੀ ਹਰ ਸ਼ੈਅ ਨਾਲ ਭਿੜਦੀਆਂ ਹਨ ਜੋ ਤਰੱਕੀ ਨੂੰ ਰੋਕਦੀ ਹੈ, ਤੰਗ ਨਜ਼ਰ ਹੈ। ਪੁਰਾਣੇ ਪੂੰਜੀਵਾਦੀ ਸਬੰਧਾਂ, ਜਿਨ੍ਹਾਂ ਸਾਰੇ ਸਮਾਜ ਨੂੰ ਇਕ ਕੁੜਿਕੀ ਵਿਚ ਫਸਾਇਆ ਹੋਇਆ ਹੈ, ਅਤੇ ਨਵੀਆਂ ਪੈਦਾਵਾਰੀ ਸ਼ਕਤੀਆਂ ਵਿਚਕਾਰ ਭੇੜ ਚਲਦਾ ਹੈ। ਪੁਰਾਣਾਂ ਦੈਂਤ ਹੁਣ ਨਵੀਆਂ ਪੈਦਾਵਾਰੀ ਸ਼ਕਤੀਆਂ ਤੋਂ ਬੱਚ ਨਹੀਂ ਸਕਦਾ ਜੋ ਇਸ ਦੇ ਸਿਆਸੀ ਵੈਰੀਆਂ ਵਜੋਂ ਨਿਤਰ ਕੇ ਸਾਹਮਣੇ ਆ ਗਈਆਂ ਹਨ। ਸਾਰੇ ਸਮਾਜ ਨੂੰ ਗੁਲਾਮ ਕਰਨ ਵਾਲੀ ਆਧੁਨਿਕ ਸਟੇਟ-ਅਜਾਰੇਦਾਰਾ ਪੂੰਜੀਵਾਦ ਦੀ ਆਰਥਕ ਅਰਾਜਕਤਾ ਅਤੇ ਹਿੰਸਾ ਦੇ ਖ਼ਿਲਾਫ਼ ਸਾਰੇ ਸਮਾਜ ਨੇ ਇਕ ਜਾਗਰੂਕ, ਜਥੇਬੰਦ ਅਤੇ ਯੋਜਨਾਬੱਧ ਐਕਸ਼ਨ ਆਰੰਭ ਦਿਤਾ ਹੈ। ਪੈਦਾਵਾਰ ਦੀ ਪੂੰਜੀਵਾਦੀ-ਵਿਧੀ ਦੇ ਜਨਮ ਵੇਲੇ ਜਿਵੇਂ ਸਰਮਾਏਦਾਰੀ ਨੇ ਬੜੀ ਅਸਾਨੀ ਨਾਲ "ਨਿਕੀ-ਸਨਅਤ" ਤਬਾਹ ਕੀਤੀ ਸੀ, ਇਵੇਂ ਹੀ ਇਸ ਦੈਂਤ, ਇਸ ਬਘਿਆੜ, ਹਰ ਚੰਗੀ ਚੀਜ਼ ਖਾ ਜਾਣ ਵਾਲੇ ਇਸ ਰਾਖ਼ਸ਼ ਨੂੰ ਵੀ ਪੈਦਾਵਾਰ ਦੀ ਸਮਾਜਕ-ਵਿਧੀ ਨੇਸਤੋ-ਨਾਬੂਦ ਕਰ ਦੇਵੇਗੀ। ਪੈਦਾਵਾਰ ਦੀ ਸਮਾਜੀ-ਵਿਧੀ ਨਾਲ ਹੀ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਵੀ ਸਮਾਜ ਸਾਂਭੇਗਾ ਤੇ ਨਵੇਂ ਪੈਦਾਵਾਰੀ ਰਿਸ਼ਤੇ ਜਨਮ ਲੈਣਗੇ। ਸਾਂਝੀ ਸਮਾਜਕ ਜਾਇਦਾਦ ਰਾਹੀਂ ਹੋਣ ਵਾਲੀ ਪੈਦਾਵਾਰ ਫਿਰ ਮਜ਼ਦੂਰ ਜਮਾਤ ਅਤੇ ਸਾਰੀ ਲੋਕਾਈ ਦੀ ਮੁਕਤੀ ਲਈ ਰਾਹ ਪੱਧਰਾ ਕਰੇਗੀ। ਇਸ ਵੇਲੇ ਜੋ ਕਮਜ਼ੋਰ ਅਤੇ ਮਾੜਕੂ ਜਿਹਾ ਲੱਗ ਰਿਹਾ ਹੈ, ਕੱਲ੍ਹ ਉਹੀ ਇਸ ਦੈਂਤ ਨੂੰ ਢਾਵੇਗਾ ਜੋ ਮੱਧਕਾਲ ਵੇਲੇ ਵਾਂਗ ਸਮਾਜ ਦੀ ਤਰੱਕੀ ਦਾ ਰਾਹ ਰੋਕੀ ਖੜਾ ਹੈ। ਹਰ ਨਵੀਂ ਸ਼ੈਅ ਨੂੰ ਰੱਦ ਕਰਨ ਵਾਲੇ ਨਿਜ਼ਾਮ ਨੂੰ ਹਰ ਨਵੀਂ ਸ਼ੈਅ ਰੱਦ ਕਰੇਗੀ!

ਨਵੇਂ ਅਤੇ ਪੁਰਾਣੇ ਵਿਚ ਇਹ ਘੋਲ ਹੀ ਸਮਾਜੀ ਵਿਕਾਸ ਦਾ ਕਾਨੂੰਨ ਹੈ। ਜਮਾਤਾਂ ਵਿਚ ਵੰਡੇ ਹੋਏ ਅੱਜੋਕੇ ਸਮਾਜ ਇਸ ਕਾਨੂੰਨ ਨੂੰ ਜ਼ਾਹਰ ਕਰਦੇ ਹਨ। ਇਸਦੇ ਦਰਸ਼ਨ ਆਰਥਕ ਅਤੇ ਸਿਆਸੀ ਸਵਾਲਾਂ ਉਤੇ ਭੜਕਦੀ ਜਦੋਜਹਿਦ ਵੀ ਕਰਾਉਂਦੀ ਹੈ ਤੇ ਸਮਾਜੀ, ਸਭਿਆਚਾਰਕ ਤੇ ਹੋਰ ਕੰਮ ਕਰਨ ਦੇ ਤਰੀਕਿਆਂ ਬਾਰੇ ਉਠਦੇ ਮੱਤਭੇਦ ਵੀ ਕਰਾਉਂਦੇ ਹਨ। ਇਹ ਸਾਰੀ ਚੀਜ਼ ਸਮਾਜ ਵਿਚ ਨਵੇਂ ਅਤੇ ਪੁਰਾਣੇ ਵਿਚਕਾਰ ਲੜੇ ਜਾ ਰਹੇ ਘੋਲ ਦਾ ਇਜ਼ਹਾਰ ਹੈ। ਇਤਹਾਸ ਗਵਾਹ ਹੈ ਕਿ ਨਵੀਂ ਉਭਰਦੀ ਜਮਾਤ ਦਾ ਖ਼ਾਸਾ ਹੀ ਜੇਕਰ ਇਹ ਹੋਵੇ ਕਿ ਨਵਾਂ ਸਮਾਜ ਬਣਾਉਣ ਵਿਚ

ਇਸਦਾ ਆਪਣਾ ਮੁਫ਼ਾਦ ਹੈ ਤਾਂ ਜਮਾਤਾਂ ਵਿਚਲੀ ਵੰਡ ਖ਼ਤਮ ਕਰਕੇ ਸਮਾਜ ਮਜ਼ਬੂਤ ਹੁੰਦੇ ਹਨ। ਮਜ਼ਦੂਰ ਜਮਾਤ ਅਜੇਹੀ ਹੀ ਜਮਾਤ ਹੈ। ਜੇ ਇਹ ਸਾਰੀ ਲੋਕਾਈ ਦੀ ਮੁਕਤੀ ਨਹੀਂ ਕਰਵਾਉਂਦੀ ਤਾਂ ਇਸਦੀ ਆਪਣੀ ਮੁਕਤੀ ਵੀ ਨਹੀਂ ਹੋ ਸਕਦੀ। ਜਦੋਜਹਿਦ ਦੇ ਜਮਾਤੀ ਸੁਭਾਅ ਦਾ ਸੁਆਲ ਉਸ ਵੇਲੇ ਹੋਰ ਅਹਿਮ ਬਣ ਜਾਂਦਾ ਹੈ ਜਦ ਵੇਲਾ ਅਹਿਮੀਅਤ ਭਰਪੂਰ ਹੋਵੇ, ਇਤਹਾਸਕ ਤਬਦੀਲੀ ਦਾ ਹੋਵੇ, ਜਿਵੇਂ ਹੁਣ ਹੈ। ਆਪਣੇ ਮੁਖ਼ਾਲਿਫ਼ ਉਦੇਸ਼ਾਂ ਦੇ ਜ਼ਰੀਏ ਪੁਰਾਣਾਂ ਅਤੇ ਨਵਾਂ ਆਪੋ ਆਪਣਾਂ ਖ਼ਾਸਾ ਜ਼ਾਹਰ ਕਰ ਰਹੇ ਹਨ। ਸਰਮਾਏਦਾਰ ਜਮਾਤ ਪੂੰਜੀਵਾਦੀ ਨਿਜ਼ਾਮ ਕਾਇਮ ਰੱਖਣ ਲਈ ਸਾਰਾ ਜ਼ੋਰ ਲਾ ਰਹੀ ਹੈ ਜਦ ਕਿ ਮਜ਼ਦੂਰ ਜਮਾਤ ਇਸ ਨੂੰ ਤਬਾਹ ਕਰਨ ਲਈ ਸਿਰਤੋੜ ਕੋਸ਼ਿਸ਼ਾਂ ਕਰ ਰਹੀ ਹੈ। ਵਿਚਕਾਰਲੀ ਹਰ ਚੀਜ਼, ਬਾਕੀ ਸਾਰੇ ਮੱਧਵਰਗੀ ਤਬਕੇ, ਆਪੋ ਆਪਣੇ ਹਿਤਾਂ ਅਨੁਸਾਰ ਨਵੇਂ ਨਾਲ ਖੜੇ ਹਨ ਜਾਂ ਪੁਰਾਣੇ ਨਾਲ। ਸਮਾਜੀ ਵਿਕਾਸ ਦੌਰਾਨ ਇਕ ਵੇਲਾ ਐਸਾ ਆਉਂਦਾ ਹੈ ਕਿ ਪੁਰਾਣੇ ਨਾਲੋਂ ਨਾਤਾ ਤੋੜੇ ਬਗੈਰ ਸਮਾਜ ਇਸ ਜਮਾਤੀ-ਵੰਡ, ਇਸ ਤਕਸੀਮ ਨੂੰ ਖ਼ਤਮ ਨਹੀਂ ਕਰ ਸਕਦਾ। ਇਸ ਵੇਲੇ ਸਮਾਜ ਅਜੇਹੇ ਹੀ ਦੌਰ ਵਿਚੀਂ ਲੰਘ ਰਿਹਾ ਹੈ। ਹੁਣ ਇਕ ਬੜੇ ਸੁਚੇਤ ਅਤੇ ਜਥੇਬੰਦ ਵਿਦਰੋਹ ਰਾਹੀਂ ਪੁਰਾਣੇ ਨਾਲੋਂ ਰਿਸ਼ਤਾ ਤੋੜਨ ਅਤੇ ਇਕ ਬਿਲਕੁਲ ਨਵੀਂ ਜਮਾਤ-ਹੀਣ ਸੁਸਾਇਟੀ ਪੈਦਾ ਕੀਤੇ ਬਗੈਰ ਗੁਜ਼ਾਰਾ ਨਹੀ ਹੋਣਾਂ, ਤਰੱਕੀ ਨਹੀਂ ਹੋਣੀ।

ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦਾ ਪੁਰਾਣਾਂ ਖ਼ਸਤਾ ਸੰਸਾਰ ਬੜੀ ਤੇਜ਼ੀ ਨਾਲ ਖੱਖੜੀਆਂ ਹੋ ਰਿਹਾ ਹੈ, ਲੇਕਿਨ ਏਥੇ ਹੀ ਬੱਸ ਨਹੀਂ। ਕੁਝ ਖ਼ਾਸ ਗੱਲਾਂ ਜੋ ਕਿਸੇ ਵੇਲੇ ਪੂੰਜੀਵਾਦ ਦੀ ਤਰੱਕੀ ਅਤੇ ਵਾਧੇ ਲਈ ਜ਼ੁਮੇਵਾਰ ਸਨ ਹੁਣ ਬਹੁਤ ਹੀ ਮਾਰੂ ਬਣ ਗਈਆਂ ਹਨ। ਪੂੰਜੀਵਾਦ ਦੀ ਮਹਾਂ ਪ੍ਰਾਪਤੀ, ਸਾਇੰਸੀ ਤੇ ਤਕਨੀਕੀ ਇਨਕਲਾਬ, ਕਿਸੇ ਹੱਦ ਤੱਕ ਨੌਕਰੀ-ਰਹਿਤ ਰੀਕਵਰੀ ਅਤੇ ਬੇਰੁਜ਼ਗਾਰਾਂ ਦੀ ਦਿਨੋਂ ਦਿਨ ਵਧ ਰਹੀ ਫ਼ੌਜ ਲਈ ਜ਼ਿਮੇਵਾਰ ਹੈ। ਹਜ਼ਾਰਾਂ ਲੋਕੀ ਨੌਕਰੀਆਂ ਤੋਂ ਬਿਲਕੁਲ ਹੀ ਹੱਥ ਧੋ ਰਹੇ ਹਨ ਜਾਂ ਠੇਕੇ ਦੇ ਕੰਮ ਵੱਲ ਧੱਕੇ ਜਾ ਰਹੇ ਹਨ। ਪਾਰਟ-ਟਾਇਮ ਕੰਮ ਅਤੇ ਨਿੱਕਾ ਨਿੱਕਾ ਘਰੇਲੂ ਉਤਪਾਦਨ ਮੁੜ ਚਾਲੂ ਹੋ ਰਿਹਾ ਹੈ। ਇਸ ਨਾਲ ਇਕ ਗੰਭੀਰ ਸੰਕਟ ਖੜਾ ਹੋ ਰਿਹਾ ਹੈ। ਤੱਤ, ਜਿਨ੍ਹਾਂ ਕਦੇ ਪੈਦਾਵਾਰੀ ਸ਼ਕਤੀਆਂ ਨੂੰ ਵਧਾਉਣ ਵਿਚ ਹਿਸਾ ਪਾਇਆ ਸੀ ਹੁਣ ਇਕ ਰੁਕਾਵਟ ਬਣ ਗਏ ਹਨ ਤੇ ਸਮਾਜ ਦੀ ਅੱਗੇ ਵੱਲ ਤਰੱਕੀ ਦਾ ਰਾਹ ਮੱਲੀ ਖੜੇ ਹਨ। ਇਸ ਰੁਕਾਵਟ ਕਰਕੇ ਆਰਥਕਤਾ ਵਿਚ ਹਰ ਤਰਫ਼ ਤਬਾਹੀ ਅਤੇ ਗੜਬੜ ਦਾ ਜ਼ੋਰ ਹੈ। ਇਸ ਤਬਾਹੀ ਦਾ ਜ਼ੋਰ, ਵਿਸ਼ਾਲਤਾ ਅਤੇ ਡੂੰਘਾਈ ਏਨੀ ਜ਼ਿਆਦਾ ਹੈ ਕਿ ਜਿਨ੍ਹਾਂ ਅੰਤਰ-ਵਿਰੋਧਤਾਈਆਂ ਨੇ ਇਹ ਧਮਾਕਾਖੇਜ਼ ਹਾਲਾਤ ਪੈਦਾ ਕਰ ਦਿਤੇ ਹਨ, ਉਨ੍ਹਾਂ ਨੂੰ ਹੱਲ ਕਰਨ ਲਈ ਲਾਜ਼ਮੀ ਹੀ ਇਕ ਨਵਾਂ-ਸਮਾਜ ਬਣਾਉਣ ਦੀ ਜ਼ਰੂਰਤ ਹੈ। ਵਰਨਾਂ, ਇਹ ਸਮਾਜ ਮੱਧਕਾਲ ਵੱਲ ਨਿਘਰਦਾ ਹੀ ਜਾਵੇਗਾ। ਇਸਦੇ ਉਲਟ, ਵੇਲਾ ਮੰਗ ਕਰ ਰਿਹਾ ਹੈ ਇਸ ਸਾਰੀ ਗੱਲਬਾਤ ਦੇ ਐਂਟੀ-ਥੀਸਸ ਦੀ, ਇਕ ਐਸਾ ਨਿਜ਼ਾਮ ਬਣਾਉਣ ਦੀ, ਇਕ ਐਸਾ ਨਵਾਂ ਸਮਾਜ ਸਿਰਜਣ ਦੀ ਜਿਸ ਵਿਚ ਹਰੇਕ ਨੂੰ ਉਸ ਦੀ ਹੋਂਦ ਦੇ ਅਧਾਰ ਤੇ ਹੱਕ ਹਾਸਲ ਹੋਣ ਅਤੇ ਸਰਬਉਚ ਸ਼ਕਤੀ ਲੋਕਾਂ ਦੇ ਹੱਥ ਹੋਵੇ। ਅਖੀਰ ਵਿਚ ਸਾਰੀਆਂ ਜਦੋਜਹਿਦਾਂ- ਆਰਥਕ, ਸਿਆਸੀ, ਸਮਾਜੀ ਅਤੇ ਸਭਿਆਚਾਰਕ- ਇਸੇ ਦਿਸ਼ਾ ਵੱਲ ਉਂਗਲ ਕਰਦੀਆਂ ਹਨ। ਇਸ ਵੇਲੇ ਦਾ ਸੱਭ ਤੋਂ ਮਹਾਨ ਸੱਚ ਇਹ ਹੈ ਕਿ ਜਿੰਨਾਂ ਚਿਰ ਮੁਲਕ ਦੇ ਅੰਦਰਲੇ ਅਤੇ ਬਾਹਰਲੇ ਪੁਰਾਣੇ-ਸਬੰਧ ਨਵਿਆਏ ਨਹੀਂ ਜਾਂਦੇ, ਕੋਈ ਮੁਲਕ ਵੀ ਤਰੱਕੀ ਦੇ ਬੂਹੇ ਨਹੀਂ ਖੋਲ੍ਹ ਸਕਦਾ। ਵਾਸਤਵਿਕ ਸਥਿਤੀ ਸਾਰਿਆਂ ਨੂੰ ਮਜਬੂਰ ਕਰ ਰਹੀ ਹੈ ਤੇ ਕਹਿ ਰਹੀ ਹੈ ਕਿ ਜੇ ਮੁਕੰਮਲ ਤਬਾਹੀ ਤੋਂ ਬੱਚਣਾਂ ਹੈ ਤਾਂ ਹੁਣ ਫੈਸਲਾ ਕਰਨਾਂ ਹੀ ਪਵੇਗਾ ਕਿ ਪੁਰਾਣੇ ਨੂੰ ਕਾਇਮ ਰੱਖਣਾਂ ਹੈ ਕਿ ਖ਼ਤਮ ਕਰਨਾਂ ਹੈ। ਵਿਚਕਾਰਲਾ ਕੋਈ ਰਾਹ ਨਹੀ। ਨਵੇਂ ਤੇ ਪੁਰਾਣੇ ਦਾ ਸੁਰਮੇਲ ਅਸੰਭਵ ਹੈ। ਨਿਰੰਤਰ ਸੰਕਟ, ਜੰਗ, ਗ਼ਰੀਬੀ, ਅਤੇ ਪੈਦਾਵਾਰੀ ਸ਼ਕਤੀਆਂ ਦੀ ਬਰਬਾਦੀ, ਇਸ ਗੱਲ ਨੂੰ ਚੰਗੀ ਤਰਾਂ ਸਾਬਤ ਕਰ ਰਹੇ ਹਨ।

ਸਾਮਰਾਜ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਇਸ ਦੌਰ ਦੀ ਸਾਰੀ ਦੀ ਸਾਰੀ ਗੱਲਬਾਤ ਉਤੇ ਨਜ਼ਰ ਮਾਰੀਏ ਤਾਂ ਸਾਫ਼ ਦਿਸਦਾ ਹੈ ਕਿ ਹਰੇਕ ਅਹਿਮ ਮੋੜ ਤੇ ਜਦ ਅੰਤਰ-ਵਿਰੋਧਤਾਈਆਂ ਬਹੁਤਾ ਤੇਜ਼ ਹੋ ਗਈਆਂ ਉਦੋਂ ਹੀ ਪੁਰਾਣੇ ਦੇ ਹੁਕਮਰਾਨਾਂ ਨੇ ਨਵੇਂ ਦਾ ਸਿਰ ਫੇਹਣ ਲਈ ਤਰ੍ਹਾਂ ਤਰ੍ਹਾਂ ਦੇ ਬਹਾਨੇ ਘੜੇ। ਸਮਾਜਵਾਦ ਅਤੇ ਸਾਮਵਾਦ ਦੇ ਖ਼ਿਲਾਫ਼ ਸਾਮਰਾਜੀ ਤਾਕਤਾਂ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦਾ ਨਾਪਾਕ ਗੱਠਜੋੜ ਇਸ ਵੇਲੇ ਵੀ ਬੜੀ ਸਰਗਰਮੀ ਨਾਲ ਇਹੋ ਕੰਮ ਕਰ ਰਿਹਾ ਹੈ। ਪੁਰਾਣਾਂ ਯੋਰਪ ਤੇ ਉਤਰੀ ਅਮਰੀਕਾ, ਅਤੇ ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ, ਓਸ਼ੀਆਨਾਂ ਵਿਚਲੇ ਇਨ੍ਹਾਂ ਦੇ ਸੰਗੀ-ਸਾਥੀ, ਇਹ ਸਾਰੇ ਇਕੱਲੇ ਇਕੱਲੇ ਵੀ ਤੇ ਇਕੱਠੇ ਹੋ ਕੇ ਵੀ, ਨਵੇਂ ਦੇ ਖ਼ਿਲਾਫ਼ ਘੋਰ ਹਮਲਿਆਂ ਵਿਚ ਰੁਝੇ ਹੋਏ ਹਨ। ੧੯ਵੀਂ ਸਦੀ ਦੇ "ਬਾਦਸ਼ਾਹਾਂ ਦੇ ਇਲਾਹੀ-ਹੱਕ" ਦੇ ਹਮਾਇਤੀਆਂ ਵਾਂਗ ਹੀ ਇਹ ਵੀ ਆਪਣੇ ਆਪ ਨੂੰ ਸੁਧਾਰਕਾਂ ਦੇ ਐਸੇ ਰੰਗ ਵਿਚ ਪੇਸ਼ ਕਰਦੇ ਹਨ ਜਿਹੜਾ ਰੰਗ ਉਨ੍ਹਾਂ ਵਿਚ ਮੌਜੂਦ ਨਹੀਂ। ਐਸ ਵੇਲੇ ਪੂੰਜੀਵਾਦ ਆਪਣੇ ਹੀ ਸੰਕਟ ਦਾ ਕੈਦੀ ਹੈ। ਇਸਦੇ ਹਾਕਮ ਦਾਇਰੇ ਵੀ ਆਪਣੇ ਹੀ ਸੁਆਰਥਾਂ ਤੇ ਵਿਚਾਰਾਂ ਦੇ ਕੈਦੀ ਬਣੇ ਹੋਏ ਹਨ। ਬਿਲਕੁਲ ਮੱਧਕਾਲ ਦੇ ਵੇਲਿਆਂ ਵਾਂਗ ਹੀ ਇਨ੍ਹਾਂ ਦੇ ਸਿਧਾਂਤਕਾਰ ਤੇ ਫਿਲਾਸਫ਼ਰ ਵੀ ਮੌਜੂਦਾ ਸਿਸਟਮ ਦੇ ਚਮਤਕਾਰਾਂ ਦੇ ਗੁਣ ਗਾਉਂਦੇ ਹਨ ਤੇ ਇਨ੍ਹਾਂ ਦੀਆਂ ਹੁਕਮਰਾਨ ਸਿਆਸੀ ਪਾਰਟੀਆਂ ਆਪਣੇ ਆਪ ਨੂੰ ਅਜੇਹੇ ਲੁਕਮਾਨਾਂ ਵਾਂਗ ਪੇਸ਼ ਕਰਦੀਆਂ ਹਨ ਜਿਨ੍ਹਾਂ ਦੇ ਹੱਥ ਹਰ ਮਰਜ਼ ਦਾ ਦਾਰੂ ਹੋਵੇ। ਤੇ ਹੁਣ ੧੯ਵੀਂ ਸਦੀ ਦੀ "ਖੁਲ੍ਹੀ ਮੰਡੀ ਦੀ ਆਰਥਕਤਾ" ਦੇ ਵੇਲਾ ਵਿਹਾ ਚੁਕੇ ਸਿਧਾਂਤ ਨੂੰ ਝਾੜ-ਪੂੰਝ ਕੇ ਜੱਗ ਮੂਹਰੇ ਮੁੜਕੇ ਇਵੇਂ ਪੇਸ਼ ਕਰ ਰਹੇ ਹਨ ਜਿਵੇਂ ਸਿਆਸੀ-ਅਰਥਸ਼ਾਸਤਰ ਦੇ ਖੇਤਰ ਵਿਚ ਇਸ ਤੋਂ ਅੱਗੇ ਕੋਈ ਹੋਰ ਗੱਲ ਹੋਈ ਹੀ ਨਾਂ ਹੋਵੇ। ਪੂੰਜੀਵਾਦ ਏਨਾਂ ਕਿਉਂ ਨਿਘਰ ਗਿਆ ਹੈ ਕਿ ੨੦੦ ਸਾਲ ਪੁਰਾਣੇ ਸਿਧਾਂਤਾਂ ਨੂੰ ਇੰਜ ਪੇਸ਼ ਕਰ ਰਿਹਾ ਹੈ ਜਿਵੇਂ ਅੱਜ ਦੇ ਮਸਲਿਆਂ ਨੂੰ ਇਹ ਫੂਕ ਮਾਰ ਕੇ ਹੱਲ ਕਰ ਦੇਣਗੇ? ਇਨ੍ਹਾਂ ਇਕ ਜ਼ਿਦ ਫੜੀ ਹੋਈ ਹੈ ਕਿ ਪੁਰਾਣੇ ਸਬੰਧਾਂ ਨੂੰ ਕਾਇਮ ਰੱਖਣਾਂ ਹੀ ਹੈ ਭਾਵੇਂ ਕੁਝ ਵੀ ਹੋ ਜਾਏ। ਪਰ ਜਦ ਤੱਕ ਇਨ੍ਹਾਂ ਸਬੰਧਾਂ ਨੂੰ ਪਰ੍ਹੇ ਨਹੀਂ ਸੁਟਿਆ ਜਾਂਦਾ, ਖ਼ਤਮ ਨਹੀਂ ਕੀਤਾ ਜਾਂਦਾ, ਇਹ ਹੋਰ ਗਲਦੇ ਸੜਦੇ ਜਾਣਗੇ ਅਤੇ ਸਮਾਜ ਉਤੇ ਬੋਝ ਵੱਧੀ ਜਾਵੇਗਾ। ਸਮਾਜ ਦੀ ਪਿਠ ਤੋਂ ਇਹ ਮਾਰੂ ਬੋਝ ਲਾਹੁਣ ਲਈ ਇਨ੍ਹਾਂ ਪੁਰਾਣੇ ਪੈਦਾਵਾਰੀ ਰਿਸ਼ਤਿਆਂ ਨੂੰ ਉਲਟਾਉਣਾਂ ਹੀ ਪਏਗਾ ਤੇ ਲਾਜ਼ਮੀ ਉਲਟਾਏ ਜਾਣਗੇ। ਪੁਰਾਣੇ ਨੂੰ ਨਵੇਂ ਲਈ ਥਾਂ ਖਾਲੀ ਕਰਨੀ ਹੀ ਪੈਣੀ ਹੈ। ਨਵਾਂ, ਜੋ ਵੇਲੇ ਦੀਆਂ ਜ਼ਰੂਰਤਾਂ ਅਨੁਸਾਰ ਨਵਾਂ ਸਮਾਜ ਕਾਇਮ ਕਰਨ ਦੇ ਕਾਬਲ ਵੀ ਹੈ ਅਤੇ ਤਤਪਰ ਵੀ। ਪੁਰਾਣੇ ਦੇ ਵੱਡੇ ਵਕੀਲ ਸਾਮਰਾਜੀਏ ਅਤੇ ਪਿਛੇ-ਖਿਚੂ ਬੁਰਜੁਆਜ਼ੀ, ਐਸੀਆਂ ਕਦਰਾਂ-ਕੀਮਤਾਂ ਦੀ ਗੱਲ ਕਰਕੇ ਤਿਨਕਿਆਂ ਦਾ ਆਸਰਾ ਭਾਲ ਰਹੇ ਹਨ ਜਿਨ੍ਹਾਂ ਦਾ ਅਸਲ ਜ਼ਿੰਦਗੀ ਵਿਚ ਹੁਣ ਕੋਈ ਅਰਥ ਨਹੀਂ ਰਹਿ ਗਿਆ। ੧੯ਵੀਂ ਸਦੀ ਦੇ "ਸਹਿਣਸ਼ੀਲਤਾ" ਅਤੇ "ਉਚਿਤਤਾ" ਦੇ ਸੰਕਲਪਾਂ ਦੀ ਵੀ ਡੰਡ ਪਾਈ ਜਾ ਰਹੀ ਹੈ ਤੇ ਮਜ਼ਦੂਰ ਜਮਾਤ ਨੂੰ ਪਾੜੀ ਰੱਖਣ ਲਈ ਉਨ੍ਹਾਂ ਵਿਚ ਨਸਲਵਾਦੀ ਅਧਾਰ ਉਤੇ ਫੁਟ ਪਾਉਣ ਤੇ ਵੀ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਸਾਰੀ ਕੌਮ ਨੂੰ ਇਕ ਸਸਤੀ ਲੇਬਰ ਦਾ ਵਸੀਲਾ ਬਣਾਉਣ ਨੂੰ ਸਹੀ ਠਹਿਰਾਇਆ ਜਾ ਰਿਹਾ, ਅਤੇ ਔਰਤਾਂ ਨੂੰ ਮਨਪ੍ਰਚਾਵੇ, ਬੇ-ਹੁਰਮਤੀ ਅਤੇ ਬੇਇਜ਼ਤੀ ਵੱਲ ਹੋਰ ਵੀ ਜ਼ਿਆਦਾ ਧੱਕਿਆ ਜਾ ਰਹਾ ਹੈ। "ਅਮਨ-ਕਾਇਮ ਰੱਖਣ" ਲਈ ਬਾਹਰਲੇ ਮੁਲਕਾਂ ਵਿਚ ਦਖ਼ਲਅੰਦਾਜ਼ੀ ਕਰਨ ਦੇ ਗੁਣ ਗਾਏ ਜਾ ਰਹੇ ਹਨ ਜਿਨ੍ਹਾਂ ਵਿਚੋਂ ੧੯ਵੀਂ ਸਦੀ ਦੇ "ਵਾਇਟਮੈਨਜ਼ ਬਰਡਨ" ਅਤੇ "ਜਿਸਕੀ ਲਾਠੀ ਉਸਕੀ ਭੈਂਸ" ਦੇ ਸੰਕਲਪਾਂ ਦੀ ਸੜਿਆਂਦ ਆ ਰਹੀ ਹੈ। ਪਨਾਹਗੀਰਾਂ ਲਈ ਮੁਲਕਾਂ ਦੇ ਦਰਵਾਜ਼ੇ ਬੰਦ ਵੀ ਕੀਤੇ ਜਾ ਰਹੇ ਹਨ ਅਤੇ ਸਸਤੀ ਲੇਬਰ ਪ੍ਰਾਪਤ ਕਰਨ ਲਈ ਖੋਹਲੇ ਵੀ ਜਾ ਰਹੇ ਹਨ। ੧੯ਵੀ ਸਦੀ ਦੇ ਸੰਕਲਪ "ਫੇਅਰ-ਪਲੇ" ਦੀਆਂ ਗੱਲਾਂ ਤਾਂ ਕੀਤੀਆਂ ਜਾ ਰਹੀਆਂ ਪਰ ਅਮੀਰਾਂ ਬਗੈਰ ਇਨਸਾਫ਼ ਕਿਸੇ ਨੂੰ ਮਿਲਦਾ ਨਹੀਂ। ਸੱਚੀ ਗੱਲ ਤਾਂ ਇਹ ਹੈ ਕਿ ਸਮਾਜ ਦੀ ਤਰੱਕੀ ਮੂਹਰੇ ਖੜੇ ਅੜਿਕੇ ਨੇ ਸਾਰੀ ਇਨਸਾਨੀਅਤ ਉਤੇ ਹੀ ਗੈਰ-ਇਨਸਾਨੀਅਤ ਮੜ੍ਹ ਦਿਤੀ ਹੈ। ਇਸ ਤਰ੍ਹਾਂ ਜਿਥੇ ਇਨਾਸਾਨੀ ਹਸਤੀ ਦੀ ਉਲੰਘਣਾਂ ਹੋ ਰਹੀ ਹੈ, ਇਸ ਦੀ ਪਾਕੀਜ਼ਗੀ ਭੰਗ ਕੀਤੀ ਜਾ ਰਹੀ ਹੈ, ਉਥੇ ਮੱਧਕਾਲੀਨਵਾਦ ਖ਼ਿਲਾਫ਼ ਕੀਤੀ ਗਈ ਲੰਬੀ ਤੇ ਔਖੀ ਜਦੋਜਹਿਦ ਰਾਹੀਂ ਹਾਸਲ ਕੀਤੀ ਗਈ ਹਰੇਕ ਪ੍ਰਾਪਤੀ ਨੂੰ ਵੀ ਤਬਾਹ ਕੀਤਾ ਜਾ ਰਿਹਾ ਹੈ। ਸੋ, ਭਰਾਮਾਰ ਲੜਾਈਆਂ ਹੋ ਰਹੀਆਂ ਹਨ, ਇਖ਼ਲਾਕੀ ਅਤੇ ਜਿਸਮਾਨੀ ਪਤਨ ਵੱਧ ਰਿਹਾ ਹੈ, ਆਤਮ-ਮੋਹ ਜ਼ੋਰਾਂ ਤੇ ਹੈ, ਅਤੇ ਅਸੂਲਾਂ ਅਤੇ ਉਦੇਸ਼ਾਂ ਦੀ ਘਾਟ ਹੈ। ਇਨਸਾਨੀ ਹਸਤੀ ਨੂੰ, ਬੰਦੇ ਦੀ ਜ਼ਾਤ ਨੂੰ, ਮਹਿਜ਼ ਲੁਟ-ਖਸੁਟ ਦਾ ਸਾਮਾਨ ਅਤੇ ਪੂੰਜੀਵਾਦੀ ਮੁਨਾਫ਼ੇ ਬਣਾਉਣ ਵਿਚ ਵਰਤੀ ਜਾਣ ਵਾਲੀ ਇਕ ਵਸਤੂ ਬਣਾ ਕੇ ਰੱਖ ਦਿਤਾ ਗਿਆ ਹੈ। ਬੰਦੇ ਦੇ ਹਿਤਾਂ ਨੂੰ ਸਮੂਹ ਦੇ ਹਿਤਾਂ ਨਾਲ ਸੁਰਮੇਲ ਕਰਨ ਅਤੇ ਸਮੂਹ ਦੇ ਹਿਤਾਂ ਨੂੰ ਸਮਾਜ ਦੇ ਹਿਤਾਂ ਨਾਲ ਸੁਰਮੇਲ ਕਰਨ ਲਈ ਤਰੱਕੀ ਦੇ ਰਾਹ ਪੈਣ ਦੇ ਮੌਕੇ ਨੂੰ ਖੁੰਝਣ ਤੋਂ

ਬਚਾਉਣਾਂ ਇਕ ਬਹੁਤ ਮੁਸ਼ਕਲ ਕੰਮ ਬਣਦਾ ਜਾ ਰਿਹਾ ਹੈ।

ਦੂਸਰੇ ਪਾਸੇ, ਨਵਾਂ-ਸੰਸਾਰ ਬਹੁਤ ਅਣਮੋਲ ਤਜਰਬਾ ਹਾਸਲ ਕਰ ਲੈਣ ਦੇ ਬਾਵਜੂਦ, ਖ਼ਾਸ ਕਰ ਵੀਹਵੀਂ ਸਦੀ ਦੌਰਾਨ, ਹਾਲੇ ਆਪਣੀਆਂ ਸਫਲਤਾਵਾਂ ਨੂੰ ਫ਼ਤਿਹ ਵਿਚ ਨਹੀਂ ਬਦਲ ਸਕਿਆ। ਇਸ ਵੱਡਮੁਲੇ ਤਜਰਬੇ ਵਿਚ ਸ਼ਾਮਲ ਹਨ: ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਕਰਨ ਦਾ ਤਜਰਬਾ, ਕੌਮੀ ਮੁਕਤੀ ਲਹਿਰਾਂ ਦਾ ਤਜਰਬਾ, ਅੰਤਰ-ਸਾਮਰਾਜੀ ਜੰਗ ਦੇ ਖ਼ਤਰੇ ਵਿਰੁਧ ਸੰਘਰਸ਼ਾਂ ਦਾ ਤਜਰਬਾ, ਸਾਮਰਾਜੀ ਧਾੜਵੀ ਜੰਗਾਂ ਅਤੇ ਦਖ਼ਲਬਾਜ਼ੀਆਂ ਖ਼ਿਲਾਫ਼ ਜਦੋਜਹਿਦਾਂ ਦਾ ਤਜਰਬਾ, ਸਟੇਟ ਦਹਿਸ਼ਤਵਾਦ ਤੇ ਵਿਅਕਤੀਗੱਤ ਦਹਿਸ਼ਤਵਾਦ ਦੇ ਕਾਰਿਆਂ ਅਤੇ ਹਰ ਤਰਾਂ ਦੀ ਅਰਾਜਕਤਾ ਅਤੇ ਹਿੰਸਾ ਦੀ ਮੁਖ਼ਾਲਫ਼ਤ ਕਰਨ ਦਾ ਤਜਰਬਾ। ਇਨਕਲਾਬ ਅਤੇ ਸਮਾਜਵਾਦ ਨੂੰ ਪਿਠ ਦੇਣ ਖ਼ਿਲਾਫ਼ ਜਦੋਜਹਿਦ, ਜਮਹੂਰੀ ਤੇ ਮਾਨੁਖੀ ਹੱਕਾਂ ਦੀ ਉਲੰਘਣਾਂ ਖ਼ਿਲਾਫ਼ ਸੰਘਰਸ਼, ਔਰਤਾਂ ਤੇ ਜਬਰ ਖ਼ਿਲਾਫ਼ ਜਦੋਜਹਿਦ, ਨੌਜੁਆਨਾਂ ਅਤੇ ਘੱਟ-ਗਿਣਤੀਆਂ ਉਤੇ ਜਬਰ ਦੀ ਵਿਰੋਧਤਾ ਅਤੇ ਕੁਦਰਤੀ ਅਤੇ ਸਮਾਜੀ ਵਾਤਾਵਰਣ ਨੂੰ ਇਨਸਾਨ-ਪ੍ਰਸਤ ਬਣਾਉਣ ਲਈ ਘੋਲ, ਇਸ ਤਜਰਬੇ ਨੂੰ ਹੋਰ ਅਮੀਰ ਕਰਦੇ ਹਨ। ਫ਼ੌਜੀਵਾਦ, ਫ਼ਾਸ਼ੀਵਾਦ, ਨਸਲਵਾਦ, ਲਿੰਗ-ਵਾਦ, ਪੂੰਜੀਵਾਦੀ ਲੁੱਟ-ਖਸੁੱਟ ਅਤੇ ਉਜਰਤ-ਗੁਲਾਮੀ ਖ਼ਿਲਾਫ਼ ਲੜੀਆਂ ਗਈਆਂ ਸ਼ਾਨਦਾਰ ਲੜਾਈਆਂ ਅਤੇ ਜਿਤਾਂ ਇਸ ਤਜਰਬੇ ਨੂੰ ਹੋਰ ਅਮੀਰ ਕਰਦੀਆਂ ਹਨ।

ਨਵੇਂ ਨੂੰ ਉਸਾਰਨ ਲਈ ਮਜ਼ਦੂਰ ਜਮਾਤ ਲਹਿਰ ਦੇ ਇਸ ਸਾਰੇ ਤਜਰਬੇ ਦਾ ਲੇਖਾ ਜੋਖਾ ਕਰਨ ਤੋਂ ਨਿਕਲਦੇ ਸਿਟੇ ਹੀ ਨਵੇਂ ਦੀ ਵਿਚਾਰਧਾਰਾ ਦਾ ਮੁੱਖ ਤੱਤ ਹਨ। ਨਵੇਂ ਦਾ ਇਹ ਵਿਚਾਰਧਾਰਕ ਤੱਤ ਹੀ ਪੁਰਾਣੇ ਨੂੰ ਕਾਂਬਾ ਛੇੜਦਾ ਹੈ। ਨਵੇਂ ਵੱਲ ਵੈਰ-ਭਾਵਨਾ ਅਤੇ ਆਪਣੀ ਤੰਗ-ਨਜ਼ਰੀ ਦਾ ਸ਼ਿਕਾਰ ਇਹ ਪੁਰਾਣਾਂ, ਨਵੇਂ ਦਾ ਇਕ ਐਸਾ ਨਮੂਨਾ ਅੱਗੇ ਕਰਦਾ ਹੈ ਜਿਸਦਾ ਜੇ ਪੋਲ ਖੋਹਲ ਕੇ ਦੇਖੀਏ ਤਾਂ ਅੰਦਰ ਸੱਭ ਕੁਝ ਪੁਰਾਣਾਂ ਹੈ। ਹਰ ਪੁਰਾਣੀ ਤੇ ਮੁਸ਼ਕ ਮਾਰਦੀ ਸ਼ੈਅ ਨੂੰ ਇਹ "ਸੁਧਾਰ" ਕਹਿੰਦੇ ਹਨ ਤੇ ਕਈ ਵਾਰ ਤੇ ਇਨਕਲਾਬ ਕਹਿਣ ਤੱਕ ਜਾਂਦੇ ਹਨ। ਸਮਾਜ-ਵਿਰੋਧੀ ਹਮਲੇ ਨੂੰ ਇਹ "ਆਮ-ਸੂਝ ਦਾ ਇਨਕਲਾਬ" ਕਹਿੰਦੇ ਹਨ ਤੇ ਪੂਰਬੀ ਯੋਰਪ ਵਿਚਲਾ ਉਲਟ-ਇਨਕਲਾਬ ਇਨ੍ਹਾਂ ਲਈ ਇਨਕਲਾਬ ਹੈ। ਰਹੱਸਵਾਦ ਅਤੇ ਕੂੜ-ਪ੍ਰਚਾਰ ਦਾ ਢੰਗ ਵਰਤਕੇ ਪੁਰਾਣਾਂ ਨਿਜ਼ਾਮ ਕਮਿਊਨਿਜ਼ਮ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਜਿਵੇਂ ਇਨਸਾਨੀਅਤ ਵਲੋਂ ਪੈਦਾ ਕੀਤਾ ਗਿਆ ਇਹ "ਸੱਭ ਤੋਂ ਭੈੜਾ" ਸਿਸਟਮ ਹੋਵੇ। ਇਹ ਕਮਿਊਨਿਜ਼ਮ ਨੂੰ ਫ਼ਾਸ਼ਿਜ਼ਮ ਬਰਾਬਰ ਦੱਸਦਾ ਹੈ ਤਾਂ ਕਿ ਪੁਰਾਣੇ ਦੀ ਹਰ ਉਸ ਕਰਤੂਤ ਤੇ ਪਰਦਾ ਪੈ ਜਾਵੇ ਜੋ ਹਰ ਪੱਖੋਂ "ਹਿਟਲਰਸ਼ਾਹੀ" ਕਹੀ ਜਾ ਸਕਦੀ ਹੈ। ਨਵੇਂ ਦੇ ਖ਼ਿਲਾਫ ਇਹ ਜਹਾਦ, ਉਸ ਜਹਾਦ ਨਾਲੋਂ ਕਿਵੇਂ ਵੀ ਵੱਖਰਾ ਨਹੀਂ ਜੋ ਪੁਰਾਣੇ ਯੋਰਪ ਦੇ ਸਾਮੰਤਸ਼ਾਹੀ ਬਾਦਸ਼ਾਹਾਂ ਅਤੇ ਪਾਦਰੀਆਂ ਦੀ ਸ਼ਕਤੀ ਨੇ ਰੱਲ ਕੇ ਉਸ ਵੇਲੇ ਦੇ ਸਾਇੰਸਦਾਨਾਂ ਅਤੇ ਕਲਾਕਾਰਾਂ ਦੇ ਖ਼ਿਲਾਫ਼ ਚਲਾਇਆ ਸੀ।

ਕੁਦਰਤ, ਸਮਾਜ ਅਤੇ ਸਾਇੰਸ ਬਾਰੇ ਪੁਰਾਣੇ ਦੇ ਇਹ ਵੱਡੇ ਵੱਡੇ ਦਾਅਵੇ ਕਿ ਹੁਣ ਇਨ੍ਹਾਂ ਖੇਤਰਾਂ ਵਿਚ ਹੋਰ ਤਰੱਕੀ ਹੋ ਹੀ ਨਹੀਂ ਸਕਦੀ, ਸਿਰਫ਼ ਸੁਆਰਥੀ ਹੀ ਨਹੀਂ ਸਗੋਂ ਸਾਮੰਤਵਾਦੀ ਦੌਰ ਦੇ ਨਜ਼ਰੀਏ ਦੀ ਰਹਿੰਦ-ਖੂੰਹਦ ਵੀ ਹਨ ਜਿਸ ਅਨੁਸਾਰ ਕੁਦਰਤ ਅਬਦਲ ਹੈ ਤੇ ਉਸ ਸਿਰਜਣਹਾਰ ਨੇ ਇਹ ਸੰਸਾਰ ਰੱਚ ਕੇ ਜ਼ਮੀਨ ਤੇ ਭੇਜਿਆ ਹੈ ਜਿਸ ਵਿਚ ਅਦਲਾਬਦਲੀ ਹੋ ਹੀ ਨਹੀਂ ਸਕਦੀ। ਸਾਮਰਾਜ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਸਿਰਫ਼ ਇਹੋ ਹੀ ਨਹੀਂ ਕਹਿੰਦੇ ਕਿ "ਇਤਹਾਸ ਦਾ ਅਖ਼ੀਰ" ਆ ਗਿਆ ਹੈ, ਉਹ ਹੁਣ ਹੋਰ ਵੀ ਅੱਗੇ ਲੰਘ ਗਏ ਹਨ ਤੇ ਕਹਿ ਰਹੇ ਹਨ ਕਿ ਹੁਣ "ਸਾਇੰਸ ਦਾ ਵੀ ਅਖ਼ੀਰ" ਹੀ ਹੈ ਤੇ ਜਿੰਨੀ ਤਰੱਕੀ ਹੋ ਸਕਦੀ ਸੀ ਹੋ ਗਈ ਹੈ ਤੇ ਹੋਰ ਤਰੱਕੀ ਸੰਭਵ ਨਹੀਂ। ਉਹ ਕਹਿੰਦੇ ਹਨ ਕਿ "ਇਨਸਾਨੀ ਫਿਤਰਤ" ਹੀ ਇਹੋ ਜਿਹੀ ਹੈ ਕਿ ਇਨਸਾਨ ਨਾਂ ਕਦੇ ਬਦਲਿਆ ਹੈ ਅਤੇ ਨਾਂ ਹੀ ਕਦੇ ਬਦਲ ਸਕੇਗਾ। ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ, ਇੰਜ ਇਸ "ਇਨਸਾਨੀ ਫਿਤਰਤ" ਦੇ ਅਧਾਰ ਤੇ ਆਪਣੀਆਂ ਸਾਰੀਆਂ ਕਾਲੀਆਂ ਕਰਤੂਤਾਂ ਨੂੰ ਜਾਇਜ਼ ਠਹਿਰਾਉਂਦੇ ਹਨ ਅਤੇ ਆਪਣਾਂ ਰਾਜ ਕਾਇਮ ਰੱਖਣ ਲਈ ਬੇਅੰਤ ਬੇਰਹਿਮੀ ਅਤੇ ਬਰਬਰੀਅਤ ਨੂੰ ਜਾਇਜ਼ ਸਾਬਤ ਕਰਨ ਦਾ ਯਤਨ ਕਰਦੇ ਹਨ। ਬੇਰੁਜ਼ਗਾਰੀ, ਨੌਕਰੀਆਂ ਖੁਸ ਜਾਣ ਦਾ ਲੋਕਾਂ ਵਿਚ ਫੈਲਿਆ ਹੋਇਆ ਡਰ, ਆਤਮਿਕ ਤੇ ਸਭਿਆਚਾਰਕ ਗਿਰਾਵਟ, ਅਰਾਜਕਤਾ, ਹਿੰਸਾ ਅਤੇ ਜੰਗ, ਇਸ ਨੂੰ ਕਦੇ ਵੀ ਕਾਇਲ ਨਹੀਂ ਕਰ ਸਕਦੇ ਕਿ ਇਸਦਾ ਆਰਥਕ ਅਤੇ ਸਿਆਸੀ ਸਿਸਟਮ ਮਰਨ ਕਿਨਾਰੇ ਪਿਆ ਹੋਇਆ ਹੈ। ੧੫੦ ਸਾਲਾਂ ਦੀਆਂ ਜ਼ਾਲਮ ਅਤੇ ਉਲਟ ਇਨਕਲਾਬੀ ਕਾਰਵਾਈਆਂ ਦੇ ਆਪਣੇ ਤਜਰਬੇ ਦੇ ਸਿਰ ਤੇ ਉਹ ਸਾਰੀ ਮਾਨੁੱਖਤਾ ਨੂੰ ਹਰ ਕੀਮਤ ਤੇ ਗੁਲਾਮ ਬਣਾਈ ਰੱਖਣਾਂ ਚਾਹੁੰਦੇ ਹਨ ਤੇ ਇਸ ਸਥਿਤੀ ਤੋਂ ਲਾਭ ਉਠਾਈ ਜਾਣ ਲਈ ਬਜ਼ਿਦ ਹਨ। ਤਾਕਤ ਅਤੇ ਗੋਲੀ ਦੀ ਵਰਤੋਂ ਦੇ ਨਾਲ ਨਾਲ ਉਹ ਝੂਠ, ਊਜਾਂ, ਚਰਿਤਰ-ਘਾਤ, ਰਿਸ਼ਵਤ, ਜ਼ੁਰਮ ਅਤੇ ਬੇਰਹਿਮੀ ਵਰਤ ਕੇ ਨਵੀਆਂ ਪੈਦਾਵਾਰੀ ਸ਼ਕਤੀਆਂ ਨੂੰ ਇਕ ਸਬਕ ਸਿਖਾਉਣਾਂ ਚਾਹੁੰਦੇ ਹਨ ਅਤੇ ਇਸ ਗੱਲ ਦਾ ਗੁਸਾ ਕੱਢ ਰਹੇ ਹਨ ਕਿ ਉਹ ਨਵੀਆਂ ਕਿਉਂ ਹਨ, ਸਮਾਜੀ ਤੇ ਕੌਮੀ ਮੁਕਤੀ ਨਾਲ ਮੇਲ ਕਿਉਂ ਖਾਂਦੀਆਂ ਹਨ ਅਤੇ ਸਮਾਜੀ ਤੇ ਕੁਦਰਤੀ ਵਾਤਾਵਰਣ ਨੂੰ ਇਨਸਾਨ-ਪ੍ਰਸਤ ਬਣਾਉਣ ਦੇ ਅਨੁਕੂਲ ਕਿਉਂ ਹਨ ਜਿਸ ਵਿਚ ਵਸਤੂਆਂ ਦੀ ਥਾਂ ਇਨਸਾਨੀਅਤ ਅਤੇ ਇਸ ਦੀ ਭਲਾਈ ਇਕ ਕੇਂਦਰੀ ਸਥਾਨ ਲਵੇਗੀ।

ਨਵੇਂ ਨਾਲ ਹਾਮਲਾ ਇਹ ਸਮਾਜ ਪੁਰਾਣੇ ਦੇ ਕਹਿਰ ਦਾ ਸ਼ਿਕਾਰ ਹੈ। ਪਹਿਲਾਂ ਕਦੇ ਵੀ ਪੁਰਾਣਾਂ ਏਨਾਂ ਹੰਕਾਰੀ ਨਹੀਂ ਸੀ ਹੋਇਆ ਜਿੰਨਾਂ ਐਸ ਵੇਲੇ ਹੈ। ਇਹ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਕਹਿ ਰਿਹਾ ਹੈ। ਅਜੇਹੀ ਸਿਧਾਂਤਬਾਜ਼ੀ ਰਾਹੀਂ, ਜਿਸ ਨੂੰ ਇਤਹਾਸ ਪਹਿਲਾਂ ਹੀ ਰੱਦੀ ਦੀ ਟੋਕਰੀ ਵਿਚ ਸੁੱਟ ਚੁਕਾ ਹੈ, ਪੁਰਾਣਾਂ ਆਪਣੇ ਆਪ ਨੂੰ ਇਕ "ਨਵੀਂ ਤਰੰਗ" ਦੱਸ ਰਿਹਾ ਹੈ। ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਵਲੋਂ ਸਾਰੇ ਸੰਸਾਰ ਵਿਚ ਕੀਤੇ ਜਾ ਰਹੇ ਦਾਅਵਿਆਂ ਤੋਂ ਇਹੋ ਗੱਲ ਜ਼ਾਹਰ ਹੁੰਦੀ ਹੈ। ਸਾਰੀਆਂ ਪੁਰਾਣੀਆਂ ਅਤੇ ਕਬਰ ਕੰਢੇ ਬੈਠੀਆਂ ਸ਼ਕਤੀਆਂ ਦਾ ਮੰਤਵ ਆਪਣੇ ਆਪ ਨੂੰ ਇਸ ਤਰ੍ਹਾਂ ਪੇਸ਼ ਕਰਨਾਂ ਹੈ ਕਿ ਪਰਦਾ ਪਿਆ ਰਹੇ ਕਿ ਉਹ ਹਰ ਨਵੀਂ, ਆਧੁਨਿਕ, ਅਤੇ ਤਰੱਕੀ ਵਾਲੀ ਗੱਲ ਦੇ ਖ਼ਿਲਾਫ਼ ਹਨ ਜਿਸਦੀ ੨੧ਵੀਂ ਸਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬੜੀ ਲੋੜ ਹੈ। ਪੁਰਾਣੇ ਯੋਰਪ ਅਤੇ ਉਤਰੀ ਅਮਰੀਕਾ ਦੀਆਂ ਸਾਮਰਾਜੀ ਸ਼ਕਤੀਆਂ ਤੇ ਉਨ੍ਹਾਂ ਦੇ ਚਮਚੇ ਨਵੇਂ-ਯੁਗ ਦਾ ਰਾਹ ਰੋਕ ਰਹੇ ਹਨ।

ਸਾਮਰਾਜੀਏ ਅਤੇ ਪਿਛਾਖੜ ਬੁਰਜੁਆਜ਼ੀ ਨਵੇਂ ਅਤੇ ਪੁਰਾਣੇ ਵਿਚਕਾਰ ਘੋਲ ਨੂੰ ਕਮਿਊਨਿਜ਼ਮ ਅਤੇ ਜਮਹੂਰੀਅਤ ਵਿਚਕਾਰ ਘੋਲ ਵਜੋਂ ਪੇਸ਼ ਕਰਦੇ ਹਨ। ਨਵੇਂ ਅਤੇ ਪੁਰਾਣੇ ਵਿਚ ਚਲ ਰਹੇ ਇਕ ਜੀਵਨ-ਮੌਤ ਦੇ ਘੋਲ ਨੂੰ ਇਹ ਸਮਾਜ ਦੇ "ਸੱਜੇ" ਅਤੇ "ਖੱਬੇ" ਪੱਖ ਵਿਚਕਾਰ ਚਲ ਰਹੀ ਜਦੋਜਹਿਦ ਕਹਿੰਦੇ ਹਨ, ਅਤੇ ਇਹ ਹਕੀਕਤ ਛੁਪਾਉਂਦੇ ਹਨ ਕਿ ਕਥਿਤ "ਖੱਬਾ" ਪੱਖ ਆਪਣੇ ਆਪ ਨੂੰ ਇੰਜ ਢਾਲ ਚੁਕਾ ਹੈ ਕਿ ਬੁਰਜੁਆਜ਼ੀ ਨੂੰ ਮਨਜ਼ੂਰ ਸੀਮਾਂ ਕਦੇ ਨਹੀਂ ਟੱਪਦਾ ਅਤੇ ਤਬਦੀਲੀ, ਵਿਕਾਸ ਤੇ ਗਤੀ, ਅਤੇ ਸਮਾਜਵਾਦੀ ਇਨਕਲਾਬ ਦੀ ਮੁਖ਼ਾਲਫਤ ਕਰਨ ਵਿਚ ਬੁਰਜੁਆਜ਼ੀ ਦਾ ਹਰ ਹੀਲੇ ਸਾਥ ਦਿੰਦਾ ਹੈ। ਕਨੇਡਾ ਵਿਚ ਇਹ ਖੱਬਾ-ਪੱਖ ਐਨ.ਡੀ.ਪੀ. ਦੀ ਸ਼ਕਲ ਵਿਚ, ਬ੍ਰਤਾਨੀਆਂ ਵਿਚ ਲੇਬਰ ਪਾਰਟੀ ਦੀ ਸ਼ਕਲ ਵਿਚ, ਅਤੇ ਇਵੇਂ ਹੀ ਹੋਰ ਮੁਲਕਾਂ ਵਿਚ ਸੋਸ਼ਲ ਡੈਮੋਕਰੇਸੀ ਦੇ ਵੱਖੋ ਵੱਖਰੇ ਰੂਪਾਂ ਵਿਚ ਇਹ ਖੱਬਾ-ਪੱਖ ਸਿਰਫ਼ ਮਜ਼ਦੂਰ ਜਮਾਤ ਲਹਿਰ ਵਿਚ ਫੁਟ ਹੀ ਨਹੀਂ ਪਾਉਂਦਾ ਸਗੋਂ ਇਸ ਨੂੰ ਵਿਚਾਰਧਾਰਕ ਤੌਰ ਤੇ ਵੀ ਬੇ-ਹਥਿਆਰ ਕਰਦਾ ਹੈ, ਅਤੇ ਲਹਿਰ ਵਿਚ ਇਸ ਤਰ੍ਹਾਂ ਦੇ ਭਰਮ-ਭੁਲੇਖੇ ਖੜੇ ਕਰਦਾ ਹੈ ਕਿ ਜੇ ਸਰਕਾਰ ਨੇਕਨੀਅਤ ਅਤੇ ਇਸਦੇ "ਨੀਤੀ ਉਦੇਸ਼ਾਂ ਠੀਕ" ਹੋ ਜਾਣ ਤਾਂ ਸਾਰਾ ਕੁਝ ਠੀਕ ਹੋ ਸਕਦਾ ਹੈ। ਇਸ ਅਫ਼ੀਸ਼ਲ "ਖੱਬੇ ਧੜੇ" ਦਾ ਮੁੱਖ ਕੰਮ ਪੂੰਜੀਵਾਦੀ ਨਿਜ਼ਾਮ ਦੀ ਭੱਲ ਬਣਾਈ ਰੱਖਣਾਂ ਹੈ। ਬੁਰਜੁਆਜ਼ੀ ਦਾ "ਸੱਜਾ-ਧੜਾ" ਅਤੇ "ਖੱਬਾ-ਧੜਾ", ਦੋਵੇਂ ਹੀ, ਇਹੋ ਜਿਹੇ ਦਾਅਵੇ ਕਰਦੇ ਥੱਕਦੇ ਨਹੀਂ ਕਿ ਮੌਜੂਦਾ ਪੂੰਜੀਵਾਦੀ ਨਜ਼ਾਮ ਨੂੰ ਸੂਤ ਕੀਤਾ ਜਾ ਸਕਦਾ ਹੈ। ਪਰ ਅਮਲ ਵਿਚ ਉਹ ਸਮਾਜ-ਵਿਰੋਧੀ ਮੁਹਿੰਮਾਂ ਦਾ ਪੱਖ ਪੂਰਦੇ ਹਨ ਅਤੇ ਲੋਕਾਂ ਦੀਆਂ ਆਰਥਕ ਅਤੇ ਸਿਆਸੀ ਮੰਗਾਂ ਅਤੇ ਦਲੀਲਾਂ ਨੂੰ "ਅਮਨ ਕਾਨੂੰਨ" ਦੇ ਮਸਲੇ ਦੀ ਸ਼ਕਲ ਦੇ ਦਿੰਦੇ ਹਨ। ਇਹ "ਖੱਬੇ-ਸੱਜੇ" ਧੜੇ ਬੁਰਜੁਆਜ਼ੀ ਨੂੰ ਪੂਜਦੇ ਵੀ ਹਨ ਤੇ ਇਸ ਤੋਂ ਡਰਦੇ ਵੀ ਹਨ। ਵਿਤੀ-ਜਰਵਾਣਿਆਂ, ਵੱਡੇ ਸ਼ਾਹੂਕਾਰਾਂ ਦੇ ਕਰਜ਼ਿਆਂ ਦਾ ਚੋਖਾ ਵਿਆਜ ਭਰੀ ਜਾਣ, ਆਰਥਕਤਾ ਦਾ ਸੈਨੀ-ਕਰਣ ਕਰਨ ਅਤੇ ਸਟੇਟ ਦੀਆਂ ਸਾਰੀਆਂ ਫ਼ਾਸ਼ੀ ਕਾਰਵਾਈਆਂ ਨੂੰ ਹੋਰ ਫੈਲਾਉਣ ਦੇ ਇਹ ਵੱਡੇ ਹਮਾਇਤੀ ਹਨ।

ਇਸ ਦੌਰ ਦੇ ਅੰਦਰ ਮੁਮਕਿਨ ਸਮਾਜ ਦਾ ਸੱਭ ਤੋਂ ਉਨਤ ਰੂਪ ਆਧੁਨਿਕ ਕਮਿਊਨਿਜ਼ਮ ਹੈ। ਸਮਾਜ-ਵਿਰੋਧੀ ਮੁਹਿੰਮ ਖ਼ਿਲਾਫ਼ ਚੱਲ ਰਹੇ

ਘੋਲ ਵਿਚੋਂ ਇਕ ਨਵਾਂ ਸਮਾਜ ਉਪਜੇਗਾ ਜੋ ਸਮਾਜਵਾਦੀ ਸੁਸਾਇਟੀ ਵੱਲ ਲਿਜਾਵੇਗਾ ਅਤੇ ਇਨਸਾਨ ਹੱਥੋਂ ਇਨਸਾਨ ਦੀ ਸਾਰੀ ਲੁਟ ਸਮਾਪਤ ਕਰੇਗਾ। ਅਜਿਹਾ ਹੋਏ ਬਗੈਰ, ਮਜ਼ਦੂਰ ਜਮਾਤ ਦੀ ਅਤੇ ਸਾਰੀ ਇਨਸਾਨੀਅਤ ਦੀ ਮੁਕੰਮਲ ਮੁਕਤੀ ਦੀ ਹਾਲਤ, ਆਧੁਨਿਕ ਕਮਿਊਨਿਜ਼ਮ ਦੀ ਹਾਲਤ ਪੈਦਾ ਹੋਏ ਬਗੈਰ ਹੀ, ਨਵਾਂ ਨਵਾਂ ਕਰੀ ਜਾਣਾਂ ਐਂਵੇ ਇਕ ਫਜ਼ੂਲ ਲੱਫ਼ਾਜ਼ੀ ਹੋਵੇਗਾ ਜਿਸਦਾ ਕੋਈ ਅਰਥ ਨਹੀਂ ਤੇ ਨਾਂ ਹੀ ਸਮਾਜ ਦੇ ਭਵਿਖ ਨਾਲ ਕੋਈ ਸਰੋਕਾਰ ਹੈ।

ਨਵੇਂ ਦੀ ਟੱਕਰ ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਨਾਲ ਹੈ ਜੋ ਫੌਜਾਂ ਅਤੇ ਹਥਿਆਰਾਂ ਨਾਲ ਅੰਤਾਂ ਦੇ ਲੈਸ ਹਨ। ਆਪਣੇ ਪ੍ਰਚਾਰਕਾਂ ਅਤੇ ਸਿਧਾਂਤਬਾਜ਼ਾਂ ਨੂੰ ਦੇਣ ਲਈ ਇਨ੍ਹਾਂ ਕੋਲ ਅੰਤਾਂ ਦਾ ਧੰਨ ਹੈ ਜੋ ਨਵੇਂ ਉਤੇ ਇਨ੍ਹਾਂ ਦੇ ਹਮਲੇ ਠੀਕ ਠਹਿਰਾਉਣ ਲਈ ਹਜ਼ਾਰ ਤਰ੍ਹਾਂ ਦੀ ਝੂਠੀ ਦਲੀਲਬਾਜ਼ੀ ਪੇਸ਼ ਕਰਦੇ ਹਨ। ਉਹ ਪੂੰਜੀਵਾਦੀ ਨਿਜ਼ਾਮ ਦੀ ਵਕਾਲਤ ਕਰਦੇ ਹਨ ਤੇ ਸਮਾਜ ਨੂੰ ਮੱਧਕਾਲੀਨਵਾਦ ਵੱਲ ਪਿਛੇ ਧੱਕਦੇ ਹਨ। ਯੂ.ਐਨ. ਦੀ ਸਕਿਉਰਿਟੀ ਕੌਂਸਲ ਵੀ ਇਨ੍ਹਾਂ ਦੇ ਹੱਥਾਂ ਵਿਚ ਹੈ ਤੇ ਯੂ.ਐਸ, ਜਰਮਨੀ, ਜਪਾਨ, ਫਰਾਂਸ, ਇਟਲੀ, ਅਤੇ ਕਨੇਡਾ ਵਰਗੇ ਸੰਸਾਰ ਦੇ ਅਤੀ ਸ਼ਕਤੀਸ਼ਾਲੀ ਸਾਮਰਾਜੀ ਮੁਲਕਾਂ ਦੇ ਸਾਰੇ ਵਸੀਲੇ ਵੀ ਇਨ੍ਹਾਂ ਦੀ ਸੇਵਾ ਵਿਚ ਹਨ। ਇਨ੍ਹਾਂ ਇਹ ਸਾਰੇ ਵਸੀਲੇ ਤੇ ਸਿਆਸੀ ਤਾਕਤ ਨਵੇਂ ਦੇ ਖ਼ਿਲਾਫ਼ ਹੀ ਝੋਕੀ ਹੋਈ ਹੈ। ਬੁਰਜੁਆਜ਼ੀ ਦੇ ਸਿਆਸੀ ਲੀਡਰਾਂ, ਵੱਡੇ-ਵੱਡੇ ਬਿਜ਼ਨਸਾਂ, ਸਰਕਾਰਾਂ ਅਤੇ ਵੱਡੇ-ਵੱਡੇ ਲੇਬਰ ਆਗੂਆਂ ਦੇ ਤਿਕੜੀ-ਰਾਜ ਦੀਆਂ ਨਵੇਂ ਨੂੰ ਖ਼ਤਮ ਕਰਨ ਲਈ ਇਕ ਦੂਜੇ ਤੋਂ ਮੂਹਰੇ ਹੋਣ ਲਈ ਬੁਰਦਾਂ ਲੱਗੀਆਂ ਹੋਈਆਂ ਹਨ। ਕਮਿਉਨਿਜ਼ਮ ਖ਼ਿਲਾਫ਼ ਇਨ੍ਹਾਂ ਦੇ ਜ਼ੁਰਮਾਂ ਦਾ ਇਤਹਾਸ ਪੂਰੀ ਸ਼ਾਹਦੀ ਭਰਦਾ ਹੈ ਕਿ ਨਵੇਂ ਦਾ ਖੁਰਾ-ਖੋਜ ਮਿਟਾਉਣ ਲਈ ਇਹ ਹਰ ਤਰ੍ਹਾਂ ਦੇ ਘਿਨਾਉਣੇ ਅਤੇ ਘਟੀਆ ਤਰੀਕੇ ਵਰਤਦੇ ਹਨ। ਦੂਸਰੀ ਸੰਸਾਰ ਜੰਗ ਦੌਰਾਨ ਹਿਟਲਰ, ਟੋਜੋ ਅਤੇ ਮਸੋਲੀਨੀ ਵੀ ਇਨ੍ਹਾਂ ਦੇ ਹੀ ਢੰਗ ਤਰੀਕਿਆਂ ਨੂੰ ਹੋਰ ਪੁਖ਼ਤਾ ਤਰੀਕੇ ਨਾਲ ਵਰਤਦੇ ਰਹੇ। ਸੋਵੀਅਤ ਯੂਨੀਅਨ ਦੀ ਕਮਿਉਨਿਸਟ ਪਾਰਟੀ ਦੀ ਅਗਵਾਈ ਵਿਚ ਸੋਵੀਅਤ ਯੂਨੀਅਨ ਅਤੇ ਸੰਸਾਰ ਦੇ ਹੋਰ ਲੋਕਾਂ ਨੇ ਅੰਤਾਂ ਦੀ ਕੁਰਬਾਨੀ ਕਰਕੇ ਇਨ੍ਹਾਂ ਫ਼ਾਸ਼ੀ ਸ਼ਕਤੀਆਂ ਨੂੰ ਹਾਰ ਦਿਤੀ ਤੇ ਇਸ ਸੰਘਰਸ਼ ਵਿਚ ਸਾਰੇ ਸੰਸਾਰ ਦੀਆਂ ਕਮਿਉਨਿਸਟ ਅਤੇ ਦੇਸ਼ਭਗਤ ਸ਼ਕਤੀਆਂ ਡੱਟ ਕੇ ਲੜੀਆਂ। ਹਿਟਲਰ ਦੀ ਹਾਰ ਦੇ ਫ਼ੌਰਨ ਬਾਅਦ ਯੂ.ਐਸ. ਸਾਮਰਾਜ ਅਤੇ ਪਿਛਾਖੜ ਨੇ ਹਿਟਲਰੀ ਝੂਠ-ਫਰੇਬ ਦੇ ਢੰਗ-ਤਰੀਕੇ ਅਪਣਾ ਲਏ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਸਾਰੇ ਸੰਸਾਰ ਵਿਚ ਇਹ ਇਹੋ ਤਰੀਕੇ ਵਰਤ ਰਹੇ ਹਨ।

ਲੇਕਿਨ, ਹਥਿਆਰਾਂ ਦੀ ਸ਼ਕਤੀ ਅਤੇ ਝੂਠ-ਫਰੇਬ ਇਸ ਹਕੀਕਤ ਨੂੰ ਛੁਪਾ ਨਹੀਂ ਸਕਦੇ ਕਿ ਪੁਰਾਣੇ ਸਮਾਜ ਦੇ ਗਰਭ ਵਿਚ ਨਵਾਂ ਉਸਲਵੱਟੇ ਲੈ ਰਿਹਾ ਹੈ। ਲੋਕ, ਅਤੇ ਸਿਰਫ਼ ਲੋਕ ਹੀ, ਇਤਹਾਸ ਸਿਰਜਦੇ ਹਨ ਤੇ ਆਪਣੀ ਤਕਦੀਰ ਆਪ ਘੜਦੇ ਹਨ। ਹੁਣ ਲੋਕਾਂ ਨੇ ਆਪਣੇ ਘੋਲ ਨੂੰ ਹੋਰ ਬੁਲੰਦੀ ਵੱਲ ਲਿਜਾਣਾਂ ਸ਼ੁਰੂ ਕਰ ਦਿੱਤਾ ਹੈ ਤੇ ਸਮੇਂ ਨਾਲ ਮੇਚ ਖਾਂਦੀਆਂ ਮੰਗਾਂ ਅੱਗੇ ਰੱਖਣ ਲੱਗ ਪਏ ਹਨ। ਉਹ ਸਮਝਣ ਲੱਗ ਪਏ ਹਨ ਕਿ ਸਮਾਜ ਦਾ ਇਹ ਅਟੱਲ ਫ਼ਰਜ਼ ਹੈ ਕਿ ਉਨ੍ਹਾਂ ਦੇ ਹੱਕ ਤਸਲੀਮ ਕਰੇ, ਜੋ ਹੱਕ ਉਨ੍ਹਾਂ ਨੂੰ ਬਤੌਰ ਇਨਸਾਨਾਂ ਦੇ ਹਾਸਲ ਹਨ। ਅਜੇਹੇ ਲੋਕ, ਸੱਭ ਕਾਸੇ ਦੇ ਬਾਵਜੂਦ, ਆਪਣੇ ਹੱਕ ਮਨਵਾਉਣ ਲਈ ਸੁਭਾਵਕ ਅਤੇ ਸੁਚੇਤ ਤੌਰ ਤੇ ਘੋਲ ਕਰਦੇ ਹਨ ਅਤੇ ਨਵੇਂ ਦੀ ਸਥਾਪਤੀ ਲਈ ਲੜਦੇ ਹਨ। ਪੁਰਾਣੇ ਅਦਾਰੇ, ਆਰਥਕਤਾ ਅਤੇ ਹਕੂਮਤ ਸਬੰਧੀ ਪੁਰਾਣੇ ਵਿਚਾਰ, ਗ਼ੁਲਾਮਾਂ ਅਤੇ ਗ਼ੁਲਾਮ-ਮਾਲਕਾਂ ਦੇ ਪੁਰਾਣੇ ਰਿਸ਼ਤੇ ਜੋ ਨਵੀਆਂ ਪੈਦਾਵਾਰੀ ਸ਼ਕਤੀਆਂ ਦੀ ਤਰੱਕੀ ਵਿਚ ਰੋੜਾ ਬਣ ਗਏ ਹਨ, ਅਜੇਹੇ ਲੋਕਾਂ ਦੇ ਹੰਭਲੇ ਨੂੰ ਭਲਾ ਕਿਵੇਂ ਠੱਲ੍ਹ ਪਾ ਸਕਦੇ ਹਨ? ਪੁਰਾਣੇ ਦੀ ਤਾਕਤ ਇਕ ਅਜੇਹੇ ਦੈਂਤ ਦੀ ਤਾਕਤ ਹੈ ਜਿਸਦੇ ਪੈਰ ਮਿਟੀ ਦੇ ਹਨ। ਮਿਟੀ ਦੇ ਪੈਰਾਂ ਵਾਲੇ ਇਸ ਦੈਂਤ ਦੀ ਸਾਰੇ ਸੰਸਾਰ ਦੀ ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਲੋਕਾਂ ਨਾਲ ਟੱਕਰ ਹੈ ਤੇ ਨਵਾਂ, ਇਸ ਪੁਰਾਣੇ ਦੈਂਤ ਦੇ ਪੈਰਾਂ ਹੇਠੋਂ ਮਿਟੀ ਕੱਢੀ ਜਾ ਰਿਹਾ ਹੈ। ਇਕ ਕਰੂੰਬਲ ਜ਼ੋਰਾ-ਜ਼ੋਰੀ ਫੁਟ ਰਹੀ ਹੈ, ਇਨਕਲਾਬ ਦੀ ਕਰੂੰਬਲ।

## ਭਾਗ ੩

# ਆਧੁਨਿਕ ਕਮਿਉਨਿਜ਼ਮ ਅਤੇ ਕਨੇਡੀਅਨ ਸਮਾਜ

ਬਾਕੀ ਜਹਾਨ ਵਾਂਗ ਹੀ ਕਨੇਡਾ ਵਿਚ ਵੀ ਹਰ ਸ਼ੈਅ ਦਾ ਕਾਇਆ-ਕਲੱਪ ਕਰਨ ਦੀ ਲੋੜ ਹੈ। ਕਨੇਡਾ ਦੀ ਆਰਥਕਤਾ, ਇਸ ਦਾ ਸੰਵਿਧਾਨ, ਇਸ ਦੀ ਸਿਆਸੀ ਪ੍ਰਕਿਰਿਆ, ਗੱਲ ਕੀ ਇਸਦੀ ਹਰ ਚੀਜ਼ ਤਬਦੀਲੀ ਦੀ ਤਲਬਗਾਰ ਹੈ। ਇਸ ਕਾਇਆ-ਕਲੱਪ ਦਾ ਮੁਖ-ਮਕਸਦ ਇਹੋ ਹੀ ਹੋ ਸਕਦਾ ਹੈ ਕਿ ਸਮਾਜ ਨੂੰ ਮੌਜੂਦਾ ਸੰਕਟ ਵਿਚੋਂ ਕੱਢ ਕੇ ਤਰੱਕੀ ਦੇ ਰਾਹ ਪਾਇਆ ਜਾਵੇ। ਫੌਰੀ ਤੌਰ ਤੇ ਇਕ ਸਮਾਜ-ਹਿਤੈਸ਼ੀ ਅਜੰਡੇ ਲਈ ਲੜਨ ਦੇ ਰਾਹ ਪੈ ਕੇ ਕਾਇਆ-ਕਲੱਪ ਕੀਤਾ ਜਾ ਸਕਦਾ ਹੈ ਜੋ ਹੇਠ ਲਿਖੀਆਂ ਮੰਗਾਂ ਤੇ ਅਧਾਰਤ ਹੋਵੇਃ

੧) ਕਰਜ਼ਿਆਂ ਦੀ ਅਦਾਇਗੀ ਰੋਕ ਦਿਤੀ ਜਾਵੇ।

੨) ਸਾਰੇ ਬੈਂਕ ਕੌਮੀ ਕਰ ਦਿਤੇ ਜਾਣ, ਅੰਤਰਰਾਸ਼ਟਰੀ ਅਤੇ ਅੰਦਰੂਨੀ ਥੋਕ-ਵਪਾਰ ਦਾ ਕੌਮੀਕਰਣ ਕਰ ਦਿਤਾ ਜਾਵੇ।

੩) ਵਿਦਿਆ, ਸਿਹਤ-ਸੰਭਾਲ ਅਤੇ ਸੋਸ਼ਲ ਪ੍ਰੋਗਰਾਮਾਂ ਵਿਚ ਪੈਸਾ ਲਾ ਕੇ ਆਰਥਕਤਾ ਨੂੰ ਮਜ਼ਬੂਤ ਕਰਨ ਦੇ ਰਾਹ ਪਿਆ ਜਾਵੇ।

੪) ਜਮਹੂਰੀ ਕਾਇਆ-ਕਲੱਪ ਅਧੀਨ ਸਿਆਸੀ ਪ੍ਰਕਿਰਿਆ ਵਿਚ ਬੁਨਿਆਦੀ ਸੁਧਾਰ ਲਿਆਂਦੇ ਜਾਣ ਤੇ ਇਸ ਵਿਚ ਇਹ ਮੱਦ ਵੀ ਸ਼ਾਮਲ ਕੀਤੀ ਜਾਵੇ ਕਿ ਬਗੈਰ ਸਲੈਕਸ਼ਨ- ਹੋਣ ਨਾ ਇਲੈਕਸ਼ਨ । ਸਮਾਜ-ਹਿਤੈਸ਼ੀ ਪ੍ਰੋਗਰਾਮ ਅਤੇ ਜਮਹੂਰੀ ਨਵੀਨੀਕਰਣ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਸੰਵਿਧਾਨ ਵੀ ਆਧੁਨਿਕ ਬਣਾਉਣਾਂ ਪਵੇਗਾ ਜੋ ਸਾਰਿਆਂ ਦੀ ਵੋਟ ਅਤੇ ਸਿਧੀ ਚੋਣ ਦੇ ਜ਼ਰੀਏ ਮਨਜ਼ੂਰ ਕਰਵਾਇਆ ਗਿਆ ਹੋਵੇ।

ਕਨੇਡਾ ਵਿਚ ਤਕਰੀਬਨ ੩੦ਮਿਲੀਅਨ ਲੋਕ ਵਸਦੇ ਹਨ ਜੋ ਸੰਸਾਰ ਦੇ ਹਰ ਕੋਨੇ ਨਾਲ ਸਬੰਧ ਰੱਖਦੇ ਹਨ। ਇਸ ਮੁਲਕ ਵਿਚ ਕੁਦਰਤੀ ਖ਼ਜ਼ਾਨਿਆਂ ਦੀ ਭਰਮਾਰ ਹੈ ਤੇ ਹੁਨਰ ਵਿਚ ਵੀ ਏਥੇ ਦੇ ਲੋਕ ਕਿਸੇ ਨਾਲੋਂ ਘੱਟ ਨਹੀਂ। ਪਰ, ਆਰਥਕਤਾ ਜ਼ਰਾ ਵੀ ਯੋਜਨਾਬੱਧ ਅਤੇ ਸਵੈ-ਨਿਰਭਰ ਨਹੀਂ। ਆਰਥਕਤਾ ਦਾ ਹਾਲ ਇਹ ਹੈ ਕਿ ਹਾਲੇ ਵੀ ਕਈ ਤਰ੍ਹਾਂ ਦਾ ਕੱਚਾ-ਮਾਲ ਤੇ ਤਿਆਰ ਵਸਤਾਂ ਬਾਹਰੋਂ ਮੰਗਾਉਣੀਆਂ ਪੈਂਦੀਆਂ ਹਨ। ਲੋਕਾਂ ਦਰਮਿਆਨ ਸਬੰਧ ਇਸ ਤਰ੍ਹਾਂ ਦੇ ਹਨ ਕਿ ਏਥੇ ਲੁਟੇਰੇ ਵੀ ਮੌਜੂਦ ਹਨ ਤੇ ਲੁਟ ਦਾ ਸ਼ਿਕਾਰ ਹੋਣ ਵਾਲੇ ਵੀ ਮੌਜੂਦ ਹਨ। ਸਿਟੇ ਦੇ ਤੌਰ ਤੇ ਸਮਾਜੀ ਤੇ ਕੁਦਰਤੀ ਵਾਤਾਵਰਣ ਪੱਖੋਂ ਸਮਾਜ ਇਕ ਡਾਵੇਂ ਸੰਕਟ ਵਿਚ ਗ੍ਰਸਤ ਹੈ।

ਪਾਰਟੀ ਸਵਾਲ ਉਠਾਉਂਦੀ ਹੈ ਕਿ ਕੁਦਰਤੀ ਖ਼ਜ਼ਾਨਿਆਂ ਦੀ ਏਨੀ ਭਰਮਾਰ ਅਤੇ ਲੋਕ ਏਨੇ ਹੁਨਰਮੰਦ ਹੋਣ ਦੇ ਬਾਵਜੂਦ, ਕੀ ਕਾਰਨ ਹੈ ਕਿ ਸਮਾਜੀ ਤੇ ਕੁਦਰਤੀ ਵਾਤਾਵਰਣ ਏਨੇ ਡੂੰਘੇ ਸੰਕਟ ਵਿਚ ਗ੍ਰਸਤ ਹੈ? ਕਨੇਡਾ ਵਿਚ ਉਹ ਸਾਰੀਆਂ ਹੀ ਸਮੱਸਿਆਵਾਂ ਹਨ ਜੋ ਬਾਕੀ ਸਾਰੇ ਪੂੰਜੀਵਾਦੀ ਸਮਾਜਾਂ ਵਿਚ ਵੀ ਮੌਜੂਦ ਹਨ। ਇਸਦੇ ਇਲਾਵਾ, ਜਿਵੇਂ ਹਰੇਕ ਮੁਲਕ ਦੀਆਂ ਹੀ ਕੁਝ ਆਪਣੀ ਕਿਸਮ ਦੀਆਂ ਸਮੱਸਿਆਵਾਂ ਵੀ ਹੁੰਦੀਆਂ ਹਨ, ਇਥੇ ਕਨੇਡਾ ਵਿਚ ਵੀ ਕਈ ਐਸੀਆਂ ਵੱਖਰੀਆਂ ਸਮੱਸਿਆਵਾਂ ਮੌਜੂਦ ਹਨ। ਆਰਥਕ ਸਿਸਟਮ "ਨੌਕਰੀ-ਰਹਿਤ ਰੀਕਵਰੀ" ਦਾ ਸ਼ਿਕਾਰ ਹੈ ਜਿਸਦਾ ਕਾਰਨ ਇਹ ਹੈ ਕਿ ਉਨਤ ਸਾਇੰਸੀ ਤੇ ਤਕਨੀਕੀ ਢੰਗਾਂ ਦੀ ਵਰਤੋਂ ਨਾਲ ਪੁਰਾਣੀਆਂ ਨੌਕਰੀਆਂ ਖ਼ਤਮ ਹੋਈ ਜਾ ਰਹੀਆਂ ਹਨ ਪਰ ਨਵੀਂਆਂ ਏਨੀ ਰਫਤਾਰ ਨਾਲ ਪੈਦਾ ਨਹੀਂ ਹੋ ਰਹੀਆਂ। ਸਿਟੇ ਵਜੋਂ ਬੇਰੁਜ਼ਗਾਰੀ ਵੱਧਦੀ ਹੈ। ਇਥੇ ਅਜੇਹੀ ਨੁਮਾਇੰਦਾ-ਜਮਹੂਰੀਅਤ ਦਾ ਸਿਸਟਮ ਹੈ ਜੋ ੧੯ਵੀਂ ਸਦੀ ਦੀਆਂ ਸਾਮਰਾਜੀ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸੌ ਸਾਲ ਪਹਿਲਾਂ ਸਥਾਪਤ ਕੀਤਾ ਗਿਆ ਸੀ। ਇਸ ਸਿਆਸੀ ਸਿਸਟਮ ਦੀ ਸਮੱਸਿਆ ਵੀ ਆਰਥਕ ਸਿਸਟਮ ਨਾਲ ਹੀ ਮਿਲਦੀ-ਜੁਲਦੀ ਹੈ। ਇਸ ਵਿਚ ਕਈ ਬੁਨਿਆਦੀ ਨੁਕਸ ਹਨ ਤੇ ਇਤਹਾਸਕ ਗਲਤੀਆਂ ਨਾਲ ਇਹ ਭਰਿਆ ਪਿਆ ਹੈ। ਇਸ ਦੇ ਸਿਆਸੀ ਅਦਾਰਿਆਂ ਵਿਚ ਜਿੰਨੇ ਜ਼ਿਆਦਾ ਸੁਧਾਰ ਕੀਤੇ ਜਾਂਦੇ ਹਨ, ਲੋਕਾਂ ਤੋ ਸਿਆਸੀ ਸ਼ਕਤੀ ਉਨਾਂ ਹੀ ਜ਼ਿਆਦਾ ਦੂਰ ਹੋਈ ਜਾਂਦੀ ਹੈ।

ਸਿਆਸੀ ਤੇ ਆਰਥਕ ਸੰਕਟ ਦੇ ਇਲਾਵਾ ਕਨੇਡਾ ਵਿਚ ਕਲਚਰ ਅਤੇ ਪਹਿਚਾਣ ਦਾ ਵੱਡਾ ਸੰਕਟ ਵੀ ਮੌਜੂਦ ਹੈ। ਇਸ ਹਕੀਕਤ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ੧੯ਵੀਂ ਸਦੀ ਦੇ ਬੰਦੋਬਸਤਾਂ ਅਤੇ ਕਦਰਾਂ-ਕੀਮਤਾਂ ਦਾ ਭਾਰ ਚੁੱਕੀ ੨੧ਵੀਂ ਸਦੀ ਦੇ ਦਰ ਤੇ ਖੜੇ ਮੌਜੂਦਾ ਕਨੇਡੀਅਨ ਸਮਾਜ ਵਿਚ ਇਹ ਕਾਬਲੀਅਤ ਨਹੀਂ ਕਿ ਇਹ ੨੧ਵੀਂ ਸਦੀ ਦੇ ਮਸਲੇ ਹੱਲ ਕਰ ਸਕੇਗਾ। ਇਸ ਨਿਜ਼ਾਮ ਨੂੰ ਚਲਾਉਣ ਵਾਲੀਆਂ ਸਰਕਾਰਾਂ ਸਾਰੇ ਲੋਕਾਂ ਦੀਆਂ ਹਸਰਤਾਂ ਨੂੰ ਪੂਰਾ ਨਹੀਂ ਕਰ ਸਕਦੀਆਂ। ਲੋਕ ਮੰਗ ਕਰ ਰਹੇ ਹਨ ਕਿ ਮੁਲਕ ਦਾ ਜਮਹੂਰੀ ਕਾਇਆ-ਕਲੱਪ ਹੋਵੇ ਜੋ ਸਰਬ-ਉਚ ਸ਼ਕਤੀ ਲੋਕਾਂ ਹੱਥ ਦੇਵੇ ਅਤੇ ਸਾਰੇ ਸ਼ਹਿਰੀਆਂ ਕੋਲ ਇਕੋ ਜਿਹੇ ਹੱਕ ਅਤੇ ਫ਼ਰਜ਼ ਹੋਣ। ਪਰ ਹਾਕਮ ਦਾਇਰੇ ਮੰਨਣ ਲਈ ਤਿਆਰ ਨਹੀਂ ਕਿ ਇਕ ਅਜੇਹੇ ਆਧੁਨਿਕ ਸੰਵਿਧਾਨ ਦੀ ਜ਼ਰੂਰਤ ਹੈ ਜੋ ਕਿਉਬੈਕ ਦੇ ਸਵੈ-ਨਿਰਣੇ ਦੇ ਹੱਕ ਨੂੰ ਤਸਲੀਮ ਕਰੇ ਅਤੇ ਕਨੇਡਾ ਦੇ ਨਾਲ ਰਹਿਣ ਜਾਂ ਵੱਖ ਹੋਣ ਦਾ ਹੱਕ ਕਿਉਬੈਕ ਦੇ ਲੋਕਾਂ ਨੂੰ ਦੇਵੇ। ਇਸ ਦੇ ਨਾਲ ਹੀ ਆਬਰੀਜਨਲ ਲੋਕਾਂ ਦੇ ਵਿਰਾਸਤੀ ਹੱਕ, ਸਾਰੀਆਂ ਕੌਮੀ ਘੱਟ-ਗਿਣਤੀਆਂ ਦੇ ਹੱਕ ਵੀ ਤਸਲੀਮ ਕਰਨੇ ਪੈਣਗੇ, ਫਿਰ ਜੇ ਲੋਕ ਚਾਹੁਣ ਤਾਂ ਸਾਰਿਆਂ ਦੀ ਆਜ਼ਾਦੀ ਅਤੇ ਸਮਾਨਤਾ ਦੀ ਬੁਨਿਆਦ ਉਤੇ ਇਕ ਨਵਾਂ ਸੰਘ ਕਾਇਮ ਹੋਵੇ। ਪਰ ਫੈਡਰਲ ਲਿਬਰਲ ਪਾਰਟੀ ਅਤੇ ਬੁਰਜੁਆਜ਼ੀ ਦੀਆਂ ਹੋਰ ਸਿਆਸੀ ਪਾਰਟੀਆਂ ਆਪਣੇ ਹੀ ਬੁਣੇ ਹੋਏ ਸੁਆਰਥੀ-ਪ੍ਰਚਾਰ ਦੇ ਜਾਲ ਵਿਚ ਫਸੀਆਂ ਹੋਈਆਂ ਹਨ ਜੋ ਕਨੇਡਾ ਨੂੰ ਸੰਸਾਰ ਦਾ "ਸੱਭ ਤੋਂ ਵਧੀਆ ਮੁਲਕ" ਬਿਆਨਦਾ ਹੋਇਆ ਕਨੇਡੀਅਨ-ਏਕਤਾ ਦੀ ਰੱਟ ਲਾਉਂਦਾ ਹੈ। ਇਹ ਸੁਆਰਥੀ-ਪ੍ਰਚਾਰ ਉਨ੍ਹਾਂ ਦੀਆਂ ਅੱਖ ਉਤੇ ਪੱਟੀ ਬੰਨ੍ਹਦਾ ਹੈ। ਤੇ ਉਨ੍ਹਾਂ ਨੂੰ ਦਿਸਦਾ ਨਹੀਂ ਕਿ ਬੇਇਤਫ਼ਾਕੀ ਅਤੇ ਪਛਾਣ ਦੀ ਸਮੱਸਿਆ ਇਸ ਕਰਕੇ ਹੈ ਕਿ ਮੁਲਕ ਵਿਚ ਆਧੁਨਿਕ ਸੰਵਿਧਾਨ ਹੈ ਨਹੀਂ, ਨਾਗਰਿਕਤਾ ਦਾ ਬੁਨਿਆਦੀ ਕਾਨੂੰਨ ਹੈ ਨਹੀਂ ਜੋ ਇਹ ਦੱਸੇ ਤੇ ਗਰੰਟੀ ਕਰੇ ਪਈ ਸਾਰੇ ਸ਼ਹਿਰੀਆਂ ਅਤੇ ਵਸਨੀਕਾਂ ਦੇ ਫ਼ਰਜ਼ ਅਤੇ ਹੱਕ ਬਰਾਬਰ ਦੇ ਹਨ ਅਤੇ ਸਾਰੇ ਸ਼ਹਿਰੀਆਂ ਨੂੰ ਚੁਣਨ ਅਤੇ ਚੁਣੇ ਜਾਣ ਦਾ ਹੱਕ ਹੈ, ਜਿਸ ਦਾ ਜ਼ਾਮਨ ਕਾਨੂੰਨ ਹੈ।

ਬੁਰਜੁਆਜ਼ੀ ਦੀਆਂ ਸਿਆਸੀ ਪਾਰਟੀਆਂ ਨੇ ਇਸ ਤਰ੍ਹਾਂ ਦਾ ਮਾਹੌਲ ਬਣਾ ਦਿਤਾ ਹੈ ਜੋ ਸਮਾਜ ਦੇ ਜਮਹੂਰੀ ਕਾਇਆ-ਕਲੱਪ ਦੇ ਰਾਹ ਵਿਚ ਮੁਕੰਮਲ ਅੜਿਕਾ ਪਾਉਂਦਾ ਹੈ। ਖੜੋਤ ਅਤੇ ਰੋਕ ਦਾ ਇਹ ਮਾਹੌਲ - ਜਿਥੇ ਬੁਨਿਆਦੀ ਮਸਲਿਆਂ ਨੂੰ ਕਦੇ ਵੀ ਹੱਲ ਨਹੀਂ ਕੀਤਾ ਗਿਆ- ਇਸ ਕਰਕੇ ਹੈ ਕਿ ਵਿਤੀ-ਜਰਵਾਣੇ ਤੇ ਧਨਾਡ ਇਸ ਸਮਾਜ ਨੂੰ ਪੂੰਜੀਵਾਦੀ ਸਿਸਟਮ ਦੀ ਮੌਜੂਦਾ ਦਸ਼ਾ ਤੋਂ ਇਕ ਇੰਚ ਵੀ ਇਧਰ ਉਧਰ ਕਰਨ ਤੋਂ ਇਨਕਾਰੀ ਹਨ। ਇਸ ਕਰਕੇ ਹਰ ਪਾਸੇ ਪੱਟ-ਥੱਲ ਹੋ ਰਹੀ ਹੈ ਤੇ ਗੜਬੜ ਦਾ ਰਾਜ ਹੈ। ਇਥੋਂ ਤੱਕ ਕਿ ਸਮਾਜੀ, ਸਭਿਆਚਾਰਕ ਤੇ ਰੂਹਾਨੀ ਪੱਖੋਂ ਵੀ ਨਿਘਾਰ ਹੀ ਨਿਘਾਰ ਹੈ, ਕਰਜ਼ਿਆਂ ਅਤੇ ਖ਼ਸਾਰੇ ਦੇ ਖ਼ਰਚੇ ਦਾ ਕੋਈ ਅੰਤ ਨਹੀਂ। ਸਾਰਾ ਜ਼ੋਰ ਲੱਗਾ ਹੋਇਆ ਹੈ ਕਿ ਪਿਛੇ ਵੱਲ ਦੌੜੋ ਕਾਲੇ-ਵਕਤਾਂ ਵੱਲ, ਉਸ ਦੂਰ-ਪਿਛੇ ਰਹਿ ਗਏ ਸਮੇਂ ਵੱਲ ਜਿਥੇ ਸਮਾਜ ਦੀ ਆਪਣੇ ਮੈਂਬਰਾਂ ਪ੍ਰਤੀ ਕੋਈ ਜ਼ੁਮੇਵਾਰੀ ਨਹੀਂ ਸੀ ਹੁੰਦੀ

ਤੇ ਆਬਾਦੀ ਦੇ ਇਕ ਤਕੜੇ ਹਿਸੇ ਨੂੰ ਕਾਨੂੰਨੀ ਤੌਰ ਤੇ "ਅਣਹੋਏ" ਕਰਾਰ ਦੇ ਦਿਤਾ ਜਾਂਦਾ ਸੀ।

ਹੋਰ "ਪੱਛਮੀ ਮੁਲਕਾਂ" ਵਾਂਗ ਕਨੇਡਾ ਦੀ ਵੀ ਇਹੋ ਖੂਬੀ ਹੈ ਕਿ ਇਥੇ ਦਾ ਸਟੇਟ ਅਜਾਰੇਦਾਰੀ ਆਰਥਕ ਸਿਸਟਮ ਵੀ ਲੋਕਾਂ ਦੇ ਮੁਫਾਦ ਪੂਰੇ ਕਰਨ ਵੱਲ ਸੇਧਿਤ ਨਹੀਂ। ਇਕ ਪਾਸੇ ਲੁਟੇਰੇ ਹਨ ਤੇ ਦੂਜੇ ਪਾਸੇ ਲੁਟ ਦਾ ਸ਼ਿਕਾਰ ਲੋਕ ਹਨ। ਇਕ ਪਾਸੇ ਅਮੀਰ ਹਨ ਤੇ ਦੂਜੇ ਪਾਸੇ ਗ਼ਰੀਬ ਲੋਕ ਹਨ। ਇਨ੍ਹਾਂ ਸਾਰਿਆਂ ਮੁਲਕਾਂ ਦੀ ਇਕ ਹੋਰ ਸਾਂਝੀ ਸਿਫ਼ਤ ਇਹ ਹੈ ਕਿ ਵਸੋਂ ਦਾ ਇਕ ਬਹੁਤ ਮਾਮੂਲੀ ਜਿਹਾ ਹਿਸਾ ਹੀ ਸਿਆਸੀ ਪਾਰਟੀਆਂ ਦਾ ਮੈਂਬਰ ਹੈ ਤੇ ਰਾਜ-ਵਿਵਸਥਾ ਦੇ ਮਾਮਲਿਆਂ ਵਿਚ ਮਾੜੀ ਮੋਟੀ ਸ਼ਿਰਕਤ ਕਰਦਾ ਹੈ, ਪਰ ਹੋਣਾਂ ਇਹ ਚਾਹੀਦਾ ਹੈ ਸੌ ਫ਼ੀ ਸਦੀ ਲੋਕ ਰਾਜ-ਵਿਵਸਥਾ ਦੇ ਮਾਮਲਿਆਂ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਣ। ਕਨੇਡਾ ਵਿਚ ਤਕਰੀਬਨ ੨% ਲੋਕ ਸਿਆਸੀ ਪਾਰਟੀਆਂ ਨਾਲ ਸਬੰਧਤ ਹਨ। ਇਸਦਾ ਅਰਥ ਇਹ ਹੈ ਕਿ ੯੮% ਲੋਕਾਂ ਨੂੰ ਤਾਂ ਰਾਜ-ਕਾਜ ਦੇ ਕੰਮਾਂ ਦੇ ਨੇੜੇ ਵੀ ਨਹੀਂ ਫਟਕਣ ਦਿਤਾ ਜਾਂਦਾ। ਉਹ ਸਿਰਫ਼ ਅਜੇਹੀਆਂ ਸਿਆਸੀ ਪਾਰਟੀਆਂ ਨੂੰ ਵੋਟਾਂ ਪਾਉਣ ਜੋਗੇ ਹੀ ਰਹਿ ਜਾਂਦੇ ਹਨ ਜੋ ਉਨ੍ਹਾਂ ਦੇ ਹਿਤਾਂ ਦੀ ਜ਼ਰਾ ਵੀ ਨੁਮਾਇੰਦਗੀ ਨਹੀਂ ਕਰਦੀਆਂ।

ਅਜਾਰੇਦਾਰਾ ਪੂੰਜੀਵਾਦ ਜਿਉਂ ਜਿਉਂ "ਸੰਸਾਰ-ਮੰਡੀ" ਨੂੰ ਆਪਣੇ ਕਬਜ਼ੇ ਹੇਠ ਲਿਆਉਣ ਲਈ ਲੜਦਾ ਅਤੇ "ਨਵੇਂ-ਸੰਸਾਰ ਨਿਜ਼ਾਮ" ਦੇ ਝੰਡੇ ਹੇਠ ਸੰਸਾਰ ਦੇ ਮੁਲਕਾਂ ਨੂੰ ਆਪਣੇ ਅਸਰ ਹੇਠ ਲਿਆਉਣ ਲਈ ਜੂਝਦਾ ਹੈ, ਇਹ ਆਮ ਲੋਕਾਂ ਨੂੰ ਵੀ ਇਸ ਲੜਾਈ ਵਿਚ ਘੜੀਸਦਾ ਹੈ। ਆਪਣੇ ਬਦੇਸ਼ੀ ਰਕੀਬਾਂ ਨਾਲ ਲੜਨ ਲਈ ਇਹ ਨੌਜੁਆਨਾਂ ਨੂੰ ਜੰਗ ਦੀ ਭੱਠੀ ਵਿਚ ਝੋਕਦਾ ਹੈ। ਤਕੜਿਆਂ ਦਾ ਮਾੜਿਆਂ ਉਤੇ ਜ਼ੋਰ ਅਤੇ ਸਾਮਰਾਜ ਦਾ ਲੋਕਾਂ ਉਤੇ ਮੁਕੰਮਲ ਗ਼ਲਬਾ, ਇਸ ਵੇਲੇ ਦੀ ਸੰਸਾਰ ਸਥਿਤੀ ਦਾ ਦਸਤੂਰ ਹੈ। ਵਿਤੀ-ਜਰਵਾਣਿਆਂ ਦਾ ਨਾਅਰਾ ਕਿ ਭਾਵੇਂ ਜੋ ਮਰਜ਼ੀ ਹੋ ਜਾਏ, ਪੂੰਜੀਵਾਦੀ ਮੁਨਾਫੇ ਨਹੀਂ ਘਟਣੇ ਚਾਹੀਦੇ, ਇਸ ਸਥਿਤੀ ਨੂੰ ਹੋਰ ਵੀ ਖ਼ਰਾਬ ਕਰ ਰਿਹਾ ਹੈ।

ਜੇ ਸਾਰੇ ਆਰਥਕ ਨੁਕਸਾਂ ਨੂੰ ਪੂਰੀ ਤਰ੍ਹਾਂ ਸਮਝ ਲਈਏ ਕਿ ਨੌਕਰੀ-ਰਹਿਤ ਰੀਕਵਰੀ, ਬੇਰੁਜ਼ਗਾਰੀ, ਗ਼ਰੀਬੀ ਅਤੇ ਕੰਮ ਖੁਸ ਜਾਣ ਦੀ ਚਿੰਤਾ ਬਹੁਤ ਗੰਭੀਰ ਮਸਲੇ ਬਣ ਗਏ ਹਨ, ਅਤੇ ਕੋਈ ਵੀ ਸਰਕਾਰ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਸੰਜੀਦਾ ਨਹੀਂ, ਤੱਦ ਇਹ ਗੱਲ ਨਿਖਰ ਜਾਂਦੀ ਹੈ ਕਿ ਆਰਥਕ ਤੇ ਸਿਆਸੀ ਪੱਖੋਂ "ਪੌੜੀ ਦੇ ਉਤੇ" ਤੇ ਬੈਠੇ ਹੋਇਆਂ (ਵੱਡੇ-ਵੇਡੇ ਬਿਜ਼ਨਸਾਂ, ਵੱਡੇ-ਵੱਡੇ ਲੇਬਰ ਆਗੂਆਂ, ਅਤੇ ਸਾਰੇ ਹਾਕਮਾਂ ਦੀ ਰਾਜ-ਤਿਕੜੀ) ਦਾ ਰੋਲ ਆਪਣੇ ਹਿਤਾਂ ਦੀ ਰਖਵਾਲੀ ਕਰਨਾਂ ਹੈ ਤੇ ਇਹ ਯਕੀਨੀ ਬਣਾਉਣਾਂ ਹੈ ਕਿ "ਪੌੜੀ ਦੇ ਥੱਲੇ" ਬੈਠੇ ਬਹੁ-ਗਿਣਤੀ ਲੋਕ ਥੱਲੇ ਹੀ ਰਹਿਣ।

ਇਸ ਦੇ ਇਲਾਵਾ ਬੁਰਜੁਆਜ਼ੀ ਦਾ ਰਾਜ ਐਸਾ ਰਾਜ ਹੈ ਜਿਸ ਵਿਚ "ਕੈਬਨਿਟ ਰੂਲ" ਰਾਹੀਂ ਫਰਮਾਨ ਜਾਰੀ ਕਰਕੇ ਰਾਜ ਚਲਾਉਂਦੇ ਹਨ, ਅਤੇ ਵਿਚਾਰਾਂ ਦੇ ਮੱਤਭੇਦਾਂ ਨੂੰ "ਅਮਨ-ਕਾਨੂੰਨ" ਦੇ ਮਸਲੇ ਬਣਾਉਂਦੇ ਹਨ। ਕਾਨੂੰਨ ਅਤੇ ਕਾਨੂੰਨਬਾਜ਼ੀ ਖੁਦ ਇਕ ਐਸਾ ਔਜ਼ਾਰ ਬਣਾ ਲਏ ਗਏ ਹਨ ਜਿਨ੍ਹਾਂ ਦਾ ਮੰਤਵ ਮੌਜੂਦਾ ਸਥਿਤੀ ਨੂੰ ਕਾਇਮ ਰੱਖਣਾਂ ਹੈ। ਇਹ ਗੱਲ ਇਥੋਂ ਵੀ ਦਿਸਦੀ ਹੈ ਕਿ ਸਟੇਟ ਅਤੇ ਇਸ ਨੂੰ ਚਲਾਉਣ ਲਈ ਚੁਣੇ ਗਏ ਹੁਕਮਰਾਨਾਂ ਅਤੇ ਸਰਕਾਰਾਂ ਨੂੰ ਆਪਣੇ ਕੰਟਰੋਲ ਵਿਚ ਕਰਨ ਲਈ ਇਹ ਅਜਾਰੇਦਾਰ ਵਿਤੀ ਜਰਵਾਣੇ ਆਪਸ ਵਿਚ ਕੁਤਿਆਂ ਵਾਂਗ ਲੜਦੇ ਹਨ।

ਅਜਾਰੇਦਾਰਾਂ ਨੇ ਆਪਣੀ ਸਟੇਟ ਦੇ ਸਪੁਰਦ ਇਕ ਅਹਿਮ ਰੋਲ ਇਹ ਕੀਤਾ ਹੈ ਕਿ ਲੋਕਾਂ ਸਿਰ ਭਾਰ ਪਾ ਕੇ ਹਰ ਤਰ੍ਹਾਂ ਦਾ ਜੋਖਮ ਸਟੇਟ ਉਠਾਵੇ ਤੇ ਗੱਫੇ ਅਜਾਰੇਦਾਰਾਂ ਦੇ ਲੱਗਣ। ਦੂਸਰੀ ਸੰਸਾਰ ਜੰਗ ਤੋਂ ਪਹਿਲਾਂ ਅਤੇ ਬਾਅਦ ਵਿਚ ਦੇ ਸਨਅਤੀਕਰਣ ਦੇ ਦੌਰ ਵਿਚ, ਅਤੇ ਸੱਠਵਿਆਂ ਤੇ ਸੱਤਰਵਿਆਂ ਦੇ ਮੈਗਾ-ਪ੍ਰੋਜੈਕਟਾਂ ਰਾਹੀਂ, ਹਾਕਮ ਦਾਇਰਿਆਂ ਨੇ ਮੱਧਕਾਲੀਨਵਾਦੀ ਵੇਲਿਆਂ ਵਾਂਗ ਹੀ ਸਾਰੇ ਮਾਨੁੱਖੀ ਤੇ ਪਦਾਰਥਕ ਸਾਧਨ ਆਪਣੇ ਕਾਬੂ ਹੇਠ ਕਰ ਲਏ ਹਨ। ਅਤੇ ਹੁਣ ਕਨੇਡੀਅਨ ਬੁਰਜੁਆਜ਼ੀ ਨੇ ਵੀ ਆਪਣਾਂ ਕੱਟਾ "ਸੰਸਾਰ-ਮੰਡੀ" ਦੇ ਗੱਡੇ ਨਾਲ ਹੀ ਬੰਨ੍ਹ ਲਿਆ ਹੈ। ਵਿਤੀ-ਜਰਵਾਣਿਆਂ ਤੇ ਵੱਡੇ-ਵੱਡੇ ਧਨਾਢਾਂ ਦੀਆਂ ਸਕੀਮਾਂ ਹਨ ਕਿ ਵੱਧੋ ਵੱਧ ਪੂੰਜੀਵਾਦੀ ਮੁਨਾਫ਼ੇ ਬਣਾਉਣ ਲਈ ਬਾਹਰਲੇ ਮੁਲਕਾਂ ਵਿਚ ਪੂੰਜੀ-ਨਿਵੇਸ਼ ਕਰਨ ਲਈ ਕੋਈ ਵੀ ਰੁਕਾਵਟ ਨਾਂ ਰਹੇ ਅਤੇ ਨਾਂ ਹੀ ਬਾਹਰਲੀ ਪੂੰਜੀ ਨਾਲ ਰਲਕੇ ਕਨੇਡਾ ਦੇ ਕੁਦਰਤੀ ਤੇ ਇਨਸਾਨੀ ਵਸੀਲਿਆਂ ਦੀ ਲੁੱਟ ਕਰਨ ਲਈ ਸੰਸਾਰ-ਪੂੰਜੀਨਿਵੇਸ਼ ਵਾਸਤੇ ਦਰ ਖੋਹਲਣ ਵਿਚ ਕੋਈ ਹੋਰ ਰੋਕ-ਟੋਕ ਹੋਵੇ।

ਇਹ ਜਾਇਜ਼ ਸਵਾਲ ਕੌਣ ਨਹੀਂ ਉਠਾਵੇਗਾ ਕਿ ਇਸ ਸਾਰੀ ਗੱਲਬਾਤ ਕਿਧਰ ਲਿਜਾਏਗੀ? ਸਾਮਰਾਜੀ ਜ਼ੰਜੀਰ ਦੀ ਕੋਈ ਨਾਂ ਕੋਈ ਕੜੀ ਤਾਂ ਲਾਜ਼ਮੀ ਟੁੱਟਣੀ ਹੈ। ਕਿਤੇ ਨਾਂ ਕਿਤੇ ਲੋਕ ਲਾਜ਼ਮੀ ਤੌਰ ਤੇ ਸਮਾਜਵਾਦੀ ਇਨਕਲਾਬ ਦੇ ਰਾਹ ਪੈਣਗੇ ਜੋ, ਇਕ ਬਾਹਰੀ-ਤੱਤ ਅਤੇ ਅਸਰ-ਅੰਦਾਜ਼ ਸਥਿਤੀ ਦੇ ਤੌਰ ਤੇ, ਕਨੇਡਾ ਵਿਚ ਵੀ ਇਕ ਅਤੀ ਗੰਭੀਰ ਸੰਕਟ ਪੈਦਾ ਕਰੇਗਾ। ਇਕ ਸਮਾਜਵਾਦੀ ਇਨਕਲਾਬ ਰਾਹੀਂ ਸੰਸਾਰ ਦੇ ਲੋਕਾਂ ਅਤੇ ਪਦਾਰਥਾਂ ਦੇ ਇਕ ਵੱਡੇ ਹਿਸੇ ਵਿਚੋਂ ਸਾਮਰਾਜੀ ਲੁੱਟ-ਖਸੁੱਟ ਦੀਆਂ ਸੰਭਾਵਨਾਵਾਂ ਮੁੱਕ ਜਾਣ ਨਾਲ ਅਤੇ ਅਜਾਰੇਦਾਰੀਆਂ ਦੇ ਤਿਆਰ ਕੀਤੇ ਹੋਏ ਮਾਲ ਤੇ ਅਜਾਰੇਦਾਰਾ-ਪੂੰਜੀ ਦੀ ਖ਼ਪਤ ਲਈ ਮੰਡੀ ਖ਼ਤਮ ਹੋ ਜਾਣ ਨਾਲ ਅਜਾਰੇਦਾਰਾਂ ਵਾਸਤੇ ਇਕ ਵੱਡੀ ਮੁਸ਼ਕਲ ਬਣੇਗੀ ਤੇ ਸੰਸਾਰ ਦੇ ਬਾਕੀ ਹਿਸਿਆਂ ਵਿਚ ਸਾਮਰਾਜੀ ਲੁੱਟ ਲਈ ਇਨ੍ਹਾਂ ਦਾ ਆਪਸੀ ਮੁਕਾਬਲਾ ਹੋਰ ਵੀ ਤੇਜ਼ ਹੋਵੇਗਾ।

ਸਿਆਸੀ ਤੌਰ ਤੇ, ਇਕ ਇਨਕਲਾਬੀ ਸਟੇਟ ਸੰਸਾਰ ਭਰ ਵਿਚ ਸਾਮਰਾਜੀਆਂ ਦੀਆਂ ਸਕੀਮਾਂ ਦਾ ਪਰਦਾ ਫ਼ਾਸ਼ ਕਰਨ ਵਿਚ ਇਕ ਅਹਿਮ ਭੂਮਿਕਾ ਕਰੇਗੀ ਜਿਸਦਾ ਉਨ੍ਹਾਂ ਸ਼ਕਤੀਆਂ ਨੂੰ ਬੜਾ ਲਾਭ ਹੋਵੇਗਾ ਜੋ ਸਾਮਰਾਜ ਵਿਰੁਧ ਲੜ ਰਹੀਆਂ ਹੋਣਗੀਆਂ ਅਤੇ ਇਸ ਤਰ੍ਹਾਂ ਤਬਦੀਲੀ ਲਈ ਹੱਲਾਸ਼ੇਰੀ ਮਿਲੇਗੀ, ਅਤੇ ਇਕ ਜ਼ਿੰਦਾ-ਮਿਸਾਲ ਲੋਕਾਂ ਦੇ ਸਾਹਮਣੇ ਹੋਵੇਗੀ ਕਿ ਜੇ ਉਹ ਵੀ ਜਮਾਤੀ ਜਦੋਜਹਿਦ ਰਾਹੀਂ ਜਿਤ ਪ੍ਰਾਪਤ ਕਰਨ ਦੇ ਰਾਹ ਪੈਣ ਤਾਂ ਕੀ ਕੁਝ ਹਾਸਲ ਕਰ ਸਕਦੇ ਹਨ।

ਸਾਮਰਾਜੀ ਜ਼ੰਜੀਰ ਦੀ ਕੋਈ ਕਮਜ਼ੋਰ ਕੜੀ ਟੁੱਟ ਜਾਣ ਦੀ ਸੂਰਤ ਵਿਚ ਕਨੇਡੀਅਨ ਸਟੇਟ ਕੀ ਕਰੇਗੀ? ਕੀ ਇਹ ਸਾਮਰਾਜੀ ਧਾੜਵੀ ਫ਼ੌਜ ਵਿਚ ਸ਼ਾਮਲ ਹੋਵੇਗੀ ਜਿਵੇਂ ਮਹਾਨ ਅਕਤੂਬਰ ਇਨਕਲਾਬ ਵੇਲੇ ਕੀਤਾ ਸੀ ਜਾਂ ਨਵੇਂ ਨਿਜ਼ਾਮ ਨੂੰ ਸਵੀਕਾਰ ਕਰੇਗੀ? ਕੀ ਇਹ ਅਜੇਹੇ ਨਵੇਂ ਨਿਜ਼ਾਮ ਨਾਲ ਸ਼ਾਂਤੀ-ਪੂਰਵਕ ਰਹਿਣ ਦਾ ਫ਼ੈਸਲਾ ਕਰੇਗੀ? ਸਮਾਜਵਾਦੀ ਸੋਵੀਅਤ ਯੂਨੀਅਨ ਵੇਲੇ ਤਾਂ ਇਸ ਇੰਜ ਨਹੀਂ ਸੀ ਕੀਤਾ ਅਤੇ ਅੱਜ ਵੀ ਇੰਜ ਕਰਨ ਤੋਂ ਇਨਕਾਰੀ ਹੈ ਤੇ ਉਨ੍ਹਾਂ ਮੁਲਕਾਂ ਨਾਲ ਅਮਨਪੂਰਣ ਰਹਿਣ ਦਾ ਅਸੂਲ ਨਹੀਂ ਮੰਨਦੀ ਜੋ ਇਕ ਅਲਿਹਦਾ ਸਿਸਟਮ ਤੇ ਚਲਦੇ ਹਨ। ਇਹ ਕੀ ਰੁਖ ਅਖਤਿਆਰ ਕਰੇਗੀ? ਕੀ ਇਹ ਕਨੇਡੀਅਨਾਂ ਨੂੰ ਧਾੜਵੀ ਰਸਤੇ ਤੇ ਹੀ ਲਈ ਜਾਵੇਗੀ ਜਿਵੇਂ ਪਰਸ਼ੀਅਨ ਗਲਫ, ਸੋਮਾਲੀਆ, ਹੇਅਤੀ, ਬੋਸਨੀਆਂ ਅਤੇ ਹੋਰ ਥਾਵੀਂ ਕੀਤਾ? ਕੀ ਇਹ ਕਨੇਡਾ ਦੀਆਂ ਫੌਜਾਂ ਨੂੰ ਯੂ.ਐਸ. ਸਾਮਰਾਜੀਆਂ ਦੇ ਹੱਥੀਂ ਦੇਈ ਰੱਖੇਗੀ ਨਾਟੋ ਤੇ ਨਾਰਥ ਐਟਲਾਂਟਿਕ ਡੀਫੈਂਸ ਸਮਝੌਤੇ ਅਧੀਨ?

ਇਹ ਕਹਿਣ ਵਿਚ ਕੋਈ ਖਰਾਬੀ ਨਹੀਂ ਕਿ ਪੂੰਜੀਵਾਦੀ ਜਮਾਤ ਕਦੇ ਵੀ ਇਕ ਸੁਤੰਤਰ ਰਸਤੇ ਤੇ ਨਹੀਂ ਚੱਲੇਗੀ। ਪ੍ਰੰਤੂ, ਇਸਦਾ ਅਰਥ ਇਹ ਨਹੀਂ ਹੈ ਕਿ ਲੋਕ ਆਪ ਵੀ ਇਸ ਰਾਹ ਨਾਂ ਪੈਣ। ਇਕ ਆਜ਼ਾਦ ਮੁਲਕ ਜਿਸਦੀ ਆਰਥਕਤਾ ਸਵੈ-ਨਿਰਭਰ ਹੋਵੇ, ਆਪਣਾਂ ਰਾਹ ਆਪ ਚੁਣੇਗਾ ਤੇ ਹਰੇਕ ਚੀਜ਼ ਲੋਕਾਂ ਦੇ ਹਿਤਾਂ ਵਿਚ ਕਰੇਗਾ। ਇਕ ਸੰਸਾਰ-ਸੰਕਟ ਉਠ ਪੈਣ ਦੀ ਸੂਰਤ ਵਿਚ ਅਜਿਹੇ ਮੁਲਕ ਦੇ ਲੋਕਾਂ ਕੋਲ ਕੁੱਝ ਹੋਵੇਗਾ ਜਿਸ ਲਈ ਉਹ ਲੜਨਗੇ। ਇਕ ਆਜ਼ਾਦ ਅਤੇ ਸਵੈ-ਨਿਰਭਰ ਆਰਥਕਤਾ ਵਾਲਾ ਮੁਲਕ ਕਾਇਮ ਕਰਨ ਦੀ ਜ਼ਰੂਰਤ ਹੀ ਐਸੀ ਚੀਜ਼ ਹੈ ਜੋ ਮਜ਼ਦੂਰ ਜਮਾਤ ਨੂੰ ਉਤਸ਼ਾਹਤ ਕਰੇਗੀ ਕਿ ਹਾਲਾਤਾਂ ਨੂੰ ਬਦਲਣ, ਸਾਰੇ ਵਸੀਲੇ ਆਪਣੇ ਹੱਥ ਲੈਣ ਅਤੇ ਖੁਦ ਨੂੰ ਇਕ ਕੌਮ ਬਣਾਉਣ ਲਈ ਜਾਗਰੂਕ ਅਤੇ ਸੁਚੇਤ ਹੋ ਕੇ ਲੜਾਈ ਕਰਨੀ ਚਾਹੀਦੀ ਹੈ।

ਪੂੰਜੀਵਾਦੀ ਸਮਾਜ ਦੀਆਂ ਆਪਣੀਆਂ ਵਾਸਤਵਿਕ ਅੰਦਰੂਨੀ-ਵਿਰੋਧਤਾਈਆਂ ਹੀ ਇਸਦੇ ਤੂੰਬੇ ਉੜਾ ਰਹੀਆਂ ਹਨ। ਪੂੰਜੀਵਾਦ ਵੱਡੇ-ਵੱਡੇ ਕਾਰਖਾਨਿਆਂ ਅਤੇ ਪੈਦਾਵਾਰ ਦੇ ਐਸੇ ਵਿਸ਼ਾਲ ਸਿਲਸਿਲੇ ਵਿਚ ਲੋਕਾਂ ਨੂੰ ਇਕ ਥਾਂ ਇਕੱਠੇ ਕਰਦਾ ਹੈ ਜੋ ਸੰਸਾਰ ਭਰ ਵਿਚ ਫ਼ੈਲੇ ਹੋਏ ਹਨ ਅਤੇ ਜਿਨ੍ਹਾਂ ਵਿਚ ਹਜ਼ਾਰਾਂ-ਲੱਖਾਂ ਮਜ਼ਦੂਰ ਕੰਮ ਕਰਦੇ ਹਨ। ਆਧੁਨਿਕ ਅਤੇ ਵੱਡੇ ਪੱਧਰ ਤੇ ਪੈਦਾਵਾਰ ਦਾ ਇਹ ਸਮਾਜਕ ਸਿਲਸਲਾ ਨਿਜੀ-ਮਾਲਕੀ ਹੇਠ ਹੈ। ਨਿਜੀ-ਹੱਥ, ਸਨਅਤੀ ਤੇ ਵਪਾਰਕ ਘਰਾਣੇ ਅਤੇ ਗਰੁੱਪ ਇਸ ਨੂੰ ਕੰਟਰੋਲ ਕਰਦੇ ਹਨ ਤੇ ਆਪਣੇ ਹਿਤ ਅਤੇ ਮੁਨਾਫੇ ਲਈ ਚਲਾਉਂਦੇ ਹਨ। ਸਮਾਜਕ ਤੌਰ ਤੇ ਕੀਤੀ ਗਈ ਪੈਦਾਵਾਰ ਨਿਜੀ ਹੱਥਾਂ ਵਿਚ ਚਲੇ ਜਾਂਦੀ ਹੈ। ਇਹੋ ਚੀਜ਼ ਸਾਰੇ ਝੰਜਟ ਦੀ ਜੜ੍ਹ ਹੈ। ਇਹ ਝਗੜਾ

ਹੱਲ ਤੱਦ ਹੀ ਹੋਣਾਂ ਹੈ ਜੇ ਪੈਦਾਵਾਰ ਦੇ ਸਾਰੇ ਵਸੀਲੇ ਵੀ ਸਾਰੇ ਸਮਾਜ ਦੀ ਮਾਲਕੀ ਹੇਠ ਹੋਣ ਤੇ ਸਮਾਜਕ ਤੌਰ ਤੇ ਕੀਤੀ ਗਈ ਪੈਦਾਵਾਰ ਵੀ ਕੁਝ ਨਿਜੀ ਹੱਥਾਂ ਵਿਚ ਚਲੇ ਜਾਣ ਦੀ ਥਾਂ ਸਾਰੇ ਸਮਾਜ ਦੇ ਹੱਥਾਂ ਵਿਚ ਜਾਵੇ। ਪੂੰਜੀਵਾਦੀ ਅਰਥਚਾਰੇ ਦਾ ਮਕਸਦ ਨਿਜੀ ਲਾਭ ਲਈ ਵੱਧੋ ਵੱਧ ਮੁਨਾਫ਼ੇ ਬਣਾਉਣਾਂ ਹੈ। ਸਮਾਜ ਅਤੇ ਲੋਕਾਂ ਦੀ ਭਲਾਈ ਪੈਦਾਵਾਰ ਨੂੰ ਹੜੱਪ ਜਾਣ ਵਾਲੇ ਪੂੰਜੀਵਾਦੀ-ਮਾਲਕਾਂ ਦੇ ਰਹਿਮੋ-ਕਰਮ ਤੇ ਨਿਰਭਰ ਹੈ। ਅਮੀਰਾਂ ਦੇ ਹੋਰ ਅਮੀਰ ਤੇ ਗਰੀਬਾਂ ਦੇ ਹੋਰ ਗਰੀਬ ਹੋਣ ਦਾ ਰੁਝਾਨ ਪੂੰਜੀਵਾਦ ਦੀ ਬੁਨਿਆਦੀ ਅੰਤਰ-ਵਿਰੋਧਤਾਈ ਵਿਚੋਂ ਹੀ ਪੈਦਾ ਹੁੰਦਾ ਹੈ। ਲੋਕਾਂ ਦੀ ਖ਼ਰੀਦ ਸ਼ਕਤੀ ਘੱਟਣ ਨਾਲ ਨਤੀਜਾ ਇਹ ਨਿਕਲਦਾ ਹੈ ਕਿ ਪੂੰਜੀਵਾਦ ਦੀਆਂ ਪੈਦਾ ਕੀਤੀਆਂ ਹੋਈਆਂ ਵਸਤਾਂ ਨੂੰ ਖਰੀਦਣ ਵਾਲਿਆਂ ਦੀ ਤਾਦਾਦ ਘੱਟਦੀ ਜਾਂਦੀ ਹੈ ਅਤੇ ਵਾਧੂ-ਪੈਦਾਵਾਰ ਦਾ ਸੰਕਟ ਪੂੰਜੀਵਾਦ ਨੂੰ ਘੇਰ ਲੈਂਦਾ ਹੈ। ਨਤੀਜੇ ਦੇ ਤੌਰ ਤੇ ਸਰਮਾਦਾਰਾਂ ਵਿਚ ਆਪਸੀ ਮੁਕਾਬਲਾ ਹੋਰ ਤੇਜ਼ ਹੁੰਦਾ ਹੈ। ਫੇਰ ਸਾਇੰਸੀ ਤੇ ਤਕਨੀਕੀ ਤਬਦੀਲੀਆਂ ਕਰਕੇ ਕਿਰਤ ਦੀ ਲਾਗਤ ਅਤੇ ਮਿਕਦਾਰ ਘਟਾਈ ਜਾਂਦੀ ਹੈ ਅਤੇ ਥੋੜੇ ਮਜ਼ਦੂਰਾਂ ਨੂੰ ਬਹੁਤਾ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਜਿਸਦਾ ਸਿਟਾ ਬੇਰੁਜ਼ਗਾਰੀ ਵਿਚ ਵਾਧਾ ਅਤੇ ਉਜਰਤਾਂ ਵਿਚ ਕਮੀ ਵਿਚ ਨਿਕਲਦਾ ਹੈ ਤੇ ਸਰਮਾਏਦਾਰਾਂ ਦੇ ਮੁਨਾਫ਼ਿਆਂ ਨੂੰ ਵੀ ਸੱਟ ਵੱਜਦੀ ਹੈ। ਇਸ ਤਰ੍ਹਾਂ ਮੁਨਾਫਿਆਂ ਤੇ ਵੱਜੀ ਸੱਟ ਦਾ ਘਾਟਾ ਪੂਰਨ ਲਈ ਅਜਾਰੇਦਾਰ ਰਲਕੇ ਵਸਤਾਂ ਦੀਆਂ ਕੀਮਤਾਂ ਵਧਾਉਂਦੇ ਹਨ, ਪੈਸੇ ਦੀ ਸਪਲਾਈ ਨੂੰ ਹੇਠਾਂ-ਥੱਲੇ ਕਰਦੇ ਹਨ, ਵਿਆਜ ਦੇ ਦਰ ਵਧਾਉਂਦੇ ਘਟਾਉਂਦੇ ਹਨ, ਤੇ ਇਕ ਦੂਜੇ ਦੇ ਹੱਥਾਂ ਵਿਚੋਂ ਮੰਡੀਆਂ ਖੋਹਣ ਦਾ ਯਤਨ ਕਰਦੇ ਹਨ ਜਿਸ ਕਰਕੇ ਅਜਾਰੇਦਾਰਾਂ ਵਿਚ ਬੜੀ ਜੁੱਤੀ ਖੜਕਦੀ ਹੈ ਤੇ ਸੰਸਾਰ ਜੰਗਾਂ ਜਨਮ ਲੈਂਦੀਆਂ ਹਨ। ਪੂੰਜੀਵਾਦੀ ਆਰਥਕਤਾ ਦੇ ਇਹ ਕਾਨੂੰਨ ਕਾਰਲ ਮਾਰਕਸ ਦੀ ਕਿਤਾਬ ਸਰਪਲੱਸ ਵੈਲਯੂ (ਵਾਫਰ ਕਦਰ) ਵਿਚ ਵਰਨਣ ਕੀਤੇ ਗਏ ਹਨ ਅਤੇ ਵੀ.ਆਈ.ਲੈਨਿਨ ਵਲੋਂ ਕੀਤੇ ਗਏ ਸਾਮਰਾਜ ਦੇ ਵਿਸ਼ਲੇਸ਼ਣ ਨਾਲ ਹੋਰ ਵੀ ਪੁਖ਼ਤਾ ਹੋਏ।
ਸਮਾਜ ਦੀ ਚੋਟੀ ਤੇ ਬੈਠੇ ਹੋਏ ਲੋਕ - ਵੱਡੇ ਵੱਡੇ ਬਿਜ਼ਨਸ, ਲੇਬਰ ਕੁਲੀਨ ਵਰਗ ਅਤੇ ਹਕੂਮਤਾਂ- ਪੂੰਜੀਵਾਦੀ ਵਿਕਾਸ ਦੀ ਇਸ ਵਿਨਾਸ਼ਕਾਰੀ ਤੋਂ ਮੁਨਕਰ ਹਨ ਅਤੇ ਆਪਣੀ ਪੂਰੀ ਵਾਹ ਲਾਉਂਦੇ ਹਨ, ਇਕੱਲੇ ਇਕੱਲੇ ਵੀ ਤੇ ਇਕੱਠੇ ਹੋ ਕੇ ਵੀ, ਕਿ ਕੋਈ ਅਜੇਹਾ ਕਦਮ ਨਾਂ ਪੁਟ ਹੋਵੇ ਜੋ ਸਮਾਜ ਦੀ ਤਰੱਕੀ ਵਿਚ ਮੱਦਦਗਾਰ ਹੋਵੇ। ਕਨੇਡੀਅਨ ਸਟੇਟ ਆਪਣੇ "ਕਾਨੂੰਨ ਦੇ ਰਾਜ" ਰਾਹੀਂ ਇਸ ਸਥਿਤੀ ਨੂੰ ਲੋਕਾਂ ਉਤੇ ਮੜ੍ਹਦੀ ਹੈ। ਇਸ ਕਾਨੂੰਨ ਦੇ ਰਾਜ ਨੂੰ ਸੰਵਿਧਾਨਕ ਮਾਨਤਾ ਹਾਸਲ ਹੈ ਅਤੇ ਇਸਨੂੰ ਬਣਾਇਆ ਹੀ ਇਸ ਉਦੇਸ਼ ਨਾਲ ਗਿਆ ਹੈ ਕਿ ਆਰਥਕ ਅਤੇ ਸਿਆਸੀ ਕੁਲੀਨਵਰਗ ਦੇ ਮੁਫ਼ਾਦਾਂ ਨੂੰ ਪੂਰੇ ਕਰੇ। ਕਾਨੂੰਨ ਦਾ ਇਹ ਰਾਜ ਬੁਰਜੁਆ ਅਧਿਕਾਰਾਂ ਦੀ ਕਾਨੂੰਨੀ ਗਰੰਟੀ ਦਿੰਦਾ ਹੈ, ਪੈਦਾਵਾਰ ਦੇ ਸਾਧਨਾਂ ਦੇ ਮਾਲਕਾਂ ਦੇ ਇਸ ਅਧਿਕਾਰ ਦੀ ਗਰੰਟੀ ਦਿੰਦਾ ਹੈ ਕਿ ਮਜ਼ਦੂਰ ਜਮਾਤ ਅਤੇ ਲੋਕਾਂ ਦੀ ਛਿਲ ਲਾਹ ਕੇ ਜਿਵੇਂ ਮਰਜ਼ੀ ਆਪਣੀਆਂ ਤਿਜੋਰੀਆਂ ਭਰਨ, ਕੋਈ ਨਹੀਂ ਰੋਕ ਸਕਦਾ। ਮੌਜੂਦਾ ਕਾਨੂੰਨ ਦਾ ਰਾਜ ਐਸੀਆਂ ਸਿਵਲ ਅਤੇ ਸ਼ਖਸੀ ਅਜ਼ਾਦੀਆਂ ਨੂੰ ਕਾਨੂੰਨੀ ਹਿਫ਼ਾਜ਼ਤ ਦਿੰਦਾ ਹੈ ਜੋ ਸੰਪਤੀ ਦੀ ਨਿਜੀ-ਮਾਲਕੀ ਨੂੰ ਹੱਲਾਸ਼ੇਰੀ ਦਿੰਦੀਆਂ ਹਨ, ਪਰ ਹਰੇਕ ਉਸ ਸ਼ੈਅ ਨੂੰ ਦਬਾਉਂਦਾ ਹੈ ਜੋ ਪੈਦਾਵਾਰ ਦੇ ਸਾਧਨਾਂ ਨੂੰ ਸਮਾਜੀ ਮਲਕੀਅਤ ਬਣਾਉਣ ਦੀ ਗੱਲ ਕਰਦੀ ਹੋਵੇ, ਆਰਥਕਤਾ ਦੀ ਸਮਾਜੀ ਯੋਜਨਬੰਦੀ ਦੀ ਗੱਲ ਕਰਦੀ ਹੋਵੇ ਜਾਂ ਅਜੇਹੇ ਕਦਮ ਚੁਕਣ ਦੀ ਗੱਲ ਕਰਦੀ ਹੋਵੇ ਜੋ ਬੰਦੇ ਹੱਥੋ ਬੰਦੇ ਦੀ ਲੁਟ ਦਾ ਅੰਤ ਕਰਨ ਤੇ ਮਜ਼ਦੂਰ ਜਮਾਤ ਦੀ ਮੁਕਤੀ ਹੋਵੇ ਜੋ ਸਾਰੀ ਇਨਸਾਨੀਅਤ ਨੂੰ ਮੁਕਤ ਕਰੇ। ਇਕ ਹੋਰ ਸੰਸਾਰ-ਜੰਗ ਜਾਂ ਇਨਕਲਾਬ ਫੁਟ ਪੈਣ ਨਾਲ ਜਦ ਇਕ ਵੱਡਾ ਸੰਕਟ ਪੈਦਾ ਹੋ ਗਿਆ ਤਾਂ ਇਹੋ ਜਿਹੇ ਕਨੇਡਾ ਦਾ ਭਵਿਖ ਕੀ ਹੋਵੇਗਾ? ਕਿਹੋ ਜਿਹਾ ਭਵਿਖ ਹੋਵੇਗਾ ਇਹ? ਇਹ ਇਕ ਐਸਾ ਅਹਿਮ ਸਵਾਲ ਹੈ ਜੋ ਇਕ ਫੌਰੀ ਉਤਰ ਮੰਗਦਾ ਹੈ।
ਕਨੇਡਾ ਵਿਚ ਪੂੰਜੀਵਾਦੀ ਸਿਸਟਮ ਦੇ ੧੨੫ ਸਾਲਾਂ ਤੋਂ ਚਲੇ ਆ ਰਹੇ ਰਾਜ ਨੇ, ਆਪਣੀਆਂ ਹੀ ਪੱਖਬਾਜ਼ੀਆਂ ਦੇ ਸ਼ਿਕਾਰਾਂ ਵਿਚਕਾਰ ਅਤੇ ਸਥਿਤੀ ਨੂੰ ਤਬਦੀਲ ਕਰਨ ਦੇ ਚਾਹਵਾਨਾਂ ਵਿਚਕਾਰ, ਇਕ ਡੂੰਘੀ ਲਕੀਰ ਖਿਚ ਦਿਤੀ ਹੈ। ਪਿਛਲੇ ੫੦ ਸਾਲਾਂ ਦੇ ਤਜਰਬੇ ਨੂੰ ਸਮਝਦੇ ਹੋਏ ਸੀ.ਪੀ.ਸੀ.(ਮ-ਲ) ਨੂੰ ਪੂਰਾ ਇਲਮ ਹੈ ਕਿ ਕੋਈ ਵੀ ਐਸਾ ਸਿਆਸੀ ਤੇ ਆਰਥਕ ਮੁਤਬਾਦਲ ਹੋ ਹੀ ਨਹੀਂ ਸਕਦਾ ਜਿਸਦਾ ਸਮਾਜਵਾਦੀ ਅਤੇ ਕਮਿਉਨਿਸਟ ਸੁਸਾਇਟੀ ਪੈਦਾ ਕਰਨ ਨਾਲ ਸਿਧਾ ਤੁਅੱਲਕ ਨਹੀਂ ਅਤੇ ਜੋ ਇਸ ਰਾਹ ਵੱਲ ਨਹੀਂ ਤੋਰਦਾ। ਲਿਬਰਲਿਜ਼ਮ ਅਤੇ ਸੋਸ਼ਲ ਡੈਮੋਕਰੇਸੀ, ਚਾਹੇ ਇਹ ਤਾਕਤ ਵਿਚ ਹੋਵੇ ਜਾਂ ਵਿਰੋਧੀ ਧਿਰ ਵਿਚ ਹੋਵੇ, ਦਾ ਇਕ ਵਿਸ਼ੇਸ਼ ਲੱਛਣ ਹੈ ਕਿ ਇਹ ਖ਼ੁਸ਼ਫ਼ਹਿਮੀਆਂ ਅਤੇ ਭੁਲੇਖੇ ਫ਼ੈਲਾਉਣ ਅਤੇ ਕੱਟੜ-ਰਾਗ ਅਲਾਪਣ ਤੋਂ ਬਾਜ਼ ਨਹੀਂ ਆਉਂਦੀ। ਇਹ ਰੱਟ ਲਾਉਣੋ ਨਹੀਂ ਥੱਕਦੇ ਕਿ ਪੂੰਜੀਵਾਦ ਦੇ ਘੇਰੇ ਵਿਚ ਰਹਿਕੇ ਹੀ ਸੰਕਟ ਦਾ ਹੱਲ ਲੱਭਿਆ ਜਾ ਸਕਦਾ ਹੈ ਤੇ ਸੰਕਟ ਦੀ ਗੰਭੀਰਤਾ ਇਕ ਗੁਜ਼ਰ ਜਾਣ ਵਾਲੀ ਸ਼ੈਅ ਹੈ। ਉਹ ਢੋਂਗ ਰਚਦੇ ਹਨ ਕਿ ਪੂੰਜੀਵਾਦ ਢਾਂਚੇ ਵਿਚ ਹੀ ਗ਼ਰੀਬਾਂ ਨੂੰ ਰਾਹਤ ਦੇਣ ਲਈ ਕਦਮ ਚੁਕੇ ਜਾ ਸਕਦੇ ਹਨ ਤੇ ਆਖਿਰ ਇਹੋ ਸਮਾਜ ਸਾਰਿਆਂ ਨੂੰ ਖ਼ੁਸ਼ਹਾਲ ਕਰ ਦੇਵੇਗਾ। ਕਿਸੇ ਵਿਗਿਆਨਕ ਸਬੂਤ ਦੇ ਬਗੈਰ ਹੀ ਉਹ ਇਹ ਕਹਿਣ ਤੱਕ ਜਾਂਦੇ ਹਨ ਕਿ ਇਹੋ ਸਮਾਜ ਹੌਲੀ ਹੌਲੀ ਸਮਾਜਵਾਦ ਵਿਚ ਤਬਦੀਲ ਹੋ ਜਾਵੇਗਾ ਯਾ ਸਮਾਨਤਾਵਾਦੀ ਸਮਾਜ ਵਿਚ ਬਦਲ ਜਾਵੇਗਾ, ਹਾਲਾਂਕਿ ਹਰੇਕ ਸਬੂਤ ਇਸ ਗੱਲ ਦੇ ਖ਼ਿਲਾਫ ਹੈ। ਉਨ੍ਹਾਂ ਦਾ ਮਕਸਦ ਇਸ ਢਾਂਚੇ ਬਾਰੇ ਖ਼ੁਸ਼ਫ਼ਹਿਮੀਆਂ ਪੈਦਾ ਕਰਨਾਂ ਤੇ ਲੋਕਾਂ ਸਾਹਮਣੇ ਹਰ ਭਾਂਤ ਦੇ ਹੱਲ ਪੇਸ਼ ਕਰਨਾਂ ਹੈ, ਪਰ ਸਮਾਜ ਨੂੰ ਪੂੰਜੀਵਾਦ ਤੋਂ ਸਮਾਜਵਾਦ ਵੱਲ ਤੁਰਨ ਤੋਂ ਰੋਕਣਾਂ ਹੈ। ਮਸਲਿਆਂ ਦੇ ਅਸਲੀ ਹੱਲ ਵੱਲ ਜਾਣ ਤੋਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਉਹ "ਕਾਰਪੋਰੇਟ ਅਜੰਡੇ" ਅਤੇ "ਐਂਟੀ-ਕਾਰਪੋਰੇਟ ਅਜੰਡੇ" ਦੀ ਰੱਟ ਲਾਉਂਦੇ ਹਨ ਜਿਸਦਾ ਕੋਈ ਠੋਸ ਐਕਸ਼ਨ ਪ੍ਰੋਗਰਾਮ ਨਹੀਂ। ਪਰ ਅੱਜ ਦੀਆਂ ਤਿੰਨ ਵੱਡੀਆਂ ਚੁਨੌਤੀਆਂ -ਸਮਾਜ ਵਿਰੋਧੀ ਮੁਹਿੰਮ ਨੂੰ ਹਰਾਉਣ ਤੇ ਸਮਾਜ ਹਿਤੈਸ਼ੀ ਪ੍ਰੋਗਰਾਮ ਨੂੰ ਜਿਤਾਉਣ, ਇਨਕਲਾਬ ਅਤੇ ਸਮਾਜਵਾਦ ਦੇ ਰਣਨੀਤਕ ਨਿਸ਼ਾਨੇ ਅਤੇ ਕਮਿਉਨਿਜ਼ਮ ਦੇ ਅੰਤਮ ਉਦੇਸ਼ ਵੱਲ ਵੱਧਣ- ਦੀ ਗੱਲ ਕਰਨ ਵਾਲੇ ਸਮਾਜ-ਹਿਤੈਸ਼ੀ ਪ੍ਰੋਗਰਾਮ ਨੂੰ ਇਹ ਗਲਤ ਢੰਗ ਨਾਲ ਪੇਸ਼ ਕਰਦੇ ਹੋਏ ਰੱਦ ਕਰਦੇ ਹਨ ਤੇ ਕਹਿੰਦੇ ਹਨ ਕਿ ਇਹ ਇਕ ਨਾਮੁਮਕਿਨ ਗੱਲ ਹੈ।
ਲਿਬਰਲ-ਐਨ.ਡੀ.ਪੀ. ਦੇ ਖ਼ੁਸ਼ਫਹਿਮ ਭਰਮਾਂ ਦੀ ਧੁੰਦ ਮਜ਼ਦੂਰ ਜਮਾਤ ਲਹਿਰ ਵਿਚੋਂ ਚੁਕ ਦੇਣ ਲਈ ਸੀ.ਪੀ.ਸੀ.(ਮ-ਲ) ਅਣਥੱਕ ਕੰਮ ਕਰਦੀ ਹੈ, ਭਰਮ ਜੋ ਦਾਅਵਾ ਕਰਦੇ ਹਨ ਕਿ ਆਧੁਨਿਕ ਕਮਿਉਨਿਜ਼ਮ ਨੂੰ ਪੂਰੀ ਤਰ੍ਹਾਂ ਸਮਝੇ ਬਗੈਰ ਹੀ ਸਮਾਜੀ ਵਿਕਾਸ ਦੇ ਨੇੜਲੇ ਤੇ ਦੂਰਦੇ ਇਮਕਾਨ ਬਣ ਸਕਦੇ ਹਨ। ਦੂਸਰੀ ਸੰਸਾਰ ਜੰਗ ਮਗਰੋਂ ਕਨੇਡੀਅਨ ਹਾਕਮ ਦਾਇਰੇ ਰੱਟ ਲਾਉਂਦੇ ਸਨ ਕਿ ਸੀ.ਸੀ.ਐਫ਼ ਤੇ ਐਨ.ਡੀ.ਪੀ. ਦੇ ਨਮੂਨੇ ਦੀ ਸੋਸ਼ਲ ਵੈਲਫੇਅਰ ਸਟੇਟ ਬੜੀ ਉਤਮ ਸ਼ੈਅ ਹੈ ਯਾ ਪੈਰੀ ਟਰੂਡੋ ਦੀ "ਜਸਟ ਸੁਸਾਇਟੀ" ਬੜੀ ਖ਼ਰੀ ਚੀਜ਼ ਹੈ। ਪੂੰਜੀਵਾਦ ਦੇ ਵਿਕਾਸ ਨੇ ਸੋਸ਼ਲ ਵੈਲਫੇਅਰ ਸਟੇਟ ਦਾ ਵੀ ਨੰਗ-ਪੁਣਾਂ ਜ਼ਾਹਰ ਕਰ ਦਿਤਾ ਹੈ ਕਿਉਂਕਿ ਵਿਤੀ-ਜਰਵਾਣਿਆਂ ਦੀ ਮੰਗ ਅਨੁਸਾਰ ਕਾਗਜ਼ੀ ਨੋਟ ਛਾਪੀ ਜਾਣ ਅਤੇ ਘਾਟੇ ਦੇ ਬੱਜਟਾਂ ਨੇ ਆਰਥਕ ਸੰਕਟ ਦੀ ਬਲਦੀ ਤੇ ਹੋਰ ਤੇਲ ਪਾਇਆ। ਜਿਹੜੇ ਸਰਮਾਏਦਾਰ ਵੈਲਫੇਅਰ ਸਟੇਟ ਬਣਾਉਣ ਦੀ ਮੰਗ ਕਰਦੇ ਸਨ ਤੇ ਜਿਨ੍ਹਾਂ ਇਸ ਰਾਹੀਂ ਡਾਢੇ ਹੱਥ ਰੰਗੇ, ਉਹੋ ਹੁਣ ਦੁਹਾਈ ਪਾਉਂਦੇ ਹਨ ਕਿ ਸਮਾਜ ਦੀ ਹਰ ਬੁਰਾਈ ਦੀ ਜ਼ਿੰਮੇਵਾਰ ਹੀ ਇਹ ਵੈਲਫੇਅਰ ਸਟੇਟ ਹੈ। ਅੱਜ-ਕੱਲ ਨਵਾਂ ਆਫ਼ੀਸ਼ਲ ਰਾਗ ਵੈਲਫੇਅਰ ਸਟੇਟ ਖ਼ਤਮ ਕਰੋ ਦਾ ਬਣ ਗਿਆ ਹੈ ਤੇ ਕਹਿ ਰਹੇ ਹਨ ਕਿ ਟਰੂਡੋ ਵੇਲੇ ਕੀਤੇ ਗਏ ਸਾਰੇ ਖ਼ੁਸ਼ਫਹਿਮ ਲਿਬਰਲ ਵਾਅਦਿਆਂ ਦੀ ਗੱਲ ਖ਼ਤਮ ਕਰਨਾਂ ਹੀ ਮਸਲੇ ਦਾ ਹੱਲ ਹੈ। ਪਰ, ਇਨ੍ਹਾਂ ਦੇ ਬਹੁਤ ਸਾਰੇ ਹਮਸਫ਼ਰ ਹਾਲੇ ਵੀ ਜ਼ਿਦ ਕਰੀ ਜਾਂਦੇ ਹਨ ਕਿ ਸੋਸ਼ਲ ਵੈਲਫੇਅਰ ਸਟੇਟ ਬੜੀ ਹੀ ਚੰਗੀ ਸੀ, ਤੇ ਕਹਿ ਰਹੇ ਹਨ ਕਿ ਇਹ ਇਕ ਅਜੇਹੀ "ਪ੍ਰਾਪਤੀ" ਸੀ ਜਿਸਦੀ ਰਾਖੀ ਕਰਨੀ ਚਾਹੀਦੀ ਹੈ। ਉਹ ਦਾਅਵਾ ਕਰ ਰਹੇ ਹਨ ਕਿ ਅਜੋਕੇ ਸਮਾਜ ਵਿਰੋਧੀ ਹੱਲੇ ਦਾ ਮੁਤਬਾਦਲ ਇਹ ਹੈ ਕਿ ਮੁੜਕੇ ਸੋਸ਼ਲ ਵੈਲਫੇਅਰ ਸਟੇਟ ਦੇ "ਸੁਨਿਹਰੀ ਜ਼ਮਾਨੇ" ਵੱਲ ਪਰਤਿਆ ਜਾਵੇ। ਅਜੇਹੀਆਂ ਗੱਲਾਂ ਤੋਂ ਸ਼ਰਮ ਵੀ ਸ਼ਰਮਾਉਂਦੀ ਹੈ ਪਰ ਇਹ ਜ਼ਰਾ ਨਹੀਂ ਸੰਗਦੇ।
ਖ਼ਰੁਸ਼ਚੋਵ ਦੇ ਜ਼ਮਾਨੇ ਤੋਂ ਸ਼ੁਰੂ ਕਰ ਕੇ ਸਾਬਕਾ ਸੋਵੀਅਤ ਯੂਨੀਅਨ ਅਤੇ ਇਸਦੇ ਹਮਸਫ਼ਰਾਂ ਨੇ ਇਹ ਰਾਗ ਅਲਾਪਣਾਂ ਸ਼ੁਰੂ ਕਰ ਦਿਤਾ ਕਿ ਉਨ੍ਹਾਂ ਦੇ ਨਮੂਨੇ ਦਾ "ਵਿਕਸਤ ਸੋਸ਼ਲਿਜ਼ਮ" ਸਮਾਜੀ ਤਰੱਕੀ ਦੀ ਚੋਟੀ ਤੇ ਪਹੁੰਚ ਗਿਆ ਹੈ ਤੇ ਕਮਿਉਨਿਜ਼ਮ ਦੀ ਮੰਜ਼ਲ ਆਉਣ ਹੀ ਵਾਲੀ ਹੈ। ਇਸ "ਵਿਕਸਤ ਸੋਸ਼ਲਿਜ਼ਮ" ਦੇ ਸਿਸਟਮ ਨੂੰ ਖੜਾ ਰੱਖਣ ਅਤੇ ਹਥਿਆਰਾਂ ਦੀ ਦੌੜ ਉਤੇ ਅੰਤਾ ਦੇ ਖ਼ਰਚੇ ਨੇ ਇਸ ਦੇ ਦੀਵਾਲੀਏਪਨ ਤੋਂ ਪਰਦਾ ਚੁਕ ਦਿਤਾ ਅਤੇ ਇਹ ਰਾਗ ਉਨ੍ਹਾਂ ਵਾਸਤੇ ਕੁਰਬਾਨੀ ਦਾ ਬਕਰਾ ਬਣ ਗਿਆ ਜੋ ੧੯੮੯ ਵਿਚ ਅਤੇ ਇਸਦੇ ਮਗਰੋਂ ਭਗੌੜੇ ਹੋ ਗਏ।

ਕਈ ਅਜਿਹੇ ਵੀ ਹਨ ਜੋ ਸਾਬਕਾ ਸੋਵੀਅਤ ਯੂਨੀਅਨ ਦੇ ਡਿਗ ਪੈਣ ਦੇ ਬਾਵਜੂਦ ਹਾਲੇ ਵੀ "ਵਿਕਸਤ ਸਮਾਜਵਾਦ" ਦਾ ਪੁਰਾਣਾਂ ਰਾਗ ਅਲਾਪੀ ਜਾ ਰਹੇ ਹਨ। ਉਹ ਬੀਤ ਗਏ ਦੇ ਕੀਰਨੇ ਪਾਉਂਦੇ ਹਨ, ਗੁਜ਼ਰ ਗਏ ਸੌਖੇ ਜ਼ਮਾਨੇ ਨੂੰ ਯਾਦ ਕਰਕੇ ਇਉਂ ਰੋਂਦੇ ਹਨ, ਜਿਵੇਂ ਕਿ ਮੌਜੂਦਾ ਤਬਾਹੀ ਦੇ ਬੀਜ ਨਕਲੀ-ਸਮਾਜਵਾਦ ਦੀਆਂ ਸਿਫ਼ਤਾਂ ਕਰਨ ਦੇ ਦੌਰ ਵਿਚ ਹੀ ਨਾਂ ਬੀਜੇ ਗਏ ਹੋਣ। ਕਨੇਡਾ ਵਿਚ ਟਰੂਡੋ ਦੇ ੭੦ਵਿਆਂ ਦੇ ਲਿਬਰਲਇਜ਼ਮ ਨੂੰ ਰੋਣ ਵਾਲਿਆਂ ਵਾਂਗ ਉਹ ਵੀ ਇਹੋ ਰੋਣੇ ਰੋਂਦੇ ਹਨ ਤੇ ਕਹਿੰਦੇ ਹਨ, ਕਾਸ਼ ! ਜੋ ਅੱਜ ਹੋ ਰਿਹਾ ਹੈ ਇਸਦੇ ਮੁਕਾਬਲੇ ਉਹ ਜ਼ਮਾਨਾਂ ਏਨਾਂ ਮਾੜਾ ਤੇ ਨਹੀਂ ਸੀ। ਅਜੇਹੇ ਲੋਕਾਂ ਬਾਰੇ ਸਿਰਫ਼ ਇਹੋ ਕਿਹਾ ਜਾ ਸਕਦਾ ਹੈ ਕਿ ਇਹ ਐਸੇ "ਢੀਠ" ਹਨ ਜੋ ਕੁਝ ਵੀ ਸਿਖਣ ਤੋਂ ਮੁਨਕਰ ਹਨ ਤੇ ਆਪਣੀ ਢੀਠਤਾਈ ਨੂੰ ਛੱਡ ਕੇ ਅੱਗੇ ਤੁਰਨ ਲਈ ਤਿਆਰ ਨਹੀਂ।

ਅੱਜ ਕੱਲ ਕਰੀਸ਼ਚਾਨ ਦੇ ਲਿਬਰਲ ਅਤੇ ਇਨ੍ਹਾਂ ਦੇ ਹਮਸਫ਼ਰ ਉਹੋ ਅਫੀਸ਼ਲ ਰਾਗ ਅਲਾਪੀ ਜਾਂਦੇ ਹਨ ਕਿ "ਖੁਲ੍ਹੀ ਮੰਡੀ ਦੀ ਆਰਥਕਤਾ" ਦਾ "ਗੁਪਤ-ਹੱਥ" ਸਮਾਜ ਵਿਚ ਪੈਦਾਵਾਰ ਅਤੇ ਖੱਪਤ ਨੂੰ ਸਾਵਾਂ ਰੱਖਦਾ ਹੈ। ਇਹ ਜ਼ਿਦ ਬਿਲਕੁਲ ਬੇਹੂਦਾ ਹੈ ਕਿਉਂਕਿ ਵਾਸਤਵਿਕ ਸਚਾਈ ਇਹ ਹੈ ਕਿ ਸਾਰੇ ਪੂੰਜੀਵਾਦੀ ਸਮਾਜ ਪੂਰੀ ਤਰ੍ਹਾਂ ਸੰਕਟ-ਗ੍ਰਸਤ ਹਨ ਤੇ ਇਨ੍ਹਾਂ ਦਾ ਬੁਨਿਆਦੀ ਆਰਥਕ ਸੰਕਟ ਬਹੁਤ ਗੰਭੀਰ ਹੈ। ਇਕ "ਖੁਲ੍ਹੀ ਮੰਡੀ ਦੀ ਆਰਥਕਤਾ" ਤਾਂ ੧੯ਵੀਂ ਸਦੀ ਦੇ ਅੱਧ ਤੋਂ ਮਗਰੋਂ ਦੀ ਹੀ ਕਿਤੇ ਨਹੀਂ ਰਹੀ! ਇਹ ਬੜੀ ਦੇਰ ਦੀ ਅਜਾਰੇਦਾਰਾ ਪੂੰਜੀਵਾਦ ਵਿਚ ਤਬਦੀਲ ਹੋ ਚੁਕੀ ਹੈ। ਅੱਜ ਕੱਲ ਵੱਡੀਆਂ ਵੱਡੀਆਂ ਸੰਸਾਰ ਅਜਾਰੇਦਾਰੀਆਂ ਇਕ ਦੂਸਰੇ ਨਾਲ ਰਲੀ ਜਾ ਰਹੀਆਂ ਹਨ। ਸਮਾਜਿਕ ਅਧਿਆਨੀ ਚੀਕਾਂ ਮਾਰ ਰਹੇ ਹਨ ਕਿ ਹਰ ਚੀਜ਼ ਦੀ ਅਜਾਰੇਦਾਰੀ ਹੋਈ ਜਾ ਰਹੀ ਹੈ। ਪਰ ਸਾਰੀ ਗੱਲ ਦੇ ਬਾਵਜੂਦ ਇਹ "ਫਰੀ ਮਾਰਕਿਟ" ਅਤੇ "ਫਰੀ ਟਰੇਡ" ਦਾ ਰਾਗ ਗਉਣੋਂ ਨਹੀਂ ਹੱਟਦੇ, ਸਾਰੀ ਸਦੀ ਸਾਰੇ ਪਾਸੀਂ ਇਹੋ ਰੱਟ ਲਾਈ ਰੱਖੀ ਹੈ ਤੇ ਹਾਲੇ ਵੀ ਅਕਲ ਤੇ ਸੂਝ ਮਗਰ ਡਾਂਗ ਕੱਢੀ ਫਿਰਦੇ ਹਨ।

ਜਮਾਤਾਂ ਵਿਚ ਵੰਡੇ ਹੋਏ ਸਮਾਜਾਂ ਦੇ ਸਮਾਜੀ-ਵਿਕਾਸ ਦੇ ਹਰ ਮੋੜ ਉਤੇ ਉਹੋ ਜਮਾਤਾਂ ਹੀ ਇਕ ਨਵਾਂ ਸਮਾਜ ਪੈਦਾ ਕਰਕੇ ਜਬਰ ਖਤਮ ਕਰਨ ਦਾ ਬੀੜਾ ਚੁਕਦੀਆਂ ਹਨ ਜੋ ਜਬਰ ਦਾ ਸ਼ਿਕਾਰ ਹੁੰਦੀਆਂ ਹਨ। ਇਸ ਵੇਲੇ ਮਜ਼ਦੂਰ ਜਮਾਤ ਇਕ ਐਸੀ ਜਮਾਤ ਹੈ ਜਿਸਦੀ ਸੱਭ ਤੋਂ ਬਹੁਤੀ ਲੁੱਟ-ਖਸੁੱਟ ਹੁੰਦੀ ਹੈ। ਪਰ ਇਸਦੇ ਅੰਦਰ ਹੀ ਚੰਗਾ ਖਾਂਦੇ ਪੀਂਦੇ ਮਜ਼ਦੂਰਾਂ ਦਾ ਤਬਕਾ ਵੀ ਹੈ, ਜਿਸ ਵਿਚ ਟਰੇਡ ਯੂਨੀਅਨਾਂ ਅਤੇ ਇਨ੍ਹਾਂ ਦੇ ਜੁਗਾੜਾਂ ਵਿਚ ਕੰਮ ਕਰਨ ਵਾਲੇ, ਅਤੇ ਵੱਡੀਆਂ ਤਨਖ਼ਾਹਾਂ ਤੇ ਕੰਮ ਕਰਦੇ ਮਾਹਰ ਮਜ਼ਦੂਰ ਵੀ ਸ਼ਾਮਲ ਹਨ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਲੇਬਰ ਕੁਲੀਨਵਰਗ ਬਣਦਾ ਹੈ ਜੋ ਅਜੋਕੀ ਸਥਿਤੀ ਵਿਚ ਜਬਰ ਦਾ ਸ਼ਿਕਾਰ ਨਹੀਂ ਹੈ। ਇਸਦੇ ਉਲਟ ਇਹ ਪੂੰਜੀਵਾਦ ਦੀ ਪੈਦਾਇਸ਼ ਹਨ ਤੇ ਉਸ ਵਰਗ ਦਾ ਹਿਸਾ ਹਨ ਜਿਸਨੂੰ ਇਸ ਸਮਾਜ ਵਿਚ ਸੱਭ ਕੁਝ ਹਾਸਲ ਹੈ। ਉਨ੍ਹਾਂ ਦੀ ਹੋਂਦ ਹੀ ਇਸ ਚੀਜ਼ ਤੇ ਅਧਾਰਤ ਹੈ ਕਿ ਪੂੰਜੀਵਾਦ ਜਿਉਂਦਾ ਰਹੇ। ਸਿਟੇ ਦੇ ਤੌਰ ਤੇ ਉਹ ਪੂੰਜੀਵਾਦ ਹੇਠ ਕੋਈ ਦਬਾਅ ਮਹਿਸੂਸ ਨਹੀਂ ਕਰਦੇ। ਸਮਾਜ ਦੇ ਅੰਦਰ ਉਨ੍ਹਾਂ ਦੀ ਵਾਸਤਵਿਕ ਸਥਿਤੀ ਉਨ੍ਹਾਂ ਨੂੰ ਮਜਬੂਰ ਕਰਦੀ ਹੈ ਕਿ ਸਮਾਜ ਦੀ ਤਰੱਕੀ ਲਈ ਹਰੇਕ ਕੋਸ਼ਿਸ਼ ਦੇ ਰਾਹ ਵਿਚ ਰੋੜਾ ਅਟਕਾਉਣ ਤੇ ਐਸਾ ਸੰਸਾਰ ਨਾਂ ਬਣਨ ਦੇਣ ਜਿਥੇ ਬੰਦੇ ਹੱਥੋਂ ਬੰਦੇ ਦੀ ਲੁਟ ਲਈ ਕੋਈ ਥਾਂ ਨਾਂ ਹੋਵੇ। ਬੇਸ਼ੱਕ ਉਨ੍ਹਾਂ ਨੂੰ ਮਜ਼ਦੂਰ ਜਮਾਤ ਦੇ ਆਗੂ ਜਾਂ ਨੁਮਾਇੰਦੇ ਕਹਿਕੇ ਸੱਦਿਆ ਜਾਂਦਾ ਹੈ ਪਰ ਇਸ ਕੁਲੀਨਵਰਗ ਅਤੇ ਯੂਨੀਅਨਾਂ ਵਿਚਲੇ ਆਮ ਮਜ਼ਦੂਰ ਮੈਂਬਰਾਂ ਦੇ ਹਿਤਾਂ ਵਿਚ ਜ਼ਰਾ ਵੀ ਸਾਂਝ ਨਹੀਂ। ਤੇ ਉਨ੍ਹਾਂ ਲੱਖਾਂ-ਕ੍ਰੋੜਾਂ ਮਜ਼ਦੂਰਾਂ ਦੀ ਤਾਂ ਗੱਲ ਹੀ ਕੀ ਜੋ ਟਰੇਡ ਯੂਨੀਅਨਾਂ ਦੇ ਮੈਂਬਰ ਵੀ ਨਹੀਂ ਹਨ। ਲੇਬਰ ਕੁਲੀਨਵਰਗ ਪੂੰਜੀਵਾਦੀ-ਜਮਾਤ ਦਾ ਸਮਾਜਕ ਥੰਮ ਹੈ ਅਤੇ ਜਾਬਰਾਂ ਦਾ ਇਕ ਅਹਿਮ ਹਿਸਾ ਹੈ। ਇਹ ਮਜ਼ਦੂਰ ਜਮਾਤ ਦੇ ਸੁਚੇਤ ਹਿਸੇ ਉਤੇ ਅੰਤਾਂ ਦਾ ਦਬਾਅ ਪਾਉਂਦਾ ਹੈ ਕਿ ਪੂੰਜੀਵਾਦੀ ਨਿਜ਼ਾਮ ਦੇ ਅੰਦਰ ਹੀ ਆਪਣੇ ਲਈ ਥਾਂ ਬਣਾਵੋ ਤੇ ਮੌਜਾਂ ਕਰੋ ਤੇ ਇਸ ਨਿਜ਼ਾਮ ਦੀ ਸੇਵਾ ਕਰੋ। ਇਹ ਪਛੜੇ ਹੋਏ ਮਜ਼ਦੂਰਾਂ ਨੂੰ ਇਕ ਪਿਛੇ-ਖਿਚ ਸ਼ਕਤੀ ਵਜੋਂ ਲਾਮਬੰਦ ਕਰਦਾ ਹੈ, ਜੋ ਜਾਂ ਤੇ ਆਪਣੇ ਹਾਲ ਤੋਂ ਸੰਤੁਸ਼ਟ ਹਨ ਤੇ ਜਾਂ ਇਸ ਭਰਮ ਦਾ ਸ਼ਿਕਾਰ ਹਨ ਕਿ ਪੂੰਜੀਵਾਦੀ ਸਿਸਟਮ ਕਿਸੇ ਨਾਂ ਕਿਸੇ ਤਰ੍ਹਾਂ ਆਪਣਾਂ ਸੰਕਟ ਦੂਰ ਕਰ ਲਵੇਗਾ ਤੇ ਇਸ ਨਾਲ ਉਨ੍ਹਾਂ ਦੇ ਮਸਲੇ ਵੀ ਹੱਲ ਹੋ ਜਾਣਗੇ। ਲੇਬਰ ਕੁਲੀਨਵਰਗ ਸਿਆਸਤ ਦੇ ਮਿਆਰ ਨੂੰ ਅਤੀਅੰਤ ਨੀਵਾਂ ਕਰਦਾ ਹੈ। ਸਮਾਜ ਵਿਚ ਇਸਦੀ ਵਾਸਤਵਿਕ ਪੁਜੀਸ਼ਨ ਇਸਨੂੰ ਇਹ ਵੇਖਣ ਤੋਂ ਹੋੜਦੀ ਹੈ ਕਿ ਸਿਆਸਤ ਇਕ ਜਮਾਤੀ ਜਦੋਜਹਿਦ ਹੈ ਜਿਸਦਾ ਪ੍ਰਗਟਾਵਾ ਬੁਨਿਆਦੀ ਤੌਰ ਤੇ ਇਸ ਚੀਜ਼ ਤੋਂ ਹੁੰਦਾ ਹੈ ਕਿ ਮੁਲਕ ਦੀ ਆਰਥਕਤਾ ਵੱਧੋ ਵੱਧ ਪੂੰਜੀਵਾਦੀ ਮੁਨਾਫ਼ੇ ਬਣਾਉਣ ਲਈ ਕਿਵੇਂ ਤਨਜ਼ੀਮਬੱਧ ਕੀਤੀ ਗਈ ਹੈ। ਲੇਬਰ ਕੁਲੀਨਵਰਗ ਦਾ ਵਿਸ਼ਵਾਸ ਹੈ ਕਿ ਹਕੂਮਤ ਸਿਰਫ਼ ਨੀਤੀ-ਉਦੇਸ਼ਾਂ ਦੀ ਹੀ ਗੱਲ ਹੈ- ਚੰਗੀਆਂ ਨੀਤੀਆਂ ਅਤੇ ਮਾੜੀਆਂ ਨੀਤੀਆਂ ਵਿਚ ਲੜਾਈ, ਜਿਵੇਂ "ਕਾਰਪੋਰੇਟ ਅਜੰਡਾ" ਅਤੇ "ਕਾਰਪੋਰੇਟ ਵਿਰੋਧੀ ਅਜੰਡਾ"- ਅਤੇ ਆਰਥਕਤਾ ਨੂੰ ਇਹ ਸਿਰਫ਼ ਬਾਹਰਲੇ ਤੇ ਸਥਾਨਕ ਅਜਾਰੇਦਾਰ ਪੂੰਜੀ-ਨਿਵੇਸ਼ਾਂ ਨੂੰ ਖ਼ੁਸ਼ ਰੱਖਣ ਤੱਕ ਦੀ ਹੀ ਗੱਲ ਸਮਝਦੇ ਹਨ।

ਮਜ਼ਦੂਰ, ਔਰਤਾਂ, ਨੌਜੁਆਨ, ਆਬਰੀਜਨਲ ਲੋਕ, ਛੋਟੇ ਕਿਸਾਨ, ਮਛੇਰੇ ਅਤੇ ਕੌਮੀ-ਘੱਟ ਗਿਣਤੀਆਂ ਐਸ ਵੇਲੇ ਕਨੇਡੀਅਨ ਲੋਕਾਂ ਦੇ ਬਹੁਤ ਜ਼ਿਆਦਾ ਲੁਟੀਂਦੇ ਅਤੇ ਦੱਬਾਏ ਗਏ ਹੋਏ ਹਿਸੇ ਹਨ। ਕਨੇਡੀਅਨ ਲੋਕਾਂ ਦੇ ਇਹ ਸਾਰੇ ਹਿਸੇ ਹਰੇਕ ਥਾਂ ਹੀ ਬਹੁਗਿਣਤੀ ਵਿਚ ਹਨ, ਪਰ ਇਸਦੇ ਬਾਵਜੂਦ ਪੂੰਜੀਵਾਦੀ ਜਮਾਤ ਦਾ ਸਾਰਾ ਜ਼ੋਰ ਲੱਗਾ ਹੋਇਆ ਹੈ ਕਿ ਇਨ੍ਹਾਂ ਨੰ ਖੂੰਜੇ ਹੀ ਲਾਈ ਰੱਖਣ, ਇਨ੍ਹਾਂ ਦੇ ਫ਼ਿਕਰਾਂ ਅਤੇ ਜਦੋਜਹਿਦਾਂ ਨੂੰ ਆਪਣੇ ਹੱਕ ਵਿਚ ਵਰਤਣ ਤੇ ਐਸੇ ਰਾਹ ਪਾਉਣ ਕਿ ਪੂੰਜੀਵਾਦੀਆਂ ਨੂੰ ਕੋਈ ਖ਼ਤਰਾ ਪੇਸ਼ ਨਾਂ ਆਵੇ।

੩੦ਸਾਲਾਂ ਤੋਂ ਉਪਰ ਸਮੇਂ ਤੋਂ ਨੌਜੁਆਨਾਂ, ਔਰਤਾਂ ਅਤੇ ਵਿਦਿਆਰਥੀਆਂ ਨੇ ਸਮਾਜ ਦੀ ਤਰੱਕੀ ਅਤੇ ਭਵਿਖ ਬਾਰੇ ਬੜੇ ਅਹਿਮ ਸੁਆਲ ਉਠਾਏ ਹਨ, ਖ਼ਾਸ ਕਰ ਇਨਕਲਾਬ ਅਤੇ ਸਮਾਜਵਾਦ ਬਾਰੇ। ਇਨਕਲਾਬੀ ਸ਼ਕਤੀਆਂ ਨੂੰ ਸੰਗਠਤ ਕਰਨ ਵਿਚ ਉਹ ਇਕ ਮੁੱਖ ਤੱਤ ਰਹੇ ਹਨ, ਖ਼ਾਸ ਕਰ ਸੀ.ਪੀ.ਸੀ.(ਮ-ਲ) ਨੂੰ ਜਥੇਬੰਦ ਕਰਨ ਵਿਚ। ਉਹ ਮਜ਼ਦੂਰਾਂ, ਔਰਤਾਂ, ਨੌਜੁਆਨਾਂ ਤੇ ਵਿਦਿਆਰਥੀਆਂ, ਅਤੇ ਕੌਮੀ ਘੱਟ ਗਿਣਤੀਆਂ ਨੂੰ ਜਥੇਬੰਦ ਕਰਨ ਵਿਚ ਵੀ ਮੋਹਰੀ ਰਹੇ ਹਨ ਅਤੇ ਇਸ ਵੇਲੇ ਵੀ ਇਨ੍ਹਾਂ ਹੀ ਗੱਲਾਂ ਨੂੰ ਇਕ ਵਿਸ਼ਾਲ ਤਰੀਕੇ ਨਾਲ ਜਥੇਬੰਦ ਕਰਨ ਵਿਚ ਮਸਰੂਫ਼ ਹਨ। ਸੀ.ਪੀ.ਸੀ. (ਮ-ਲ) ਨੌਜੁਆਨਾਂ, ਵਿਦਿਆਰਥੀਆਂ ਅਤੇ ਔਰਤਾਂ ਨੂੰ ਇਨਕਲਾਬੀ ਬਣਾਉਣ ਵੱਲ ਪੂਰਾ ਧਿਆਨ ਦੇਣਾਂ ਜਾਰੀ ਰੱਖੇਗੀ। ਸੀ.ਪੀ.ਸੀ.(ਮ-ਲ) ਦਾ ਐਕਸ਼ਨ ਪਲੈਨ ਇਹ ਗੱਲ ਯਕੀਨੀ ਬਣਾਉਣਾਂ ਹੈ ਕਿ ਮਜ਼ਦੂਰ, ਔਰਤਾਂ, ਨੌਜੁਆਨ ਤੇ ਵਿਦਿਆਰਥੀ, ਕੌਮੀ ਘੱਟ-ਗਿਣਤੀਆਂ ਅਤੇ ਮੱਧ-ਤਬਕੇ, ਮਜ਼ਦੂਰ ਜਮਾਤ ਦੀ ਮੁਕਤੀ ਲਈ ਇਕਮੁਠ ਹੋ ਕੇ ਲੜਨ ਤਾਂ ਕਿ ਉਨ੍ਹਾਂ ਦੀ ਤੇ ਸਾਰੀ ਲੋਕਾਈ ਦੀ ਨਿਜਾਤ ਹੋ ਸਕੇ। ਸੀ.ਪੀ.ਸੀ. (ਮ-ਲ) ਆਬਰੀਜਨਲ ਲੋਕਾਂ ਦੇ ਪਿਤਰੀ-ਹੱਕਾਂ ਦੀ ਜਦੋਜਹਿਦ ਦੀ ਵੀ ਮੁਕੰਮਲ ਹਮਾਇਤ ਕਰਦੀ ਹੈ ਅਤੇ ਸਮਝਦੀ ਹੈ ਕਿ ਇਹ ਲੋਕ ਇਕ ਆਜ਼ਾਦ ਲੋਕ ਹਨ ਤੇ ਆਪਣੀ ਧਰਤੀ ਦੀ ਮਾਲਕੀ ਅਤੇ ਇਸ ਨੂੰ ਸਿਰਜਣ ਦਾ ਇਨ੍ਹਾਂ ਨੂੰ ਪੂਰਾ ਪੂਰਾ ਹੱਕ ਹੈ ਤੇ ਇਸ ਵਿਚ ਹੋਰ ਕੋਈ ਵੀ ਦਖ਼ਲ ਨਹੀਂ ਦੇ ਸਕਦਾ ਤੇ ਨਾਂ ਇਸ ਹੱਕ ਨੂੰ ਭੰਗ ਹੀ ਕਰ ਸਕਦਾ ਹੈ।

## ਭਾਗ ੪

# ਕਨੇਡਾ ਦੀ ਕਮਿਉਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ)

ਮਜ਼ਦੂਰ ਜਮਾਤ ਦੀ ਸਿਆਸੀ ਪਾਰਟੀ ਹੋਣ ਦੇ ਤੌਰ ਤੇ ਸੀ.ਪੀ.ਸੀ. (ਮ-ਲ) ਸਿਰ ਸਮਾਜ ਨੂੰ ਸੰਕਟ ਵਿਚੋਂ ਬਾਹਰ ਕੱਢਣ ਅਤੇ ਤਰੱਕੀ ਦਾ ਰਸਤਾ ਖੋਹਲਣ ਦਾ ਤਾਰੀਖ਼ੀ ਕਾਰਜ ਸਿਰੇ ਲਾਉਣ ਦੀ ਜ਼ਿੰਮੇਵਾਰੀ ਹੈ। ਦੁਨੀਆਂ ਐਸ ਵੇਲੇ ਇਤਹਾਸ ਦੇ ਇਕ ਐਸੇ ਦੌਰ ਵਿਚ ਦੀ ਗੁਜ਼ਰ ਰਹੀ ਹੈ ਜਦ ਜਮਾਤੀ-ਸਮਾਜ ਦਾ ਸਥਾਨ ਇਕ ਜਮਾਤ-ਰਹਿਤ ਸਮਾਜ ਨੇ ਮੱਲਣਾਂ ਹੈ। ਇਹ ਦੌਰ ਇਨਕਲਾਬ ਅਤੇ ਸਮਾਜਵਾਦ ਦਾ ਹੈ ਤੇ ਪੁਰਾਣੇ ਸਮਾਜ ਨੂੰ ਨਵੇਂ ਵਾਸਤੇ ਥਾਂ ਖਾਲੀ ਕਰਨੀ ਪੈਣੀ ਹੈ। ਸੰਸਾਰ ਸਾਮਰਾਜਵਾਦ ਅਤੇ ਪਿਛਾਖੜ ਖ਼ਿਲਾਫ਼ ਲੋਕਾਂ ਦੀਆਂ ਜਦੋਜਹਿਦਾਂ ਦਾ ਇਹ ਇਕ ਮਹਾਨ ਦੌਰ ਹੈ। ਮਾਨੁਖੀ ਸਮਾਜ ਦੇ ਵਿਕਾਸ ਅੰਦਰ ਇਹ ਇਕ ਅਤੀਅੰਤ ਦਿਲਚਸਪ ਦੌਰ ਹੈ, ਇਕ ਐਸਾ ਵੇਲਾ ਜਦ ਹਰੇਕ ਪੁਰਾਣੀ ਸ਼ੈਅ ਦੀ ਨੁਕਤਾਚੀਨੀ ਅਤੇ ਮਨਸੂਖੀ ਨਵੇਂ ਦੇ ਜਨਮ ਅਤੇ ਵਿਕਾਸ ਲਈ ਇਕ ਜ਼ਰੂਰੀ ਸ਼ਰਤ ਬਣ ਗਈ ਹੈ।

ਸੀ.ਪੀ.ਸੀ. (ਮ-ਲ) ਨੇ ਆਪਣੀਆਂ ਫੌਰੀ ਅਮਲੀ ਨੀਤੀਆਂ ਦਾ ਪਲੈਨ ਉਲੀਕ ਲਿਆ ਹੈ। ਇਸ ਪਲੈਨ ਦਾ ਇਕ ਅਹਿਮ ਹਿਸਾ ਇਸਦੀ ਆਪਣੀ ਹਾਸ਼ੀਏਬੰਦੀ, ਇਕ ਗੁੱਠੇ ਲੱਗੇ ਹੋਣ ਦੀ ਸਥਿਤੀ, ਦਾ ਅੰਤ ਕਰਨਾਂ ਹੈ। ਇਸ ਹਾਸ਼ੀਏਬੰਦੀ ਨੂੰ ਖ਼ਤਮ ਕਰਨ ਵਿਚ ਕਾਮਯਾਬੀ ਇਸਦੀ ਆਪਣੀ ਤਾਕਤ ਉਤੇ ਭੀ ਨਿਰਭਰ ਹੈ ਅਤੇ ਇਸ ਗੱਲ ਉਤੇ ਵੀ ਕਿ ਮੁਖ-ਧਾਰਾ ਵਿਚੋਂ ਹੋਰ ਸਾਰੀਆਂ ਸਿਆਸੀ ਸ਼ਕਤੀਆਂ ਇਸ ਉਦੇਸ਼ ਲਈ ਕਿਨਾਂ ਕੁ ਹਰਕਤਸ਼ੀਲ ਕੀਤੀਆਂ ਜਾਂਦੀਆਂ ਹਨ। ਇਸ ਲਈ ਸੀ.ਪੀ.ਸੀ. (ਮ-ਲ) ਨੂੰ ਵਿਚਾਰਧਾਰਕ ਅਤੇ ਜਥੇਬੰਦਕ ਤੌਰ ਤੇ ਨਿਰੰਤਰ ਮਜ਼ਬੂਤ ਕਰਦੇ ਜਾਣ ਅਤੇ ਇਸਦੇ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਜ਼ਰੂਰਤ ਹੈ। ਸੀ.ਪੀ.ਸੀ. (ਮ-ਲ) ਨੂੰ ਇਕ ਨੁਕਰੇ ਲਾਈ ਰੱਖਣਾਂ ਤਿਕੜੀ-ਰਾਜ ਦੇ ਹੱਥਾਂ ਵਿਚ ਮੁੱਖ ਹਥਿਆਰ ਹੈ ਜਿਸ ਰਾਹੀਂ ਇਹ ਸੀ.ਪੀ.ਸੀ. (ਮ-ਲ) ਨੂੰ ਮਜ਼ਦੂਰ ਜਮਾਤ ਦੇ ਸੱਭ ਤੋਂ ਸੰਗਠਤ ਦਸਤੇ ਵਜੋਂ ਸਮਾਜ ਵਿਚ ਮੋਹਰਲੀ ਥਾਂ ਲੈਣ ਤੋਂ ਰੋਕਦੇ ਹਨ। ਇਸ ਹਾਸ਼ੀਏਬੰਦੀ ਉਤੇ ਫ਼ਤਿਹ, ਇਸ ਤਿਕੜੀ-ਰਾਜ ਵਿਰੁਧ ਸੀ.ਪੀ.ਸੀ. (ਮ-ਲ) ਦੀ ਜਦੋਜਹਿਦ ਦੀ ਇਕ ਅਹਿਮ ਪ੍ਰਾਪਤੀ ਹੋਵੇਗੀ।

ਸੀ.ਪੀ.ਸੀ.(ਮ-ਲ), ਆਪਣਾਂ ਕੰਮ ਕਰਦੇ ਹੋਏ, ਇਸ ਹਾਸ਼ੀਏਬੰਦੀ ਦਾ ਅੰਤ ਕਰਨ ਦੀ ਜਦੋਜਹਿਦ ਵਿਚ ਜਿੰਨੀ ਸਫ਼ਲਤਾ ਹਾਸਲ ਕਰਦੀ ਹੈ ਮਜ਼ਦੂਰ ਜਮਾਤ ਨੂੰ ਆਗੂ ਰੋਲ ਦੇਣ ਵਿਚ ਵੀ ਉਤਨਾ ਹੀ ਕਾਮਯਾਬ ਹੋਵੇਗੀ। ਸੀ.ਪੀ.ਸੀ.(ਮ-ਲ), ਹਾਸ਼ੀਏਬੰਦੀ ਖ਼ਿਲਾਫ਼ ਚਿਰਾਂ ਦੀ ਲੜਦੀ ਆ ਰਹੀ ਹੈ ਤੇ "ਮੁਖ-ਧਾਰਾ" ਦਾ ਮਸਲਾ ਹੱਲ ਕਰਨ ਲਈ ਕਾਰਜਸ਼ੀਲ ਹੈ। ਹੁਣ, ਸੀ.ਪੀ.ਸੀ.(ਮ-ਲ) ਪਹਿਲਾਂ ਨਾਲੋਂ ਵੀ ਵੱਡੀ ਪੱਧਰ ਤੇ ਅਮਲੀ ਸਿਆਸਤ ਵਿਚ ਕੁੱਦ ਪਈ ਹੈ ਤੇ ਹਾਸ਼ੀਏਬੰਦੀ ਖ਼ਤਮ ਕਰਨ ਦਾ ਕੰਮ ਇਥੋਂ ਸਿਆਸੀ ਤਾਕਤ ਦੇ ਸੁਆਲ ਵੱਲ ਤੋਰਦਾ ਹੈ।

ਸੋਸ਼ਲ ਵੈਲਫੇਅਰ ਸਟੇਟ ਅਤੇ "ਜਸਟ ਸੁਸਾਇਟੀ" ਦੇ ਡੂੰਘੇ ਸੰਕਟ ਕਰਕੇ ੧੯੮੪ ਵਿਚ ਸਿਆਸੀ ਤਾਕਤ ਪ੍ਰੋਗਰੈਸਿਵ ਕਨਜ਼ਰਵਟਿਵਾਂ ਦੇ ਹੱਥ ਆ ਗਈ ਜਿਨ੍ਹਾਂ ਨਿਜੀਕਰਣ, ਲਿਬਰਲਵਾਦ ਅਤੇ ਕਨੇਡਾ-ਯੂ.ਐਸ. ਤੇ ਨਾਰਥ ਅਮਰੀਕਨ ਫਰੀ ਟਰੇਡ ਸਮਝੌਤੇ ਮੋਹਰੇ ਲਿਆਂਦੇ। ਇਹ ਇਕ ਤਰ੍ਹਾਂ ਦੀ ਪੂੰਜੀਵਾਦੀ ਕੁਲੀਸ਼ਨ ਸੀ ਜਿਸ ਨੂੰ ਵੱਡੇ-ਵੱਡੇ ਬਿਜ਼ਨਸਾਂ ਅਤੇ ਲੇਬਰ ਦੀ "ਲੈਂਡ-ਸਲਾਇਡ" ਹਮਾਇਤ ਨਾਲ ਗੱਦੀ ਤੇ ਬਿਰਾਜਮਾਨ ਕੀਤਾ ਗਿਆ। ਪਰ ਅਕਤੂਬਰ ੧੯੯੩ ਵਿਚ ਇਹ ਵੀ ਮੂੰਹ ਭਾਰ ਡਿਗ ਪਈ ਤੇ ਸਿਆਸੀ ਡਾਵਾਂਡੋਲਤਾ ਪੈਦਾ ਹੋ ਗਈ ਤੇ ਪਾਰਲੀਮੈਂਟਰੀ ਸਿਸਟਮ ਨੂੰ ਅਜੇਹਾ ਸੰਕਟ ਬਣਿਆਂ ਕਿ ਪਹਿਲਾਂ ਕਦੇ ਨਹੀਂ ਵੇਖਿਆ ਗਿਆ ਸੀ। ਜਿਵੇਂ ਪਹਿਲਾਂ ੧੯੮੪ ਵਿਚ ਟੋਰੀਆਂ ਨੇ ਲੇਬਰ ਦੀ ਹਮਾਇਤ ਦੇ ਸਿਰ ਤੇ ਸਿੰਘਾਸਨ ਮੱਲਿਆ ਸੀ, ੧੯੯੩ ਵਿਚ ਲਿਬਰਲ ਸਾਂਭ ਗਏ ਤੇ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਬੜੇ "ਮਕਬੂਲ" ਸਮਝਿਆ ਜਾਏ। ਉਦੋਂ ਤੋਂ ਲੈ ਕੇ ਉਹ ਇਹੋ ਢੌਂਗ ਖੇਡੀ ਜਾ ਰਹੇ ਹਨ ਕਿ ਇਹ ਸਾਰੀ ਸਿਆਸੀ ਡਾਵਾਂਡੋਲਤਾ ਮੁਕ ਜਾਣੀ ਹੈ ਤੇ ਕਨੇਡਾ ਨੂੰ ਇਕੀਵੀਂ ਸਦੀ ਵਿਚ ਲਿਜਾਣ ਦੀ "ਮਨਜ਼ੂਰੀ" ਉਨ੍ਹਾਂ ਨੂੰ ਮਿਲ ਜਾਣੀ ਹੈ। ਲੇਕਿਨ ਸੱਭ ਪੂੰਜੀਵਾਦੀ ਕੁਲੀਸ਼ਨਾਂ, ਪੂੰਜੀਵਾਦੀਆਂ ਦੇ ਸਾਰੇ ਬੰਦੋਬਸਤ, ਹਾਲੇ ਤੱਕ ਇਸ ਸਿਆਸੀ ਡਾਵਾਂਡੋਲਤਾ ਨੂੰ ਮੁਕਾ ਨਹੀਂ ਸਕੇ। ਸਿਰਫ਼ ਇਹੋ ਹੀ ਨਹੀਂ, ਇਨ੍ਹਾਂ ਕੁਲੀਸ਼ਨਾਂ ਦੇ ਜਮਾਤੀ ਖ਼ਾਸੇ ਦਾ ਹੀ ਤਾਂ ਇਹ ਸਾਰਾ ਸੰਕਟ ਪੈਦਾ ਕੀਤਾ ਹੋਇਆ ਹੈ।

੧੯੮੪-੮੫ ਦੇ ਅਹਿਮ ਮੋੜ ਅਤੇ ਇਸਦੇ ੧੦ ਸਾਲ ਬਾਅਦ ਆਏ ਇਕ ਤਾਰੀਖ਼ੀ ਪਰਿਵਰਤਨ ਤੱਕ, ਸਾਮਰਾਜਵਾਦ ਅਤੇ ਪਿਛੇ-ਖਿੱਚੂ ਬੁਰਜੁਆਜ਼ੀ ਡੂੰਘੇ ਬੁਨਿਆਦੀ ਸੁਧਾਰਾਂ ਦੀ ਵਿਰੋਧਤਾ ਕਰਨ ਲਈ ਸਾਰੇ ਜਹਾਨ ਭਰ ਵਿਚ "ਸੁਧਾਰਾਂ" ਦਾ ਪੱਤਾ ਖੇਡਦੇ ਆ ਰਹੇ ਹਨ। ਪਰ ਗੱਲ ਬਣੀ ਨਹੀਂ। ਹਰ ਪਾਸੇ ਸੰਕਟ ਗਹਿਰਾ ਤੇ ਵਿਸ਼ਾਲ ਹੋਇਆ ਹੈ। ਜਿਸ ਬੇਦਰਦੀ ਨਾਲ ਲੋਕਾਂ ਦੀ ਕਮਾਈ ਤੇ ਬੱਚਤਾਂ ਦੀ ਲੁਟ ਕੀਤੀ ਜਾ ਰਹੀ ਹੈ ਇਸ ਦਾ ਥੋੜਾ ਜਿਹਾ ਅੰਦਾਜ਼ਾ ਸਾਬਕਾ ਸੋਵੀਅਤ ਯੂਨੀਅਨ ਤੋਂ ਲਗਦਾ ਹੈ ਜਿਥੇ ਲੱਖਾਂ-ਕ੍ਰੋੜਾਂ ਲੋਕ ਜ਼ਿੰਦਗੀ ਦੇ ਬੁਨਿਆਦੀ ਸਾਧਨਾਂ ਤੋਂ ਵੀ ਮਹਿਰੂਮ ਕਰ ਦਿਤੇ ਗਏ ਹਨ। ਸੁਧਾਰਾਂ ਦੇ ਸਾਰੇ ਦਾਅਵੇ ਹੁਣ ਤੱਕ ਬਿਲਕੁਲ ਖੋਖਲੇ ਸਾਬਤ ਹੋਏ ਹਨ ਅਤੇ ਅਗਾਂਹ ਵੀ ਇਹੋ ਗੱਲ ਹੋਣੀ ਹੈ। ਡੂੰਘੇ-ਬੁਨਿਆਦੀ ਸੁਧਾਰ ਹੋਣਗੇ ਜਾਂ ਸੰਕਟ ਰਹੇਗਾ। ਤੀਸਰੀ ਕੋਈ ਚੋਣ ਨਹੀਂ। ਮਜ਼ਦੂਰ ਜਮਾਤ ਲਈ ਆਪਣਾਂ ਰੋਲ ਕਰਨ ਦਾ ਇਕ ਮਹਾਨ ਮੌਕਾ ਜਲਦੀ ਹੀ ਆਉਣ ਵਾਲਾ ਹੈ। ਸੀ.ਪੀ.ਸੀ.(ਮ-ਲ) ਨੂੰ ਪੂਰੀ ਤਿਆਰੀ ਕਰਨੀ ਹੋਵੇਗੀ ਕਿ ਇਸ ਮੌਕੇ ਨੂੰ ਸਾਂਭਿਆ ਜਾ ਸਕੇ। ਇਸ ਵਾਸਤੇ ਹਾਸ਼ੀਏਬੰਦੀ ਮੁਕਾਉਣ ਲਈ ਕੋਸ਼ਿਸ਼ ਤੇਜ਼ ਕਰਨੀ ਹੋਵੇਗੀ। ਕਨੇਡਾ ਦੇ ਲੋਕ ੨੧ ਵੀਂ ਸਦੀ ਵਿਚ ਲਾਜ਼ਮੀ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਦਾਖਲ ਹੋਣ ਜੋ ਸਮਾਜ ਨੂੰ ਸੰਕਟ ਵਿਚੋਂ ਬਾਹਰ ਕੱਢਣ ਅਤੇ ਤਰੱਕੀ ਦਾ ਰਾਹ ਵਿਖਾਵੇ।

ਕਨੇਡਾ ਦੀ ਕਮਿਉਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ), ਅਤੇ ਇਸ ਤੋਂ ਪਹਿਲੀ ਜਥੇਬੰਦੀ, ਦੀ ਇੰਟਰਨੈਸ਼ਨਲਿਸਟਸ, (ਅੰਤਰਰਾਸ਼ਟਰਵਾਦੀਏ) ਜਿਸਨੇ ਪਾਰਟੀ ਦੀ ਨੀਂਹ ਰੱਖਣ ਲਈ ਹਾਲਾਤ ਤਿਆਰ ਕੀਤੇ ਸਨ, ੧੯੬੩ ਤੋਂ ਲੈ ਕੇ ਹੁਣ ਤੱਕ ਸਿਆਸੀ ਮਸਲੇ ਸਾਰੀ ਰਾਜ-ਵਿਵਸਥਾ ਮੋਹਰੇ ਰੱਖਦੇ ਰਹੇ ਹਨ ਤੇ ਵਿਚਾਰਧਾਰਕ ਮਸਲੇ ਆਪਣੇ ਕੋਲ। ਆਪਣੇ ਆਪ ਨੂੰ ਉਪਰੇ ਵਿਚਾਰਾਂ ਤੋਂ ਸਾਫ਼ ਰੱਖਣ ਲਈ ਸੀ.ਪੀ.ਸੀ.(ਮ-ਲ) ਇਕ ਸਖ਼ਤ ਵਿਚਾਰਧਾਰਕ ਜਦੋਜਹਿਦ ਲੜਦੀ ਆਈ ਹੈ। ਇਹ ਮਾਰਕਸਵਾਦ-ਲੈਨਿਨਵਾਦ ਦੀ ਪਾਕੀਜ਼ਗੀ ਦੀ ਰਾਖੀ ਕਰਦੀ ਹੈ ਤਾਂ ਕਿ ਪਾਰਟੀ ਦੀ ਸੋਚਣੀ ਹਮੇਸ਼ਾਂ ਹੀ ਮਾਰਕਸਵਾਦ-ਲੈਨਿਨਵਾਦ ਤੋਂ ਸੇਧ ਲਵੇ। ਇਸਦਾ ਇਕ ਪੂਰਾ ਇਤਹਾਸ ਹੈ ਕਿ ਇਸਨੇ ਹਮੇਸ਼ਾਂ ਹੀ ਆਪਣੇ ਵਿਸ਼ਲੇਸ਼ਣ ਅਤੇ ਆਪਣੀ ਸੋਚ ਦੇ ਅਧਾਰ ਤੇ ਅਮਲੀ ਕਦਮਾਂ ਦੀ ਤਿਆਰੀ ਕੀਤੀ ਤੇ ਇਹ ਕਦਮ ਲਏ। ਇਸਨੇ ਹਰੇਕ ਮੋੜ ਉਤੇ ਕਨੇਡਾ ਦੀ ਅਤੇ ਅੰਤਰਰਾਸ਼ਟਰੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਹੈ। ਸਮਾਜ-ਵਿਰੋਧੀ ਮੁਹਿੰਮ ਨੂੰ ਹਰਾਉਣ, ਸਮਾਜ-ਹਿਤੈਸ਼ੀ ਪ੍ਰੋਗਰਾਮ ਦੀ ਜਿਤ, ਇਨਕਲਾਬ ਅਤੇ ਸਮਾਜਵਾਦ ਦੀ ਫ਼ਤਿਹ ਅਤੇ ਕਮਿਉਨਿਜ਼ਮ ਦੇ ਰਣਨੀਤਕ ਉਦੇਸ਼ ਨੂੰ ਹਾਸਲ ਕਰਨ ਦੇ ਮਸਲਿਆਂ ਨੂੰ ਚੁਕਣ ਅਤੇ ਹੱਲ ਕਰਨ ਦਾ ਬੀੜਾ ਸੀ.ਪੀ.ਸੀ.(ਮ-ਲ) ਨੇ ਆਪਣੀ ਸੋਚ ਦੀ ਬੁਨਿਆਦ ਉਤੇ ਉਠਾਇਆ ਹੈ। ਇਹ ਤਿੰਨ ਚੁਣੌਤੀਆਂ ਹਨ ਜੋ ਸਮਾਜ ਦੇ ਵਿਕਾਸ ਦੇ ਅਗਲੇ ਪੜਾਅ ਤੇ ਪਹੁੰਚਣ ਲਈ, ਕਨੇਡਾ ਦੇ ਅੱਗੇ ਵੱਧਣ ਲਈ, ਹੱਲ ਕਰਨੀਆਂ ਹੀ ਪੈਣਗੀਆਂ। ਸਮਾਜੀ ਵਿਕਾਸ ਦੇ ਕਾਨੂੰਨਾਂ ਦੀ ਇਹੋ ਮਰਜ਼ੀ ਹੈ ਇਹ ਕੋਈ ਹਕੀਕਤਾਂ ਉਤੇ ਹੱਠ-ਧਰਮੀ ਠੋਸਣ ਜਾਂ ਬਾਹਰਲੇ ਫਾਰਮੂਲੇ ਨਕਲ ਕਰ ਲੈਣ ਦੀ ਗੱਲ ਨਹੀਂ।

੧੯੬੩ ਵਿਚ ਇਸਦੀ ਨੀਂਹ ਬੱਝਣ ਅਤੇ ੧੯੬੭ ਦੇ ਅਗਸਤ ਮਹੀਨੇ ਵਿਚ ਨੀਸੈਸਟੀ ਫਾਰਟ ਚੇਂਜ ਕਾਨਫਰੰਸ ਹੋਣ ਤੱਕ, ਇੰਟਰਨੈਸ਼ਨਲਿਸਟਸ (ਅੰਤਰਰਾਸ਼ਟਰਵਾਦੀਏ) ਸਦਾ ਆਪਣੀ ਹਿੰਮਤ ਤੇ ਟੇਕ ਰੱਖਦੇ ਰਹੇ। ਆਪਣੀਆਂ ਵਿਚਾਰਧਾਰਕ, ਸਿਆਸੀ ਤੇ ਤਨਜ਼ੀਮੀ ਪੁਜੀਸ਼ਨਾਂ ਤਿਆਰ ਕਰਨ ਲਈ ਇਹ ਕਿਸੇ ਦੇ ਮਗਰ ਨਹੀਂ ਲੱਗੇ, ਸਗੋਂ ਇਹ ਸਾਰਾ ਕੰਮ ਖੁਦ ਕੀਤਾ। ਇਨ੍ਹਾਂ ਨੀਸੈਸਟੀ ਫਾਰ ਚੇਂਜ ਕਾਨਫਰੰਸ ਤੋਂ ਹੀ ਇਕ ਸਖਤ ਜਦੋਜਹਿਦ ਚਲਾਈ ਕਿ ਸਿਆਸੀ ਮਸਲਿਆਂ ਨੂੰ ਵਿਚਾਰਧਾਰਕ ਸੁਆਲਾਂ ਨਾਲ ਇੱਕ-ਮਿੱਕ ਨਹੀਂ ਕਰਨਾ। ਇਸ ਨੇ ਸਾਰੇ ਪੈਂਤੜੇ ਆਪਣੇ ਆਪ ਅਤੇ ਆਜ਼ਾਦ ਤੌਰ ਤੇ ਬਣਾਏ ਤਾਂ ਕਿ ਸੀ.ਪੀ.ਸੀ.(ਮ-ਲ) ਦਾ ਮੁੱਢ ਕਨੇਡੀਅਨ ਮਾਰਕਸਵਾਦੀਆਂ-ਲੈਨਿਨਵਾਦੀਆਂ ਅਤੇ ਤਰੱਕੀਪਸੰਦ ਸ਼ਕਤੀਆਂ, ਨੌਜੁਆਨਾਂ ਤੇ ਵਿਦਿਆਰਥੀਆਂ, ਔਰਤਾਂ, ਰੌਸ਼ਨ ਤੇ ਤਰਕ ਖਿਆਲ ਲੋਕਾਂ ਅਤੇ ਮਜ਼ਦੂਰ ਜਮਾਤ ਦੇ ਵਿਕਸਤ ਤੱਤਾਂ ਦੇ ਅਧਾਰ ਤੇ ਬੰਨ੍ਹਿਆਂ ਜਾਵੇ। ਮਹਾਨ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ, ਲੋਕ ਜਮਹੂਰੀ ਚੀਨ ਅਤੇ ਮਾਓ-ਜ਼ੇ-ਤੁੰਗ ਵਿਚਾਰਧਾਰਾ ਦੇ ਕਨੇਡੀਅਨ ਲਹਿਰ ਤੇ ਪਏ ਕਈ ਮਾੜੇ ਅਸਰਾਂ ਦੇ ਬਾਵਜੂਦ ਵੀ ਇਹ ਸਾਰੀ ਗੱਲਬਾਤ ਆਜ਼ਾਦ ਰਹਿਕੇ ਹੀ ਕੀਤੀ ਗਈ।

ਆਪਣੇ ਖੁਦ ਉਲੀਕੇ ਹੋਏ ਰਾਹ ਉਤੇ ਚੱਲਣ ਦੀ ਸੀ.ਪੀ.ਸੀ.(ਮ-ਲ) ਦੀ ਜ਼ਿਦ ਦਾ ਅਧਾਰ ਇਹ ਸੀ ਕਿ ਅਸੀਂ ਆਪਣੇ ਮਾਡਲ ਖੁਦ ਆਪ ਹਾਂ । ਇਸ ਜ਼ਿਦ ਨੇ ਪਾਰਟੀ ਨੂੰ ਇਸ ਕਾਬਲ ਬਣਾਇਆ ਕਿ ਇਹ ਆਪਣੀ ਵਿਚਾਰਧਾਰਾ ਅਤੇ ਸਿਆਸੀ ਲਾਇਨ ਨੂੰ ਹੋਰ ਬਹੁਤੀ ਡੂੰਘੀ ਕਰਦੇ ਹੋਏ ਅਤੇ ਆਪਣਾਂ ਸਿਧਾਂਤ ਪਰਪੱਕ ਕਰਦੇ ਹੋਏ ਆਪਣਾਂ ਪ੍ਰੋਗਰਾਮ ਦੇ ਸਕੇ। ਇਹ ਜ਼ਿਦ ਕਿ ਆਪਣੀ ਸੋਚਣੀ ਵਿਚ ਸੇਧ ਮਾਰਕਸਵਾਦ-ਲੈਨਿਨਵਾਦ ਤੋਂ ਹੀ ਪ੍ਰਾਪਤ ਕਰਨੀ ਹੈ, ਉਤੇ ਅੜਨ ਕਰਕੇ ਹੀ ਸੀ.ਪੀ.ਸੀ.(ਮ-ਲ) ੧੯੮੯ ਅਤੇ ਇਸਤੋਂ ਬਾਅਦ ਦੇ ਤੇਜ਼ੀ ਨਾਲ ਬਦਲਦੇ ਹਾਲਾਤਾਂ ਨਾਲ ਨਿਪਟਣ ਵਿਚ ਸਫਲ ਰਹੀ ਅਤੇ ਇਕ ਨਵੀਂ ਇਤਹਾਸਕ ਬੁਨਿਆਦ ਸਥਾਪਤ ਕਰ ਸਕੀ ਜਿਸ ਉਤੇ ਸੀ.ਪੀ.ਸੀ.(ਮ-ਲ) ਦੀ ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦਾ ਅਧਾਰ ਹੈ।

ਨਵਾਂ ਇਤਿਹਾਸਕ ਆਧਾਰ ਵਿਚਾਰਧਾਰਕ ਪੱਖੋਂ ਬਹੁਤ ਹੀ ਆਧੁਨਿਕ ਹੈ। ਵਿਚਾਰਧਾਰਕ ਜਦੋਜਹਿਦ ਦੀ ਸ਼ਕਲ ਜ਼ਰੂਰ ਬਦਲ ਗਈ ਹੈ, ਪਰ ਅੰਦਰਲਾ ਤੱਤ ਉਹੋ ਹੀ ਹੈ ਕਿ ਮਾਰਕਸਵਾਦ-ਲੈਨਿਨਵਾਦ ਦੀ ਸੁਧਤਾ ਅਤੇ ਮਹਾਨ ਅਕਤੂਬਰ ਇਨਕਲਾਬ ਦੇ ਰਾਹ ਦੀ ਰਾਖੀ ਹੋਵੇ। ਇਸ ਜਦੋਜਹਿਦ ਦੀ ਬੁਨਿਆਦ ਅੱਜ ਦੇ ਜੀਵਨ ਦੇ ਹਰ ਪਹਿਲੂ ਦੀਆਂ ਆਧੁਨਿਕ ਪ੍ਰੀਭਾਸ਼ਾਵਾਂ ਹਨ, ਤੇ ਸਾਰੀਆਂ ਅਸੂਲੀ ਪੁਜੀਸ਼ਨਾਂ ਉਤੇ ਮਾਰਕਸਵਾਦ-ਲੈਨਿਨਵਾਦ ਦੀ ਵਿਚਾਰਧਾਰਾ ਦੇ ਅਧਾਰ ਉਤੇ ਪਹਿਰਾ ਦਿਤਾ ਜਾ ਰਿਹਾ ਹੈ।

ਵਿਚਾਰਧਾਰਕ ਪਹਿਲੂ ਤੋਂ ਸੀ.ਪੀ.ਸੀ.(ਮ-ਲ) ਇਹ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੋਈ ਕਿ ਸਾਬਕਾ ਸੋਵੀਅਤ ਯੂਨੀਅਨ ਸਮਾਜਵਾਦ ਅਤੇ ਕਮਿਊਨਿਜ਼ਮ ਦੇ ਸੰਕਟ ਕਰਕੇ ਨਹੀਂ ਢੱਠਾ ਬਲਕਿ ਪੂੰਜੀਵਾਦ ਬਹਾਲ ਕਰ ਦੇਣ ਦੀ ਵਜਾਹ ਕਰਕੇ ਡਿਗਿਆ ਹੈ। ਇਸ ਨੇ ਇਹ ਨਿਰਣਾਂ ਵੀ ਦਿਤਾ ਕਿ ਅੱਜ ਜੋ ਸੰਕਟ ਸਾਰੇ ਸੰਸਾਰ ਭਰ ਵਿਚ ਮੌਜੂਦ ਹੈ, ਉਹ ਪੂੰਜੀਵਾਦ ਦਾ ਸੰਕਟ ਹੈ ਅਤੇ ਨਕਲੀ-ਸਮਾਜਵਾਦ ਦੀ ਅਸਫਲਤਾ ਦਾ ਸੰਕਟ ਹੈ। ਸੀ.ਪੀ.ਸੀ.(ਮ-ਲ) ਇਸ ਸਿਟੇ ਤੇ ਪਹੁੰਚੀ ਹੈ ਕਿ ਮਜ਼ਦੂਰ ਜਮਾਤ ਨੂੰ ਅਗਵਾਈ ਦੇਣ ਲਈ ਅਤੇ ਇਸ ਨੂੰ ਆਪਣੇ ਮਿਸ਼ਨ ਪ੍ਰਤੀ ਸੁਚੇਤ ਕਰਨ ਲਈ ਪਾਰਟੀ ਨੂੰ ਲਿਬਰਲਵਾਦ ਅਤੇ ਸੋਸ਼ਲ ਡੈਮੋਕਰੇਸੀ ਦੇ ਸਿਧਾਂਤ ਅਤੇ ਅਮਲ ਦੇ ਖ਼ਿਲਾਫ਼ ਲਾਜ਼ਮੀ ਇਕ ਦਰਿੜ ਅਤੇ ਬੇਖ਼ੌਫ਼ ਵਿਚਾਰਧਾਰਕ ਜਦੋਜਹਿਦ ਕਰਨੀ ਹੋਵੇਗੀ। ਇਸ ਲਈ ਲਿਬਰਲਾਂ ਅਤੇ ਐਨ ਡੀ ਪੀ ਦੇ ਸਾਰੇ ਭੁਲੇਖੇ-ਪਾਊ ਭਰਮਾਂ ਦੀ ਸਖਤ ਮੁਖ਼ਾਲਫ਼ਤ ਕਰਨੀ ਹੋਵੇਗੀ ਜੋ ਮਜ਼ਦੂਰ ਜਮਾਤ ਲਹਿਰ ਨੂੰ ਵਿਚਾਰਧਾਰਕ ਤੌਰ ਤੇ ਨਿਹੱਥੇ ਕਰਦੇ ਹਨ, ਗੁੰਮਰਾਹ ਕਰਦੇ ਹਨ, ਅਤੇ ਮਜ਼ਦੂਰ ਜਮਾਤ ਨੂੰ ਆਪਣੀ ਮੁਕਤੀ ਲਈ ਲੜਨ ਤੋਂ ਰੋਕਦੇ ਹਨ। ਸੀ.ਪੀ.ਸੀ. (ਮ-ਲ) ਸਿਆਸੀ ਤੌਰ ਤੇ ਉਨ੍ਹਾਂ ਸਾਰਿਆਂ ਨਾਲ ਮਿਲਵਰਤੋਂ ਕਰਦੀ ਹੈ ਜੋ ਸਮਾਜ-ਵਿਰੋਧੀ ਮੁਹਿੰਮ ਦੀ ਮੁਖ਼ਾਲਫ਼ਤ ਕਰਦੇ ਹਨ, ਚਾਹੇ ਉਨ੍ਹਾਂ ਦੀ ਵਿਚਾਰਧਾਰਾ ਕੋਈ ਵੀ ਹੋਵੇ। ਇਹ ਅਜੇਹੇ ਭਰਮ-ਭੁਲੇਖਿਆਂ ਦੀ ਡੱਟ ਕੇ ਵਿਚਾਰਧਾਰਕ ਵਿਰੋਧਤਾ ਕਰਦੀ ਹੈ ਜੋ ਦਾਅਵਾ ਕਰਦੇ ਹਨ ਕਿ ਲਿਬਰਲਵਾਦ ਅਤੇ ਸੋਸ਼ਲ ਡੈਮੋਕਰੇਸੀ ਅੱਜ ਦੇ ਸਮਾਜ ਦੀ ਮੰਗ ਤੇ ਪੂਰੀ ਉਤਰ ਸਕਦੀ ਹੈ ਅਤੇ ੧੯ਵੀਂ ਸਦੀ ਦੇ ਵਿਚਾਰਾਂ ਉਤੇ ਅਧਾਰਤ ਸਿਆਸੀ ਪਾਰਟੀਆਂ ਸਥਿਤੀ ਨੂੰ ਤਬਦੀਲ ਕਰ ਸਕਦੀਆਂ ਹਨ। ਇਸਦੇ ਨਾਲ ਹੀ ਪਾਰਟੀ ਦੇ ਕੰਮ ਦੀ ਮੁਖ ਧਾਰ ਸੀ.ਪੀ.ਸੀ. (ਮ-ਲ) ਦੀਆਂ ਉਹ ਅਮਲੀ ਪਾਲਸੀਆਂ ਹਨ ਜੋ ਇਸਦੀ ਹਾਸ਼ੀਏਬੰਦੀ ਦਾ ਅੰਤ ਕਰਨ ਲਈ ਘੜੀਆਂ ਗਈਆਂ ਹਨ।

ਸੀ.ਪੀ.ਸੀ.(ਮ-ਲ) ਦਾ ਇਕ ਨਿਰੰਤਰ ਕਿਤਾ ਸਿਧਾਂਤਕ ਕੰਮ ਕਰਨ ਦਾ ਹੈ। ਇਹ ਲਾਜ਼ਮੀ ਬਣਦਾ ਹੈ ਕਿ ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੇ ਸਿਧਾਂਤ ਨੂੰ ਹੋਰ ਵਿਕਸਤ ਕਰਨ ਲਈ ੨੦ਸਦੀ ਵਿਚ ਮਾਰਕਸਵਾਦ-ਲੈਨਿਨਵਾਦ ਅਤੇ ਕਮਿਊਨਿਸਟ ਤੇ ਮਜ਼ਦੂਰ ਲਹਿਰ ਦੇ ਸਮੁਚੇ ਤਜਰਬੇ, ਕੌਮੀ ਮੁਕਤੀ ਦੀਆਂ ਲਹਿਰਾਂ ਦੇ ਤਜਰਬੇ, ਅਤੇ ਪੂੰਜੀਵਾਦ ਬਹਾਲ ਕਰਨ ਦੇ ਖ਼ਿਲਾਫ਼ ਸੰਘਰਸ਼ ਦੇ ਤਜਰਬੇ, ਤੋਂ ਬਣਦੇ ਸਿਟੇ ਕੱਢੇ ਜਾਣ ਤੇ ਸਬਕ ਹਾਸਲ ਕੀਤਾ ਜਾਵੇ। ਮੋਟੇ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦਾ ਨਿਚੋੜ ਉਹ ਤਜਰਬਾ ਹੈ ਜੋ ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਦੌਰਾਨ ਅਤੇ ਆਧੁਨਿਕ ਸੋਧਵਾਦ ਅਤੇ ਪੂੰਜੀਵਾਦ ਦੀ ਬਹਾਲੀ ਦੇ ਖਿਲਾਫ਼ ਜਦੋਜਹਿਦ ਵਿਚ ਮਾਰਕਸਵਾਦ-ਲੈਨਿਨਵਾਦ ਵਰਤਣ ਨਾਲ ਹਾਸਲ ਹੋਇਆ। ਇਹ ਉਹ ਤਜਰਬਾ ਵੀ ਹੈ ਜੋ ਫ਼ਾਸ਼ੀਵਾਦ, ਮਿਲਟਰੀਵਾਦ, ਅਤੇ ਸਾਮਰਾਜ, ਅਤੇ ਮੱਧਕਾਲੀਨਵਾਦ ਦਾ ਹਮੇਸ਼ਾਂ ਹਮੇਸ਼ਾਂ ਲਈ ਅੰਤ ਕਰਨ ਦੀ ਜਦੋਜਹਿਦ ਵਿਚ ਮਾਰਕਸਵਾਦ-ਲੈਨਿਨਵਾਦ ਦੀ ਵਰਤੋਂ ਕਰਨ ਤੋਂ ਪ੍ਰਾਪਤ ਹੋਇਆ।

ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ, ਇਨਕਲਾਬ ਦੇ ਅਮਲ ਨਾਲ ਵਿਕਸਤ ਅਤੇ ਉਨਤ ਹੋਇਆ ਮਾਰਕਸਵਾਦ-ਲੈਨਿਨਵਾਦ ਹੈ। ਇਹ ਮਾਰਕਸਵਾਦ-ਲੈਨਿਨਵਾਦ ਦੇ ਬੁਨਿਆਦੀ ਅਸੂਲਾਂ ਦੀ ਪ੍ਰੋੜਤਾ ਹੈ ਤੇ ਉਨ੍ਹਾਂ ਦਾ ਹੋਰ ਵਿਕਾਸ ਹੈ। ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਮਾਰਕਸਵਾਦ-ਲੈਨਿਨਵਾਦ ਦੀ ਆਖਰੀ ਸ਼ਕਲ ਨਹੀਂ ਸਗੋਂ ਅੱਜ ਦੇ ਹਾਲਾਤਾਂ ਅੰਦਰ ਇਸਦੀ ਰਵਾਨੀ ਅਤੇ ਵਾਧਾ ਹੈ।

---

੩੧ ਮਾਰਚ, ੧੯੭੦ ਨੂੰ ਕਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੀ ਮੌਂਟਰੀਅਲ ਸ਼ਹਿਰ ਵਿਚ ਨੀਂਹ ਰੱਖਣ ਨਾਲ ਇਨਕਲਾਬ ਲਈ ਸੱਭ ਤੋਂ ਅਹਿਮ ਅੰਤਰਮੁਖੀ ਸ਼ਕਤੀ ਜੰਮ ਪਈ। ਮਾਰਕਸਵਾਦ-ਲੈਨਿਨਵਾਦ ਦੇ ਸਿਧਾਂਤ ਅਤੇ ਇਨਕਲਾਬ ਦੇ ਅਮਲ ਦੇ ਅਧਾਰ ਤੇ ਬਣੀ ਸੀ.ਪੀ.ਸੀ.(ਮ-ਲ) ਆਪਣੇ ਜਨਮ ਤੋਂ ਹੀ ਸਾਰੇ ਪੁਰਾਣੇ ਸਿਆਸੀ ਅਤੇ ਵਿਚਾਰਧਾਰਕ ਝੁਕਾਵਾਂ ਤੋ ਵੱਖਰੀ ਸੀ। ਜਮਾਤੀ ਤੌਰ ਤੇ, ਸੀ.ਪੀ.ਸੀ.(ਮ-ਲ) ਮਜ਼ਦੂਰ ਜਮਾਤ ਦੀ ਪਾਰਟੀ ਹੈ। ਇਹ ਐਂਵੇ ਹੋਰ ਪਾਰਟੀਆਂ ਵਰਗੀ ਹੀ ਇਕ ਹੋਰ ਪਾਰਟੀ ਨਹੀਂ ਸਗੋਂ ਸਭ ਤੋਂ ਤਰੱਕੀ-ਯਾਫ਼ਤਾ ਹੈ, ਮਜ਼ਦੂਰ ਜਮਾਤ ਦਾ ਸੱਭ ਤੋਂ ਉਨਤ ਮੋਹਰੀ ਦਸਤਾ ਹੈ ਜੋ ਆਧੁਨਿਕ ਕਮਿਊਨਿਸਟ ਸਮਾਜ ਪੈਦਾ ਕਰਨ ਲਈ ਅਰਪਣ ਹੈ, ਇਕ ਜਮਾਤ-ਰਹਿਤ ਸਮਾਜ ਕਾਇਮ ਕਰਨ ਲਈ ਪ੍ਰਣਾਇਆ ਹੋਇਆ ਹੈ।

ਆਧੁਨਿਕ ਕਮਿਊਨਿਜ਼ਮ ਇਕ ਸਿਆਸੀ-ਆਰਥਕ ਸਿਸਟਮ ਵਜੋਂ ਅਤੇ ਸੀ.ਪੀ.ਸੀ.(ਮ-ਲ) ਇਕ ਸਿਆਸੀ ਪਾਰਟੀ ਵਜੋਂ, ਸਮੁਚੀ ਸਿਆਸੀ-ਵਿਵਸਥਾ ਲਈ ਬੜੇ ਮਹੱਤਵ-ਪੂਰਨ ਤੱਤ ਹਨ। ਸੀ.ਪੀ.ਸੀ.(ਮ-ਲ) ਦੀ ਵਿਚਾਰਧਾਰਾ, ਇਸ ਦੀ ਸੋਚ ਨੂੰ ਸੇਧ ਦੇਣ ਵਾਲਾ ਸਿਧਾਂਤ, ਸਿਰਫ਼ ਉਨ੍ਹਾਂ ਨਾਲ ਹੀ ਤੁਅੱਲਕ ਰੱਖਦਾ ਹੈ ਜੋ ਇਸ ਸਿਧਾਂਤ ਉਤੇ ਚੱਲਣ ਦੇ ਖ਼ਾਹਿਸ਼ਮੰਦ ਹਨ। ਵਿਚਾਰਧਾਰਕ ਸੁਭਾਅ ਵਾਲੀਆਂ ਗੱਲਾਂ- ਕਿ ਕੋਈ ਵਿਅਕਤੀ, ਕੋਈ ਸਮੂਹ ਜਾਂ ਜਮਾਤ ਕਿਹੜੇ ਵਿਚਾਰਾਂ ਉਤੇ ਚੱਲੇ ਜਾਂ ਨਾਂ ਚੱਲੇ- ਦਰਅਸਲ ਸਿਰਫ਼ ਕਿਸੇ ਵਿਅਕਤੀ, ਸਮੂਹ ਜਾਂ ਜਮਾਤ ਨਾਲ ਹੀ ਤੁਅੱਲਕ ਰੱਖਦੀਆਂ ਹਨ ਅਤੇ ਇਕ ਜ਼ਮੀਰ ਦਾ ਮਸਲਾ ਹਨ। ਪਰ ਸਿਆਸਤ ਨਾਲ ਸਬੰਧ ਰੱਖਣ ਵਾਲੀ ਹਰ ਗੱਲ ਸਾਰੀ ਦੀ ਸਾਰੀ ਸਿਆਸੀ-ਵਿਵਸਥਾ ਨਾਲ ਤੁਅੱਲਕ ਰੱਖਦੀ ਹੈ। ਇਹ ਕਹਿਣਾਂ ਕਿ ਆਧੁਨਿਕ ਕਮਿਊਨਿਜ਼ਮ ਅਤੇ ਸੀ.ਪੀ.ਸੀ.(ਮ-ਲ) ਦਾ ਸਾਰਾ ਨਿਚੋੜ ਹੀ ਵਿਚਾਰਧਾਰਾ ਹੈ ਅਤੇ ਇਸ ਵਿਚਾਰਧਾਰਾ ਦਾ ਸਾਰੀ ਦੀ ਸਾਰੀ ਸਿਆਸੀ-ਵਿਵਸਥਾ ਨਾਲ ਸਰੋਕਾਰ ਹੈ, ਵਿਚਾਰਧਾਰਕ ਮਸਲਿਆਂ ਨੂੰ ਸਿਆਸੀ ਮਸਲਿਆਂ ਨਾਲ ਇਕ-ਮਿਕ ਕਰਨ ਅਤੇ ਰਾਜ-ਵਿਵਸਥਾ ਨੂੰ ਪਾੜਨ ਵਾਲੀ ਗੱਲ ਹੈ। ਕਨੇਡਾ ਸਣੇ ਸਾਰੇ ਪੂੰਜੀਵਾਦੀ ਸਮਾਜਾਂ ਵਿਚ ੧੯ਵੀਂ

ਸਦੀ ਦੀ ਅਮਲੀ ਸਿਆਸਤ ਇਸ ਵੇਲੇ ਐਨ ਇਵੇਂ ਹੀ ਚਲਾਈ ਜਾਂਦੀ ਹੈ। ਇਸ ਨੂੰ ਚਲਾਉਣ ਦਾ ਸ਼ਰੇਆਮ ਮਕਸਦ ਰਾਜ-ਵਿਵਸਥਾ ਨੂੰ ਪਾੜਨਾਂ ਅਤੇ ਅਸਲੀ ਜਾਂ ਜਾਣਬੁਝ ਕੇ ਪੈਦਾ ਕੀਤੇ ਗਏ ਸੰਕਟਾਂ ਤੋਂ ਨਿਕਲਦੀ ਕਸ਼ੀਦਗੀ ਬਰਕਰਾਰ ਰੱਖਣਾਂ ਹੈ। ਸਿਆਸੀ ਮਸਲੇ ਸਮੁਚੀ ਰਾਜ-ਵਿਵਸਥਾ ਨਾਲ ਸਰੋਕਾਰ ਰੱਖਦੇ ਹਨ ਅਤੇ ਬਹੁਤ ਹੀ ਅਹਿਮ ਹਨ। ਸਮੇਂ ਦੀ ਮੰਗ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਅਤੇ ਸਾਰੇ ਚੋਣਕਾਰ ਇਨ੍ਹਾਂ ਸਿਆਸੀ ਮਸਲਿਆਂ ਦਾ ਹੱਲ ਲੱਭਣ ਅਤੇ ਵਿਚਾਰਧਾਰਕ ਗੱਲਾਂ ਦੇ ਹਮਲੇ ਦਾ ਸ਼ਿਕਾਰ ਹੋ ਕੇ ਰਾਹੋਂ ਭਟਕਣ ਨਾਂ।

ਬਤੌਰ ਇਕ ਸਿਆਸੀ ਪਾਰਟੀ ਦੇ, ਸੀ.ਪੀ.ਸੀ.(ਮ-ਲ) ਸਾਰੀ ਰਾਜ-ਵਿਵਸਥਾ ਦੀ ਸਾਰ ਲੈਂਦੀ ਹੈ। ਇਕ ਪ੍ਰੋਲੇਤਾਰੀ ਜਮਾਤ-ਪੱਖੀ ਸਿਆਸੀ ਪਾਰਟੀ ਹੋਣ ਦੇ ਨਾਤੇ ਇਹ ਸਾਰੀ ਰਾਜ-ਵਿਵਸਥਾ ਸਾਹਮਣੇ ਪੇਸ਼ ਕਰਦੀ ਹੈ ਕਿ ਮਜ਼ਦੂਰ ਜਮਾਤ ਦੀ ਲੀਡਰਸ਼ਿਪ ਦਾ ਨਜ਼ਰੀਆ ਕੀ ਹੈ ਤੇ ਇਹ ਕੀ ਤਜਵੀਜ਼ ਕਰਦੀ ਹੈ ਕਿ ਸਮਾਜ ਨੂੰ ਸੰਕਟ ਵਿਚੋਂ ਕੱਢ ਕੇ ਤਰੱਕੀ ਦੇ ਬਾਰ ਕਿਵੇਂ ਖੁੱਲ੍ਹ ਸਕਦੇ ਹਨ। ਇਹ ਵਿਚਾਰਧਾਰਕ ਘੋਲ ਇਸ ਲਈ ਕਰਦੀ ਹੈ ਕਿ ਇਸ ਦੀ ਆਪਣੀ ਸੋਚ ਦਾ ਵਿਕਸਤ ਹੋਣਾਂ ਅਤੇ ਮਹਿਫੂਜ਼ ਹੋਣਾਂ ਯਕੀਨੀ ਬਣੇ ਅਤੇ ਇਸਦਾ ਪ੍ਰੋਲੇਤਾਰੀ ਜਮਾਤੀ ਖ਼ਾਸਾ ਅਤੇ ਪੱਖਬਾਜ਼ੀ ਬਰਕਰਾਰ ਰਹੇ। ਇਹ ਮਜ਼ਦੂਰ ਜਮਾਤ ਦੀ ਲੀਡਰਸ਼ਿਪ ਹੇਠ ਸਾਰੀ ਰਾਜ-ਵਿਵਸਥਾ ਨੂੰ ਇਕਮੁੱਠ ਕਰਨ ਲਈ ਕੰਮ ਕਰਦੀ ਹੈ। ਇਹ ਉਨ੍ਹਾਂ ਸਾਰਿਆਂ ਨੂੰ ਵਿਚਾਰਧਾਰਕ ਤੌਰ ਤੇ ਜਥੇਬੰਦ ਕਰਦੀ ਹੈ ਜੋ ਮਾਰਕਸਵਾਦੀ-ਲੈਨਿਨਵਾਦੀ ਬਣਨ ਦੇ ਖ਼ਾਹਿਸ਼ਮੰਦ ਹਨ। ਇਹ ਯਕੀਨੀ ਬਣਾਉਂਦੀ ਹੈ ਕਿ ਸੀ.ਪੀ.ਸੀ.(ਮ-ਲ) ਦੇ ਸਾਰੇ ਕੰਮ ਨੂੰ ਸੇਧ ਦੇਣ ਵਾਲੀ ਸੋਚ ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਹੀ ਹੈ।

ਵੱਡੇ-ਵੱਡੇ ਬਿਜ਼ਨਸ, ਵੱਡੇ-ਵੱਡੇ ਲੇਬਰ ਚੌਧਰੀ ਅਤੇ ਸਰਕਾਰਾਂ ਦਾ ਤਿਕੜੀ-ਰਾਜ ਬਹੁਤ ਦਬਾਅ ਪਾਉਂਦਾ ਹੈ ਕਿ ਸੀ.ਪੀ.ਸੀ. (ਮ-ਲ) ਆਪਣਾ ਇਨਕਲਾਬੀ ਤੱਤ ਤਿਆਗ ਦੇਵੇ, ਆਪਣਾਂ ਨਾਮ ਬਦਲ ਲਵੇ ਅਤੇ ਕਮਿਉਨਿਜ਼ਮ ਲਫ਼ਜ਼ ਵਰਤਣਾਂ ਛੱਡ ਦੇਵੇ। ਉਹ ਇਕ ਟੇਢੀ ਦਲੀਲ ਪੇਸ਼ ਕਰਦੇ ਹਨ ਕਿ ਇੰਜ ਕਰਨ ਨਾਲ ਸੀ.ਪੀ.ਸੀ.(ਮ-ਲ) ਮਜ਼ਦੂਰ ਜਮਾਤ ਅਤੇ ਆਮ ਲੋਕਾਂ ਵਿਚ "ਮਕਬੂਲ" ਹੋ ਜਾਵੇਗੀ। ਇਹ ਤਿਕੜੀ-ਰਾਜ ਮੰਗ ਕਰਦਾ ਹੈ ਕਿ ਸੀ.ਪੀ.ਸੀ. (ਮ-ਲ) ਵੀ ਉਵੇਂ ਹੀ ਗੋਡੇ ਟੇਕ ਦੇਵੇ ਜਿਵੇਂ ਹੋਰ ਕਈ ਪਾਰਟੀਆਂ ਨੇ ਕੀਤਾ ਹੈ, ਤਾਂ ਕਿ ਵੱਡੇ-ਵੱਡੇ ਲੇਬਰ ਚੌਧਰੀਆਂ ਦੀ ਮੌਜ ਲੱਗ ਜਾਵੇ ਤੇ ਪੂੰਜੀਵਾਦੀ ਨਿਜ਼ਾਮ ਨੂੰ ਬਰਕਰਾਰ ਰੱਖਣ ਵਿਚ ਕੋਈ ਕਠਨਾਈ ਨਾਂ ਰਵ੍ਹੇ। ਸੀ.ਪੀ.ਸੀ.(ਮ-ਲ) ਦੀਆਂ ਮਹੱਤਵਪੂਰਨ ਸਿਆਸੀ, ਵਿਚਾਰਧਾਰਕ ਅਤੇ ਆਰਥਕ ਪੁਜੀਸ਼ਨਾਂ ਨੂੰ ਉਹ ਇਸ ਕਰਕੇ ਰੱਦ ਕਰਦੇ ਹਨ ਕਿਉਂਕਿ ਇੰਜ ਉਹ ਮਜ਼ਦੂਰ ਜਮਾਤ ਨੂੰ ਇਸਦੇ ਅਹਿਮ ਰੂਹਾਨੀ ਹਥਿਆਰ ਤੋਂ ਵਾਂਝੇ ਕਰਦੇ ਹਨ, ਮਜ਼ਦੂਰ ਜਮਾਤ ਨੂੰ ਉਨ੍ਹਾਂ ਹੀ ਪੈਂਤੜਿਆਂ ਤੋਂ ਮਹਿਰੂਮ ਕਰਦੇ ਹਨ ਜੋ ਇਸਦੀ ਜਦੋਜਹਿਦ ਨੂੰ ਕਾਮਯਾਬ ਕਰਨ ਲਈ ਆਵੱਸ਼ਕ ਹਨ। ਇਹ ਤਿਕੜੀ-ਰਾਜ ਕਾਰਲ ਮਾਰਕਸ, ਫਰੈਡਰਿਕ ਐਂਗਲਜ਼, ਵੀ.ਆਈ.ਲੈਨਿਨ, ਜੇ.ਵੀ.ਸਟਾਲਨ ਅਤੇ ਹੋਰਨਾਂ ਦੀਆਂ ਕਿਰਤਾਂ ਅਤੇ ਲਿਖਤਾਂ ਨਾਲ ਵੀ ਇਸੇ ਨਿੰਦਾ-ਪੂਰਵਕ ਢੰਗ ਨਾਲ ਪੇਸ਼ ਆਉਂਦਾ ਹੈ। ਕਮਿਉਨਿਜ਼ਮ ਦਾ ਹਊਆ ਹਾਲੇ ਵੀ ਇਨ੍ਹਾਂ ਦੇ ਦਿਲਾਂ ਨੂੰ ਘੇਰ ਪਾਉਂਦਾ ਹੈ ਤੇ ਇਹ ਸੁੱਖਾਂ ਸੁਖਦੇ ਹਨ ਕਿ ਜਾਂ ਤਾਂ ਸੀ.ਪੀ.ਸੀ.(ਮ-ਲ) ਵੀ ਇਨ੍ਹਾਂ ਵਰਗੀ ਹੀ ਹੋ ਜਾਵੇ ਜਾਂ ਫਿਰ ਕਿਸੇ ਤਰ੍ਹਾਂ ਇਸਦਾ ਨਾਮੋ-ਨਿਸ਼ਾਨ ਮਿਟ ਜਾਵੇ।

ਕਨੇਡਾ ਦੀ ਕਮਿਉਨਿਸਟ ਪਾਰਟੀ(ਮਾਰਕਸਵਾਦੀ-ਲੈਨਿਨਵਾਦੀ) ਦੀ ਨੀਂਹ ਰੱਖਣ ਤੋਂ ਲੈ ਕੇ ਹੁਣ ਤੱਕ ੨੬ ਸਾਲ ਦੇ ਸਿਰੜੀ ਸੰਘਰਸ਼ ਨੇ, ਖ਼ਾਸ ਕਰ ੧੯੮੪-੮੫ ਦੇ ਇਤਹਾਸਕ ਮੋੜ ਤੋਂ ਮਗਰੋਂ ਦੇ ਦਸ ਸਾਲ ਲੰਬੇ ਸੰਘਰਸ਼ ਨੇ, ਇਕ ਇਤਿਹਾਸਕ ਪਹਿਲਕਦਮੀ ਸ਼ੁਰੂ ਕਰਨ ਲਈ ਹਾਲਾਤ ਤਿਆਰ ਕਰ ਦਿਤੇ ਹਨ। ਇਤਿਹਾਸਕ ਪਹਿਲਕਦਮੀ ਦਾ ਮੁਖ ਲੱਛਣ, ਜਿਵੇਂ ਇਸੇ ਨਾਮ ਦੀ ਕਿਤਾਬ ਵਿਚ ਵੀ ਵਿਸਥਾਰ ਸਹਿਤ ਦੱਸਿਆ ਗਿਆ ਹੈ, ਇਹ ਇਨਕਲਾਬ ਲਈ ਅੰਤਰ-ਮੁਖੀ ਹਾਲਾਤ ਤਿਆਰ ਕਰਨ ਵਾਸਤੇ ਇਕ ਪੂਰਾ ਸੋਚਿਆ-ਸਮਝਿਆ ਅਤੇ ਤਨਜ਼ੀਮਬੰਦ ਪਲੈਨ ਹੈ। ਇਤਿਹਾਸਕ ਪਹਿਲਕਦਮੀ ਦੀ ਸ਼ੁਰੂਆਤ ਦੀ ਤਿਆਰੀ ਦੇ ਇਕ ਹਿਸੇ ਦੇ ਤੌਰ ਤੇ, ਸੀ.ਪੀ.ਸੀ.(ਮ-ਲ) ਨੇ ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੀ ਵਿਆਖਿਆ ਅਤੇ ਸਮਾਜ-ਹਿਤੈਸ਼ੀ ਪ੍ਰੋਗਰਾਮ ਤੇ ਮੁਲਕ ਦੇ ਜਮਹੂਰੀ ਕਾਇਆ-ਕਲਪ ਦਾ ਵੇਰਵਾ ਦਿੰਦੇ ਹੋਏ ਵਿਸ਼ਾਲ ਸਿਧਾਂਤਕ ਕੰਮ ਕੀਤਾ ਹੈ। ਸੀ.ਪੀ.ਸੀ.(ਮ-ਲ) ਦੀਆਂ ਸਿਧਾਂਤਕ ਅਤੇ ਅਮਲੀ ਸਰਗਰਮੀਆਂ ਵਿਚ ਇਹ ਗੱਲਾਂ ਸ਼ਾਮਲ ਹਨ ਃ ਸਮਕਾਲੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੀ ਸਿਧਾਂਤਕ ਸੋਚ ਦੀ ਬੁਨਿਆਦ ਉਤੇ ਸੀ.ਪੀ.ਸੀ.(ਮ-ਲ) ਨੂੰ ਮਜ਼ਬੂਤ ਕਰਨਾਂ, ਅਰਥਨੀਤੀ ਦੀ ਸੇਧ ਬਦਲਾਉਣ ਅਤੇ ਮਜ਼ਦੂਰ ਜਮਾਤ ਨੂੰ ਇਕ ਕੌਮ ਬਣਾਉਣ ਵਾਸਤੇ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨਾਂ, ਲੋਕਾਂ ਨੂੰ ਇਕ ਅਜੇਹਾ ਆਧੁਨਿਕ ਸੰਵਿਧਾਨ ਬਣਾਉਣ ਵਾਸਤੇ ਲਾਮਬੰਦ ਕਰਨਾਂ ਜੋ ਕਨੇਡਾ ਦੇ ਸਾਰੇ ਨਾਗਰਿਕਾਂ ਅਤੇ ਵਸਨੀਕਾਂ ਦੇ ਬਰਾਬਰ ਅਧਿਕਾਰਾਂ ਅਤੇ ਫਰਜ਼ਾਂ ਨੂੰ ਤਸਲੀਮ ਕਰੇ ਤੇ ਗਰੰਟੀ ਦੇਵੇ, ਆਬਰੀਜਨਲ ਲੋਕਾਂ ਦੇ ਪਿਤਰੀ-ਹੱਕਾਂ ਦੀ ਬਹਾਲੀ ਦੀ ਮੱਦਦ ਕਰਨਾਂ, ਕਿਉਬੈਕ ਦੀ ਕੌਮ ਦੇ ਸਵੈ-ਨਿਰਣੇ ਦੇ ਅਧਿਕਾਰ ਨੂੰ ਸਵੀਕਾਰਨਾਂ ਜਿਸ ਵਿਚ ਕਨੇਡਾ ਨਾਲੋਂ ਅਲਿਹਦਾ ਹੋ ਜਾਣ ਦਾ ਹੱਕ ਵੀ ਸ਼ਾਮਲ ਹੈ, ਸਾਰੀਆਂ ਕੌਮੀ-ਘੱਟ ਗਿਣਤੀਆਂ ਦੀ ਹਾਸ਼ੀਏਬੰਦੀ ਅਤੇ ਬਸਤੀਬੰਦੀ ਦੇ ਖ਼ਿਲਾਫ਼ ਅਤੇ ਉਨ੍ਹਾਂ ਦੇ ਕਲਚਰਾਂ ਅਤੇ ਜ਼ਬਾਨਾਂ ਦੀ ਉਨਤੀ ਲਈ ਸੰਘਰਸ਼ ਦੀ ਹਮਾਇਤ ਕਰਨਾਂ, ਔਰਤਾਂ ਦੇ ਹੱਕਾਂ ਨੂੰ ਇਸ ਅਧਾਰ ਤੇ ਤਸਲੀਮ ਕਰਨਾਂ ਕਿ ਉਹ ਔਰਤਾਂ ਹਨ। ਸੀ.ਪੀ.ਸੀ. (ਮ-ਲ) ਇਸ ਪੁਜੀਸ਼ਨ ਤੇ ਦਰਿੜ ਹੈ ਕਿ ਬਤੌਰ ਇਨਸਾਨ ਹੋਣ ਦੇ ਸਾਰੇ ਲੋਕਾਂ ਨੂੰ ਹੱਕ ਪ੍ਰਾਪਤ ਹਨ - ਅਤੇ ਰੁਜ਼ਗਾਰ ਦਾ ਅਧਿਕਾਰ ਇਕ ਮਾਨੁੱਖੀ ਅਧਿਕਾਰ ਹੈ। ਵਿਦਿਆ ਪ੍ਰਾਪਤੀ ਵੀ ਇਕ ਮਾਨੁੱਖੀ ਅਧਿਕਾਰ ਹੈ, ਸਮਾਜ ਦੇ ਵਿਦਿਅਕ ਪੱਧਰ ਨੂੰ ਉਚਾ ਕਰਨਾ ਇਕ ਫ਼ੌਰੀ ਜ਼ਰੂਰਤ ਹੈ ਤੇ ਇਸਦੇ ਬਗੈਰ ਸਮਾਜ ਦੀ ਪਦਾਰਥਕ ਭਲਾਈ ਅਤੇ ਰੂਹਾਨੀ ਸਿਹਤ ਅੱਛੀ ਨਹੀਂ ਹੋ ਸਕਦੀ।

ਇਕ ਜਨਵਰੀ ੧੯੯੫ ਨੂੰ ਆਰੰਭੀ ਗਈ ਇਸ ਇਤਿਹਾਸਕ ਪਹਿਲ-ਕਦਮੀ ਦਾ ਪਹਿਲਾ ਦੌਰ ਇਕ ਪੰਜ ਸਾਲਾ ਅਮਲੀ ਪ੍ਰੋਗਰਾਮ ਹੈ ਜੋ ੩੧ ਦਸੰਬਰ ੧੯੯੯ ਤੱਕ ਚੱਲੇਗਾ ਤੇ ਫਿਰ ੨੧ਵੀਂ ਸਦੀ ਵਿਚ ਪ੍ਰਵੇਸ਼ ਕਰਾਂਗੇ। ਇਸ ਪੰਜ ਸਾਲਾ ਯੋਜਨਾਂ ਦਾ ਪਹਿਲਾ ਉਦੇਸ਼ ਸੀ.ਪੀ.ਸੀ.(ਮ-ਲ) ਨੂੰ ਇਕ ਜਨਤਕ ਕਮਿਉਨਿਸਟ ਪਾਰਟੀ ਵਿਚ ਤਬਦੀਲ ਕਰਨਾਂ ਹੈ ਤਾਂ ਕਿ ਸਫ਼ਲਤਾਵਾਂ ਨੂੰ ਫ਼ਤਿਹ ਵਿਚ ਤਬਦੀਲ ਕਰਨ ਦਾ ਕੰਮ ਸਿਰੇ ਲੱਗ ਸਕੇ।

ਕਿਤਾਬ ਇਤਿਹਾਸਕ ਪਹਿਲ-ਕਦਮੀ ਅਨੁਸਾਰ,

"ਪੰਜ ਸਾਲਾ ਅਮਲ-ਯੋਜਨਾ, ਲਹਿਰ ਦੀਆਂ ਅੱਡਰੋ ਅੱਡਰੀਆਂ ਲੜੀਆਂ ਨੂੰ ਇਕੱਠੇ ਕਰਕੇ, ਜੋ ਅਜੋਕੀ ਕੌਮਾਂਤਰੀ ਹਾਲਤ ਕਰਕੇ ਸਾਰੇ ਮੁਲਕ ਵਿਚ ਹੋਂਦ ਵਿਚ ਆ ਰਹੀਆਂ ਹਨ, ਇਕ ਐਸੀ ਸੇਧ ਦੇਣਾਂ ਹੈ ਕਿ ਸਮਾਜ ਦੀ ਤਰੱਕੀ ਦੇ ਬੂਹੇ ਖੁਲ੍ਹ ਜਾਣ। ਇਹ ਕੰਮ ਮਾਨੁਖੀ ਤੱਤ/ ਸਮਾਜੀ ਚੇਤਨਾਂ ਨੂੰ ਉਨਤ ਕਰਕੇ ਅੱਗੇ ਲਿਆਉਣ ਦਾ ਹੈ, ਇਨਸਾਨੀ ਸੋਚ ਅਤੇ ਅਮਲ ਨੂੰ ਉਨਤ ਕਰਨ ਦਾ ਹੈ ਜੋ ਸਮਾਜ ਨੂੰ ਸੇਧ ਦੇਵੇ ਕਿ ਕੁਦਰਤ ਨੂੰ ਸਮਾਜ ਅਤੇ ਇਸਦੇ ਮੈਂਬਰਾਂ ਦੀ ਸੇਵਾ ਵਿਚ ਵਰਤਣ ਲਈ ਕਿਧਰ ਨੂੰ ਜਾਣ ਦੀ ਜ਼ਰੂਰਤ ਹੈ....

"ਇਹ ਇਤਿਹਾਸਕ ਪਹਿਲ-ਕਦਮੀ ਸ਼ੁਰੂ ਕਰਦੇ ਹੋਏ ਸੀ.ਪੀ.ਸੀ.(ਮ-ਲ) ਦੀ ਪੁਜੀਸ਼ਨ ਇਹ ਹੈ ਕਿ ਆਪਣੇ ਆਪ ਨੂੰ ਮਜ਼ਦੂਰ ਜਮਾਤ ਦੇ ਹਰਾਵਲ ਦਸਤੇ ਵਜੋਂ ਮਜ਼ਬੂਤ ਕਰਨਾਂ ਅੱਵਲ ਦਰਜੇ ਦੀ ਅਹਿਮੀਅਤ ਵਾਲੀ ਗੱਲ ਹੈ। ਬਤੌਰ ਮਜ਼ਦੂਰ ਜਮਾਤ ਦੇ ਹਰਾਵਲ ਦਸਤੇ ਦੇ ਅਤੇ ਅਤਿਅੰਤ ਤਨਜ਼ੀਮਬੰਦ ਹੋਣ ਕਰਕੇ, ਸੀ.ਪੀ.ਸੀ.(ਮ-ਲ) ਲਾਜ਼ਮੀ ਲੜਾਈ ਕਰੇ ਕਿ ਮਜ਼ਦੂਰ ਜਮਾਤ ਸਮਾਜ ਦੀ ਮੋਹਰੀ ਬਣੇ। ਇਸ ਦਾ ਅਰਥ ਇਹ ਹੈ ਕਿ ਮਜ਼ਦੂਰ ਜਮਾਤ ਲਾਜ਼ਮੀ ਤੌਰ ਤੇ ਆਪਣੇ ਆਪ ਨੂੰ ਇਕ ਕੌਮ ਬਣਾਵੇ ਜਿਵੇਂ ਕਿ ਬੁਰਜੁਆਜ਼ੀ ਨੇ ਉਸ ਵੇਲੇ ਕੀਤਾ ਜਦ ਇਹ ਸਮਾਜ ਵਿਚ ਭਾਰੂ ਜਮਾਤ ਸੀ। ਮਜ਼ਦੂਰ ਜਮਾਤ ਨੂੰ ਤਾਕਤ ਵਿਚ ਆਉਣਾਂ ਹੀ ਪੈਣਾ ਹੈ ਤੱਦ ਹੀ ਇਹ ਸਮਾਜ ਅਤੇ ਸੰਸਾਰ ਨੂੰ ਆਪਣੇ ਰੰਗ ਵਿਚ ਰੰਗ ਸਕੇਗੀ। ਇਹਦੇ ਲਈ ਜ਼ਰੂਰਤ ਇਹ ਹੈ ਕਿ ਇਨਕਲਾਬ ਦੇ ਜ਼ਰੀਏ ਐਸੀਆਂ ਡੂੰਘੀਆਂ ਤਬਦੀਲੀਆਂ ਲਿਆਂਦੀਆਂ ਜਾਣ ਜੋ ਲੋਕਾਂ ਨੂੰ ਹਰ ਗੱਲ ਵਿਚ ਕੇਂਦਰੀ ਸਥਾਨ ਦੇਣ ਕਿਉਂਕਿ ਉਹ ਇਨਸਾਨ ਹਨ ਅਤੇ ਬਤੌਰ ਇਸ ਠੋਸ ਹਕੀਕਤ ਦੇ ਉਨ੍ਹਾਂ ਨੂੰ ਹੱਕ ਪ੍ਰਾਪਤ ਹਨ।

"ਸੰਸਾਰ ਇਕ ਐਸੇ ਮਹਾਨ ਸਮਾਜਕ ਇਨਕਲਾਬ ਦੇ ਬੂਹੇ ਤੇ ਖੜਾ ਹੈ ਜਿਹੋ ਜਿਹਾ ਪਹਿਲਾਂ ਕਦੇ ਨਹੀਂ ਆਇਆ। ਇਸਦੇ ਸੰਕੇਤ ਇਸ ਗੱਲ ਤੋਂ ਮਿਲਦੇ ਹਨ ਕਿ ਪੂੰਜੀਵਾਦ ਦੇ ਆਖ਼ਰੀ ਦੌਰ ਦੀਆਂ ਡੂੰਘੀਆਂ ਸਮੱਸਿਆਵਾਂ ਹੱਲ ਕਰਨ ਵਿਚ ਬੁਰਜੁਆਜ਼ੀ ਨੂੰ ਕੋਈ ਦਿਲਚਸਪੀ ਨਹੀਂ।

ਸਰਮਾਏਦਾਰਾਂ ਅਤੇ ਇਨ੍ਹਾਂ ਦੀਆਂ ਹਕੂਮਤਾਂ ਦੀ ਇਹ ਮੰਗ ਹੈ ਕਿ ਲੋਕੀ ਆਪਣਾਂ ਗੁਜ਼ਾਰ ਆਪ ਚਲਾਉਣ ਸਮਾਜ ਦਾ ਕੋਈ ਸਰੋਕਾਰ ਨਹੀਂ। ਇਹ ਵੀ ਇਸ ਗੱਲ ਦਾ ਸੰਕੇਤ ਹੈ ਕਿ ਸਮਾਜਕ ਇਨਕਲਾਬ ਕੋਈ ਬਹੁਤੀ ਦੂਰ ਦੀ ਗੱਲ ਨਹੀਂ। ਬੁਰਜੁਆਜ਼ੀ ਦਾ ਇਹ ਸੰਕਲਪ ਕਿ ਅੱਛੀ ਆਰਥਕਤਾ ਦਾ ਪਤਾ ਇਸ ਚੀਜ਼ ਤੋਂ ਲੱਗਦਾ ਹੈ ਕਿ ਮੁਨਾਫੇ ਦੀ ਦਰ ਕਿੰਨੀ ਉਚੀ ਹੈ, ਲੋਕਾਂ ਦੀ ਭਲਾਈ ਜਾਂ ਸਮਾਜ ਦੀ ਬਿਹਤਰੀ ਮਹੱਤਵਪੂਰਨ ਨਹੀਂ, ਵੀ ਇਸੇ ਗੱਲ ਵੱਲ ਇਸ਼ਾਰਾ ਕਰਦਾ ਹੈ। ਬੁਰਜੁਆਜ਼ੀ ਦਾ ਬੁਨਿਆਦੀ ਮੰਤਵ ਇਹ ਹੈ ਕਿ ਸੰਸਾਰ-ਮੰਡੀ ਦੇ ਮੁਕਾਬਲੇ ਵਿਚ ਆਪਣੇ ਹੱਥ ਰੰਗਣ ਅਤੇ ਆਪਣਾਂ ਅਸਰ ਰਸੂਖ ਕਾਇਮ ਕਰਨ ਦੇ ਮਕਸਦ ਨੂੰ ਮੁਖ ਰੱਖਕੇ ਹੀ ਬਦੇਸ਼ੀ ਤੇ ਅੰਦਰੂਨੀ ਨੀਤੀ ਬਣਾਈ ਜਾਵੇ, ਕੌਮਾਂ ਦੀ ਅਮਨਪੂਰਵਕ-ਸਹਿਹੋਂਦ ਜਾਂ ਲੋਕਾਂ ਦੀ ਭਰਾਤਰੀ ਏਕਤਾ ਨੂੰ ਮੁਖ ਰੱਖਕੇ ਨਹੀਂ। ਇਸ ਨਾਲ ਆਧੁਨਿਕ ਨੇਸ਼ਨ-ਸਟੇਟ ਤਬਾਹੀ ਵੱਲ ਜਾ ਰਹੀ ਹੈ, ਲੜਾਈਆਂ-ਝਗੜੇ ਉਠ ਰਹੇ ਹਨ, ਸੰਸਾਰ ਗਰੀਬੀ ਵੱਧ ਰਹੀ ਹੈ, ਭੁੱਖ-ਦੁੱਖ ਤਰੱਕੀ ਕਰ ਰਹੇ ਹਨ। ਮਜ਼ਦੂਰ ਜਮਾਤ ਅਤੇ ਲੋਕਾਂ ਦੀ ਇਹ ਮੰਗ ਕਿ ਸਮਾਜ ਸਾਰਿਆਂ ਦੀ ਲੋੜ ਪੂਰਤੀ ਕਰੇ, ਇਨਕਲਾਬ ਦਾ ਹਰਕਾਰਾ ਹੈ।

"ਇਕ ਨਵਾਂ ਦੌਰ, ਬੁਰਜੁਆਜ਼ੀ ਨਾਲ ਜ਼ੋਰ-ਅਜ਼ਮਾਈ ਦਾ ਵੇਲਾ, ਨੇੜੇ ਆ ਰਿਹਾ ਹੈ ਇਸ ਸਵਾਲ ਉਤੇ ਕਿ ਸਮਾਜ ਦੀ ਤਰੱਕੀ ਦੇ ਦਰਵਾਜ਼ੇ ਖੁਲ੍ਹਣਗੇ ਕਿ ਬੰਦ ਰਹਿਣਗੇ। ਬੁਰਜੁਆਜ਼ੀ ਪੂਰਾ ਤਾਣ ਲਾ ਰਹੀ ਹੈ ਕਿ ਇਹ ਦਰਵਾਜ਼ੇ ਬੰਦ ਹੀ ਰਹਿਣ ਤੇ ਸਮਾਜ ਵਿਚ ਇਸਦਾ ਦਬਦਬਾ ਕਾਇਮ ਰਹੇ ਤੇ ਲੋਟੂਆਂ ਦੇ ਬਗੈਰ ਹੋਰ ਕਿਸੇ ਲਈ ਵੀ ਸਮਾਜ ਕੋਈ ਜ਼ਿੰਮੇਵਾਰੀ ਨਾਂ ਲਵੇ। ਇਸ ਜ਼ੋਰ-ਅਜ਼ਮਾਈ ਦੇ ਘੋਲ ਵਿਚ ਪ੍ਰੋਲੇਤਾਰੀ ਨੂੰ ਬੁਰਜੁਆਜ਼ੀ ਦੀ ਪਿੱਠ ਲਾਉਣੀ ਪੈਣੀ ਹੈ ਤਾਂ ਹੀ ਸਮਾਜ ਦੀ ਤਰੱਕੀ ਦਾ ਰਾਹ ਖੁਲ੍ਹੇਗਾ, ਤਾਂ ਹੀ ਇਕ ਐਸਾ ਸਮਾਜ ਜਨਮ ਲੈ ਸਕੇਗਾ ਜਿਸ ਵਿਚ ਆਰਥਕ ਤੇ ਸਿਆਸੀ ਢਾਂਚਾ ਸਾਰਿਆਂ ਦੀ ਭਲਾਈ ਦਾ ਖਿਆਲ ਰੱਖੇ।"

++++++++++++++++++++++++

ਸੱਠਵਿਆਂ ਦਾ ਦਹਾਕਾ ਸਾਮਰਾਜ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਦੌਰ ਵਿਚ ਇਨਕਲਾਬ ਦੀ ਚੜ੍ਹਤ ਦਾ ਜ਼ਮਾਨਾਂ ਸੀ ਤੇ ਸੱਤਰਵਿਆਂ ਅਤੇ ਅੱਸੀਵਿਆਂ ਦੇ ਦਹਾਕਿਆਂ ਵਿਚ ਵੀ ਇਨਕਲਾਬ ਦੀ ਚੜ੍ਹਤ ਹੀ ਰਹੀ। ੮੦ ਵਿਆਂ ਦਾ ਦਹਾਕਾ ਮੁੱਕਦਿਆਂ ਇਨਕਲਾਬ ਦੀ ਚੜ੍ਹਤ ਮੱਠੀ ਹੋ ਗਈ ਤੇ ਸੰਸਾਰ ਇਨਕਲਾਬ ਪਿਛੇ ਜਾਣਾ ਸ਼ੁਰੂ ਹੋ ਗਿਆ ਭਾਵੇਂ ਕਿ ਦੌਰ ਦੀ ਬੁਨਿਆਦੀ ਸਿਫ਼ਤ ਪਹਿਲਾਂ ਵਾਲੀ ਹੀ ਹੈ, ਬਦਲੀ ਨਹੀਂ।

ਸੱਠਵਿਆਂ ਵਿਚ ਇਨਕਲਾਬੀ ਚੜ੍ਹਤ ਦੇ ਅਰਸੇ ਦੌਰਾਨ, ਫ਼ੌਰੀ ਕੰਮ ਇਹ ਸੀ ਕਿ ਕਨੇਡਾ ਵਿਚ ਇਨਕਲਾਬ ਲਈ ਚੇਤਨ ਆਧਾਰ ਤਿਆਰ ਕੀਤਾ ਜਾਵੇ ਜਿਸਦੀ ਪਦਾਰਥਕ ਨੀਂਹ ਮਜ਼ਦੂਰ ਜਮਾਤ ਹੈ। ਇਸ ਕੰਮ ਨੂੰ ਸਫਲ ਬਣਾਉਣ ਲਈ ਇਕ ਲੰਮੀ ਜਦੋਜਹਿਦ ਚੱਲੀ। ਇਹ ਸਪੱਸ਼ਟ ਹੋ ਗਿਆ ਕਿ ਇਸ ਕੰਮ ਦੀ ਸਫਲਤਾ ਯਕੀਨੀ ਨਹੀਂ ਜਦ ਤੱਕ ਇਨਕਲਾਬ ਨੂੰ ਸੇਧ ਦੇਣ ਵਾਲੀ ਸਾਰੀ ਸੋਚ ਦੀ ਬੁਨਿਆਦ ਕਨੇਡਾ ਦੀਆਂ ਅੰਦਰੂਨੀ ਹਕੀਕਤਾਂ ਤੇ ਅਧਾਰਤ ਨਹੀਂ, ਇਥੋਂ ਦੀਆਂ ਇਤਹਾਸਕ, ਫਲਸਫ਼ਾਨਾਂ ਅਤੇ ਸਭਿਆਚਾਰਕ ਰਵਾਇਤਾਂ ਅਨੁਸਾਰ ਨਹੀਂ, ਜੋ ਹਰੇਕ ਉਸ ਚੰਗੀ ਚੀਜ਼ ਨੂੰ ਅੱਗੇ ਲਿਆਉਣ ਜਿਹੜੀ ਇਨਕਲਾਬ ਲਈ ਚੇਤਨ-ਅਧਾਰ ਤਿਆਰ ਕਰਨ ਵਿਚ ਮੱਦਦਗਾਰ ਹੋਵੇ।

ਅੰਤਰਰਾਸ਼ਟਰਵਾਦੀਏ, (ਇੰਟਰਨੈਸ਼ਨਲਇਸਟਸ) ੧੯੬੦ ਵਿਆਂ ਦੀਆਂ ਸੱਭ ਤੋਂ ਅਹਿਮ ਜਥੇਬੰਦੀਆਂ ਵਿਚੋਂ ਇਕ ਸੀ ਜੋ ਬਰਿਟਿਸ਼ ਕੋਲੰਬੀਆ ਦੀ ਯੂਨੀਵਰਸਿਟੀ, ਵੈਨਕੂਵਰ, ਵਿਖੇ ੧੩ ਮਾਰਚ ੧੯੬੩ ਨੂੰ ਬਣਾਈ ਗਈ। ਇਸ ਨੇ ਕਨੇਡਾ ਅਤੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਦੇ ਅਨੁਸਾਰ ਇਨਕਲਾਬ ਲਈ ਚੇਤਨ-ਅਧਾਰ ਤਿਆਰ ਕਰਨ ਲਈ ਫੈਸਲਾਕੁੰਨ ਰੋਲ ਅਦਾ ਕੀਤਾ। ਹੇਠ ਲਿਖੇ ਅਹਿਮ ਸੁਆਲਾਂ ਤੇ ਬੁਰਜੁਆਜ਼ੀ ਨਾਲ ਝੜਪਾਂ ਦੇ ਪੰਜ ਅਹਿਮ ਸਾਲਾਂ ਦੌਰਾਨ ਇਸਨੇ ਤਰੱਕੀ ਕੀਤੀਃ ਸਲਾਹ ਮਸ਼ਵਰੇ ਦਾ ਇਕ ਅਜੇਹਾ ਮਾਹੌਲ ਬਣਾਉਣਾਂ ਜਿਥੇ ਲੋਕੀ ਵਿਚਾਰ ਵਟਾਂਦਰੇ ਵਿਚ ਸਿਧੇ ਤੌਰ ਤੇ ਹਿਸਾ ਲੈ ਸਕਣ, ਕਨੇਡਾ ਵਿਚ ਸਾਮਰਾਜ ਅਤੇ ਇਸਦੇ ਆਰਥਕ ਤੇ ਸਭਿਆਚਾਰਕ ਧੁਸ ਦੀ ਸਖ਼ਤ ਮੁਖ਼ਾਲਫ਼ਤ ਕਰਨੀ, ਬੁਰਜੁਆਜ਼ੀ ਦੇ ਗਲ-ਸੜ ਰਹੇ ਵਿਦਿਅਕ ਸਿਸਟਮ ਦੀ ਮੁਖ਼ਾਲਫ਼ਤ ਕਰਨੀ, ਅਤੇ ਜਾਗਰੂਕਤਾ ਦੇ ਸਿਧਾਂਤ ਅਤੇ ਤਨਜ਼ੀਮ ਨਾਲ ਤੁਅੱਲਕ ਰੱਖਣ ਵਾਲੇ ਮਸਲਿਆਂ ਦੀ ਪੈਰਵੀ ਦਾ ਕੰਮ ਨਿਰੰਤਰ ਕਰੀ ਜਾਣਾਂ। ਇਸਨੇ ਸਾਰੇ ਮੁਲਕਾਂ ਦੀ ਮਜ਼ਦੂਰ ਜਮਾਤ ਅਤੇ ਲੋਕਾਂ ਦੀ ਸਮਾਜਵਾਦ ਲਈ ਜਦੋਜਹਿਦਾਂ ਦੀ ਹਮਾਇਤ ਕੀਤੀ, ਸੋਵੀਅਤ ਯੂਨੀਅਨ ਅਤੇ ਸਾਬਕਾ ਲੋਕ-ਜਮਹੂਰੀਅਤਾਂ ਵਿਚ ਸਰਮਾਏਦਰੀ ਬਹਾਲ ਕਰਨ ਦੀ ਮੁਖ਼ਾਲਫ਼ਤ ਕੀਤੀ, ਅਤੇ ਇਨਕਲਾਬ ਅਤੇ ਕੌਮੀ-ਅਜ਼ਾਦੀ ਲਈ ਲੜ ਰਹੇ ਲੋਕਾਂ ਦੀ ਸਰਗਰਮ ਹਮਾਇਤ ਕੀਤੀ ਜਿਵੇਂ ਕਿ ਇੰਡੋ-ਚੀਨ, ਕੋਰੀਆ, ਕਿਊਬਾ, ਲੋਕ-ਤੰਤਰਿਕ ਚੀਨ, ਅਲਬਾਨੀਆਂ, ਅਤੇ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਹੋਰ ਕਈ ਮੁਲਕਾਂ ਦੇ ਲੋਕਾਂ ਦੇ ਸੰਘਰਸ਼।

੧੯੬੭ ਵਿਚ, ਨੀਸੈਸਟੀ ਫਾਰ ਚੇਂਜ ਦੀ ਜੋਸ਼ੀਲੀ ਪੁਕਾਰ ਤਹਿਤ, ਇਕ ਪੈਂਫਲਿਟ ਛਾਪਿਆ ਅਤੇ ਤਕਸੀਮ ਕੀਤਾ ਜਿਸਦੀਆਂ ੧੫,੦੦੦ ਕਾਪੀਆਂ ਬਹੁਤ ਹੀ ਥੋੜੇ ਜਿਹੇ ਚਿਰ ਵਿਚ ਵਿਕ ਗਈਆਂ। ਅੰਤਰਰਾਸ਼ਟਰਵਾਦੀਏ, ਇਨਕਲਾਬੀ ਸ਼ਕਤੀਆਂ ਦੀ ਇਕ ਐਸੀ ਜੁਝਾਰੂ ਜਥੇਬੰਦੀ ਬਣ ਗਈ ਜੋ ਵੇਲੇ ਦੇ ਭਾਰੂ ਵਿਚਾਰਾਂ ਨਾਲੋਂ ਪੂਰੀ ਤਰ੍ਹਾਂ ਨਿਖੇੜਾ ਕਰ ਗਈ ਸੀ। ਇਸ ਨਾਲ ਉਸ ਜਾਗਰੂਕਤਾ ਦੀ ਸ਼ੁਰੂਆਤ ਹੋਈ ਜਿਹਦਾ ਅਧਾਰ ਭਾਰੂ ਵਿਚਾਰਾਂ ਨਾਲੋਂ ਪੂਰਾ ਤੋੜ-ਵਿਛੋੜਾ ਸੀ। ੧੯੬੮ ਵਿਚ, ਅੰਤਰਰਾਸ਼ਟਰਵਾਦੀਏ, ਮੁੜ-ਜਥੇਬੰਦ ਕੀਤੀ ਗਈ ਤੇ ਇਸ ਦੀ ਸੋਚਣੀ ਨੂੰ ਸੇਧ ਦੇਣ ਵਾਲੀ ਵਿਚਾਰਧਾਰਾ ਮਾਰਕਸਵਾਦ-ਲੈਨਿਨਵਾਦ ਦਾ ਸਿਧਾਂਤ ਮਿਥਿਆ ਗਿਆ ਅਤੇ ਹਰ ਪ੍ਰਕਾਰ ਦੇ ਸੋਧਵਾਦ ਅਤੇ ਮੌਕਾਪ੍ਰਸਤੀ, ਖ਼ਾਸ ਕਰ ਸੱਜੀ-ਮੌਕਾਪ੍ਰਸਤੀ ਜੋ ਇਨਕਲਾਬ ਅਤੇ ਸਮਾਜਵਾਦ ਨੂੰ ਮੁਖ ਖ਼ਤਰਾ ਖੜਾ ਕਰਦੀ ਸੀ, ਦੀ ਮੁਖ਼ਾਲਫ਼ਤ ਕਰਨ ਲਈ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਤੋਂ ਸੇਧ ਲੈਣ ਦਾ ਨਿਸਚਾ ਕੀਤਾ ਗਿਆ। ਇਸ ਨਾਲ ਕਨੇਡਾ ਵਿਚ ਇਨਕਲਾਬ ਲਈ ਜਾਗਰੂਕ-ਤੱਤ ਦੀ ਉਸਾਰੀ ਦਾ ਕੰਮ ਹੋਰ ਉਚੀ ਪੱਧਰ ਤੇ ਪਹੁੰਚਾ ਜੋ ਇਕ ਅਜੇਹੀ ਜਥੇਬੰਦੀ ਨੂੰ ਜਨਮ ਦੇਵੇ ਜਿਹੜੀ ਜਾਗਰੂਕ ਢੰਗ ਨਾਲ ਕਨੇਡਾ ਵਿਚ ਇਨਕਲਾਬੀ ਹਾਲਾਤ ਤਿਆਰ ਕਰਨ ਲਈ ਕੰਮ ਵਿਚ ਅਗਵਾਈ ਦੇਣ ਦੇ ਸਮਰੱਥ ਹੋਵੇ। ਇਸ ਤਰ੍ਹਾਂ, ਅੰਤਰਰਾਸ਼ਟਰਵਾਦੀਆਂ ਦੇ ਕੰਮ ਰਾਹੀਂ ਕਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੀ ਨੀਂਹ ਰੱਖਣ ਲਈ ਜ਼ਮੀਨ ਜਲਦੀ ਹੀ ਤਿਆਰ ਹੋ ਗਈ।

ਇਸੇ ਹੀ ਅਰਸੇ ਦੌਰਾਨ ਅੰਤਰਰਾਸ਼ਟਰਵਾਦੀਆਂ ਨੇ ਲੋਕਾਂ ਦੇ ਅਧਿਕਾਰਾਂ ਦੀ ਰਾਖੀ, ਔਰਤਾਂ ਦੇ ਅਧਿਕਾਰਾਂ ਦੀ ਰਾਖੀ, ਕਿਊਬੈਕ ਦੀ ਕੌਮ ਦੇ ਹੱਕਾਂ, ਆਬਰੀਜਨਲ ਲੋਕਾਂ ਦੇ ਹੱਕਾਂ ਅਤੇ ਕੌਮੀ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਦੇ ਸੁਆਲਾਂ ਦਾ ਮਸਲਾ ਉਲੀਕਿਆ ਅਤੇ ਦਰਸਾਇਆ ਕਿ ਇਨ੍ਹਾਂ ਅਧਿਕਾਰਾਂ ਲਈ ਜਦੋਜਹਿਦ ਸਾਰੇ ਕਨੇਡੀਅਨਾਂ ਦੇ ਅਧਿਕਾਰਾਂ ਦੀ ਜਦੋਜਹਿਦ ਹੈ ਅਤੇ ਲਾਜ਼ਮੀ ਤੌਰ ਤੇ ਸਾਰਿਆਂ ਨੂੰ ਇਕੱਠੇ ਹੋਕੇ ਇਹ ਜਦੋਜਹਿਦ ਲੜਨੀ ਪਵੇਗੀ। ਅਗਾਂਹਵਧੂ ਔਰਤਾਂ ਨੇ ਚੇਤੰਨ-ਤੱਤ ਪੈਦਾ ਕਰਨ ਦੇ ਇਸ ਘੋਲ ਨੂੰ ਅਪਣਾ ਲਿਆ ਜੋ ਉਨ੍ਹਾਂ ਦੀ ਮੁਕਤੀ ਲਈ ਇਕ ਲਾਜ਼ਮੀ ਸ਼ਰਤ ਹੈ। ਕੌਮੀ ਘੱਟ-ਗਿਣਤੀਆਂ ਦੇ ਲੋਕਾਂ ਨੇ ਵੀ ਇਵੇਂ ਹੀ ਕੀਤਾ। ਨੌਜੁਆਨਾਂ ਅਤੇ ਵਿਦਿਆਰਥੀਆਂ ਨੇ ਵੀ ਬੜੇ ਉਤਸ਼ਾਹ ਨਾਲ ਚੇਤਨ-ਤੱਤ ਦੀ ਓਸਾਰੀ ਦਾ ਕੰਮ ਛੋਹ ਲਿਆ ਤਾਂ ਕਿ ਉਨ੍ਹਾਂ ਦੀ ਆਪਣੀ ਹਾਸ਼ੀਏਬੰਦੀ ਵੀ ਮੁਕੇ। ਮਜ਼ਦੂਰਾਂ, ਔਰਤਾਂ, ਨੌਜੁਆਨਾਂ ਅਤੇ ਵਿਦਿਆਰਥੀਆਂ ਨੂੰ ਹਰਕਤਸ਼ੀਲ ਕਰਨ ਦੇ ਨਾਲ ਨਾਲ ਅੰਤਰਰਾਟਰਵਾਦੀਆਂ ਨੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਅਤੇ ਨਸਲਵਾਦ ਅਤੇ ਫ਼ਾਸ਼ੀਵਾਦੀ ਹਿੰਸਕ ਹਮਲਿਆਂ ਖਿਲਾਫ਼ ਬੇਕਿਰਕ ਘੋਲ ਕਰਦੇ ਹੋਏ ਸਿਆਸੀ ਅਖਾੜੇ ਵਿਚ ਲੋਕਾਂ ਦੀ ਹਾਸ਼ੀਏਬੰਦੀ ਮੁਕਾਉਣ ਦਾ ਵੀ ਬੀੜਾ ਚੁਕਿਆ। ਮਜ਼ਦੂਰਾਂ, ਔਰਤਾਂ, ਨੌਜੁਆਨਾਂ ਅਤੇ ਵਿਦਿਆਰਥੀਆਂ ਦੀ ਤਨਜ਼ੀਮਾਂ ਬਣਾਈਆਂ ਗਈਆਂ ਜਿਵੇਂ ਕਿ ਕਨੇਡੀਅਨ ਸਟੂਡੈਂਟਸ ਮੂਵਮੈਂਟ ੧੯੬੮ ਵਿਚ ਬਣਾਈ ਗਈ ਤੇ ਇਸਦਾ ਕਿਊਬੈਕ ਵਿੰਗ ਸਥਾਪਤ ਕੀਤਾ ਅਤੇ ਜਮਹੂਰੀ ਔਰਤ ਸਭਾ ਬਣਾਈ। ਮੌਂਟਰੀਅਲ ਵਿਚ ੧੯੬੯ ਵਿਚ ਸੀ.ਡੀ.ਡੀ.ਪੀ. ਸਥਾਪਤ ਕੀਤੀ ਗਈ। ਹੋਰ ਸਾਰੇ ਮੁਲਕ ਵਿਚ ਵੀ ਖਾੜਕੂ ਜਥੇਬੰਦੀਆਂ ਬਣਾਈਆਂ ਜਿਵੇਂ ਕਿ ੧੯੭੩ ਵਿਚ ਵੈਨਕੂਵਰ ਵਿਖੇ ਈਸਟ ਇੰਡੀਅਨ ਡੀਫੈਂਸ ਕਮੇਟੀ ਬਣਾਈ ਤੇ ਫੇਰ ਟਰਾਂਟੋ ਵਿਚ ਵੈਸਟ ਇੰਡੀਅਨ ਪੀਪਲਜ਼ ਆਰਗੇਨਾਈਜ਼ੇਸ਼ਨ ਸਥਾਪਤ

ਕੀਤੀ। ਇਸ ਸਾਰੇ ਕੰਮ ਦੇ ਸਿਰ ਤੇ ੧੯੯੦ ਵਿਚ ਨਸਲਵਾਦ ਅਤੇ ਫ਼ਾਸ਼ੀ ਹਿੰਸਾ ਵਿਰੁਧ ਪੀਪਲਜ਼ ਫਰੰਟ ਬਣਿਆਂ। ਇਸ ਤਰ੍ਹਾਂ, ੧੯੬੦ਵਿਆਂ ਦੇ ਦਹਾਕੇ ਦੇ ਦੂਸਰੇ ਅੱਧ ਤੱਕ ਇੰਟਰਨੈਸ਼ਨਲਿਸਟਾਂ ਦੇ ਪ੍ਰਭਾਵ ਹੇਠ ਇਕ ਕਾਫ਼ੀ ਤਕੜੀ ਜਨਤਕ ਲਹਿਰ ਉਭਰ ਪਈ ਜਿਸਨੇ ਨਾਂ ਸਿਰਫ ਸੀ.ਪੀ.ਸੀ.(ਮ-ਲ) ਨੂੰ ਹੀ ਹੋਂਦ ਵਿਚ ਲਿਆਂਦਾ ਸਗੋਂ ਮਜ਼ਦੂਰਾਂ, ਔਰਤਾਂ, ਨੌਜੁਆਨਾਂ ਅਤੇ ਵਿਦਿਆਰਥੀਆਂ ਦੀਆਂ ਵਿਸ਼ਾਲ ਜਥੇਬੰਦੀਆਂ ਨੂੰ ਵੀ ਜਨਮ ਦਿਤਾ।

ਆਪਣੇ ਜਨਮ ਤੋਂ ਹੀ ਸੀ.ਪੀ.ਸੀ.(ਮ-ਲ) ਇਕ ਡੂੰਘੀ ਤੇ ਵਿਸ਼ਾਲ ਜਦੋਜਹਿਦ ਵਿਚ ਕੁਦ ਪਈ, ਇਹ ਚੰਗੀ ਤਰ੍ਹਾਂ ਜਾਣਦੇ ਹੋਏ ਕਿ ਬਣੀ ਬਣਾਈ ਕੋਈ ਚੀਜ਼ ਨਹੀਂ ਲੱਭਣੀ। ਤੇ ਇਹ ਗੱਲ ਹੈ ਵੀ ਬੜੀ ਸਹੀ ਕਿਉਂਕਿ ਸੀ.ਪੀ.ਸੀ.(ਮ-ਲ) ਦਾ ਰਣਨੀਤਕ ਨਿਸ਼ਾਨਾਂ ਹੀ ਇਕ ਬਿਲਕੁਲ ਨਵਾਂ ਨਕੋਰ ਤੇ ਆਧੁਨਿਕ ਸਮਾਜ ਪੈਦਾ ਕਰਨ ਦਾ ਹੈ ਜਿਥੇ ਇਨਸਾਨ ਹੱਥੋਂ ਇਨਸਾਨ ਦੀ ਲੁਟ ਨਾਂ ਹੋਵੇ। ਕਨੇਡਾ ਵਿਚ ਅਜੇਹਾ ਸਮਾਜ ਕਦੇ ਵਜੂਦ ਵਿਚ ਨਹੀਂ ਰਿਹਾ, ਪਰ ਇਸਦੇ ਲਈ ਲੋੜੀਂਦਾ ਪਦਾਰਥਕ ਆਧਾਰ ਮੌਜੂਦ ਹੈ ਪੈਦਾਵਾਰ ਦੇ ਵਿਸ਼ਾਲ ਸਮਾਜੀਕਰਣ ਦੀ ਸ਼ਕਲ ਵਿਚ। ਇਹ ਚੀਜ਼ ਸਮਝਦੇ ਹੋਏ, ਇਹ ਆਸ ਤਾਂ ਸੀ ਹੀ ਕਿ ਪੁਰਾਣੀਆਂ ਦਕੀਆਨੂਸੀ ਸ਼ਕਤੀਆਂ ਜੋ ਹਰੇਕ ਪੁਰਾਣੀ ਤੇ ਗੱਲ-ਸੜ ਰਹੀ ਸ਼ੈਅ ਦੀਆਂ ਪ੍ਰਤੀਨਿਧ ਹਨ, ਪੂਰੀ ਸ਼ਿਦਤ ਤੇ ਬੇਰਹਿਮੀ ਨਾਲ ਨਵੀਆਂ ਉਭਰ ਰਹੀਆਂ ਇਨਕਲਾਬੀ ਸ਼ਕਤੀਆਂ ਦੇ ਖ਼ਿਲਾਫ਼ ਲੜਾਈ ਕਰਨਗੀਆਂ। ਇਸੇ ਕਰਕੇ ਸੀ.ਪੀ.ਸੀ.(ਮ-ਲ) ਨੇ ਸਟੇਟ ਜਥੇਬੰਦ ਹਮਲਿਆਂ ਖ਼ਿਲਾਫ਼ ਸ਼ਾਨਦਾਰ ਲੜਾਈਆਂ ਕਰਨ ਦੇ ਨਾਲ ਨਾਲ ਹੋਰ ਕੰਮਾਂ ਦਾ ਮੈਦਾਨ ਵੀ ਤਿਆਰ ਕਰ ਲਿਆ। ਇਨ੍ਹਾਂ ਸਟੇਟ ਜਥੇਬੰਦ ਹਮਲਿਆਂ ਦੀ ਵਿਰੋਧਤਾ ਕਰਨ ਲਈ ਇਕ ਤਕੜੀ ਲਹਿਰ ਬੁਲੰਦ ਕੀਤੀ ਗਈ ਜਿਸ ਵਿਚ ਇਸਦੇ ਮੈਂਬਰਾਂ ਅਤੇ ਹਮਾਇਤੀਆਂ ਦੀਆਂ ੨,੫੦੦ ਗਰਿਫ਼ਤਾਰੀਆਂ ਤੇ ਹੋਈਆਂ ਤੇ ਬਹੁਤ ਸਾਰਿਆਂ ਨੂੰ ਜੇਲ੍ਹਾਂ ਕੱਟਣੀਆਂ ਪਈਆਂ। ਸਟੇਟ-ਜਥੇਬੰਦ ਹਮਲਿਆਂ ਦੇ ਇਲਾਵਾ, ਸੀ.ਪੀ.ਸੀ.(ਮ-ਲ) ਨੂੰ ਐਸੇ ਅੰਸਰਾਂ ਦੀਆਂ ਫੁਟ-ਪਾਊ ਅਤੇ ਰੋੜਾ-ਅਟਕਾਊ ਕਾਰਵਾਈਆਂ ਦਾ ਵੀ ਸਾਹਮਣਾਂ ਕਰਨਾਂ ਪਿਆ ਜੋ "ਅਗਾਂਹਵਧੂ" ਅਤੇ "ਖੱਬੂ" ਹੋਣ ਦਾ ਵੀ ਸਾਂਗ ਰਚਦੇ ਸਨ। ਸੁਚੇਤ-ਤੱਤ ਨੂੰ ਵਿਕਸਤ ਕਰਨ ਅਤੇ ਇਸਦੀ ਰਾਖੀ ਕਰਨ ਨੂੰ ਮੱਦੇ ਨਜ਼ਰ ਰੱਖ ਕੇ ਸੀ.ਪੀ.ਸੀ.(ਮ-ਲ) ਨੇ ਸਾਰੇ ਮਾਰਕਸਵਾਦੀਆਂ-ਲੈਨਿਨਵਾਦੀਆਂ ਨੂੰ ਇਕੋ ਪਾਰਟੀ ਦੇ ਝੰਡੇ ਹੇਠ ਕੱਠੇ ਕਰਨ ਲਈ ਲਹਿਰ ਆਰੰਭੀ ਅਤੇ ਹਰ ਤਰ੍ਹਾਂ ਦੇ ਸੋਧਵਾਦੀਆਂ ਅਤੇ ਮੌਕਾਪ੍ਰਸਤਾਂ ਖ਼ਿਲਾਫ਼ ਇਕ ਨਿਰੰਤਰ ਵਿਚਾਰਧਾਰਕ ਘੋਲ ਚਲਾਇਆ ਤੇ ਅੱਜ ਵੀ ਇਹ ਇਹੋ ਘੋਲ ਇਕ ਨਵੇਂ ਇਤਿਹਾਸਕ ਅਧਾਰ ਉਤੇ ਚਲਾ ਰਹੀ ਹੈ।

ਸੀ.ਪੀ.ਸੀ.(ਮ-ਲ) ਦਾ ਮੁੱਢ ਬੱਝਣਾਂ ਅਤੇ ੧੯੭੧ ਵਿਚ ਇਸਦੀ ਪਹਿਲੀ ਕਾਂਗਰਸ ਹੋਣਾਂ ਉਨ੍ਹਾਂ ਉਤੇ ਜਿਤਾਂ ਸਨ ਜੋ ਮੰਨਦੇ ਨਹੀਂ ਸਨ ਕਿ ਪੁਰਅਸਰ ਹੋਣ ਲਈ ਜਾਗਰੂਕ-ਤੱਤ ਨੂੰ ਇਕ ਤਨਜ਼ੀਮੀ ਸ਼ਕਲ ਦੇਣੀ ਪੈਂਦੀ ਹੈ। ਉਹ ਸੀ.ਪੀ.ਸੀ.(ਮ-ਲ) ਖ਼ਿਲਾਫ਼ ਲੜੇ ਤਾਂ ਕਿ ਸ਼ਕਲ ਵੀ ਖ਼ਤਮ ਕਰ ਦਿਤੀ ਜਾਵੇ ਤੇ ਜਾਗਰੂਕ-ਤੱਤ ਵੀ ਤਬਾਹ ਕਰ ਦਿਤਾ ਜਾਵੇ, ਲੇਕਿਨ ਸਫ਼ਲ ਨਾਂ ਹੋ ਸਕੇ। ੧੯੭੩ ਵਿਚ ਕੀਤੀ ਗਈ ਸੀ.ਪੀ.ਸੀ.(ਮ-ਲ) ਦੀ ਦੂਸਰੀ ਕਾਂਗਰਸ, ਸਟੇਟ-ਜਥੇਬੰਦ ਹਮਲਿਆਂ ਉਤੇ ਜਿਤ ਸੀ, ਅਤੇ ਸਾਰੇ ਮਾਰਕਸਵਾਦੀਆਂ-ਲੈਨਿਨਵਾਦੀਆਂ ਨੂੰ ਇਕੋ ਪਾਰਟੀ ਵਿਚ ਇਕੱਠੇ ਕਰਨ ਦੇ ਕੰਮ ਦੀ ਸਮਾਪਤੀ ਸੀ। ਪਾਰਟੀ ਦੀ ਦੂਸਰੀ ਕਾਂਗਰਸ ਹੋਣ ਤੋਂ ਪਹਿਲਾਂ ਪਹਿਲਾਂ ਸਾਰੇ ਸੰਜੀਦਾਂ ਗਰੁਪ ਅਤੇ ਵਿਅਕਤੀ ਸੀ.ਪੀ.ਸੀ.(ਮ-ਲ) ਵਿਚ ਸ਼ਾਮਲ ਹੋ ਗਏ ਸਨ ਜਿਸ ਨਾਲ ਕਨੇਡਾ ਵਿਚ ਕਮਿਉਨਿਸਟ ਤੇ ਮਜ਼ਦੂਰ ਲਹਿਰ ਹੋਰ ਵੀ ਤਕੜੀ ਹੋ ਗਈ। ਸੀ.ਪੀ.ਸੀ.(ਮ-ਲ) ਦੀ ਤੀਜੀ ਕਾਂਗਰਸ ੧੯੭੭ ਵਿਚ ਹੋਈ ਜੋ ਸਾਰੇ ਐਂਟੀ-ਮਾਰਕਸਵਾਦੀ-ਲੈਨਿਨਵਾਦੀ ਰੁਝਾਨਾਂ ਉਤੇ ਜਿਤ ਸੀ। ੧੯੭੮ ਵਿਚ ਸੀ.ਪੀ.ਸੀ.(ਮ-ਲ) ਦੀ ਇਕ ਸਪੈਸ਼ਲ ਕਾਂਗਰਸ ਹੋਈ ਜਿਸਨੇ ਮਾਉ-ਜ਼ੇ-ਤੁੰਗ ਵਿਚਾਰਧਾਰਾ ਦੇ ਹਾਨੀਕਾਰਕ ਅਸਰਾਂ ਨੂੰ ਖ਼ਤਮ ਕਰਨ ਅਤੇ ਮਾਰਕਸਵਾਦ-ਲੈਨਿਨਵਾਦ ਨੂੰ ਪਾਰਟੀ ਦੀ ਸੋਚਣੀ ਨੂੰ ਸੇਧ ਦੇਣ ਵਾਲੀ ਵਿਚਾਰਧਾਰਾ ਦੇ ਤੌਰ ਤੇ ਹੋਰ ਤਕੜਿਆਂ ਕਰਨ ਦਾ ਪ੍ਰੋਗਰਾਮ ਉਲੀਕਿਆ।

੧੯੮੨ ਵਿਚ ਇਸਦੀ ਚੌਥੀ ਕਾਂਗਰਸ ਹੋਣ ਦੇ ਵਕਤ ਤੱਕ ਪਾਰਟੀ ਆਪਣਾ ਆਗੂ ਰੋਲ ਹੋਰ ਵਿਕਸਤ ਕਰਨ ਅਤੇ ਰਾਹ ਦੀਆਂ ਰੁਕਾਵਟਾਂ ਦੂਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਸੀ। ਇਸਨੇ ਪਾਰਟੀ ਦੇ ਰੋਲ ਨੂੰ ਹੋਰ ਪੁਖ਼ਤਾ ਕਰਨ ਦਾ ਕੰਮ ਉਲੀਕਿਆ ਅਤੇ ਐਵੇਂ ਦੀ ਹੱਠਧਰਮੀ ਤੇ ਹਮਲਾ ਕਰਨ ਦੀ ਠਾਣ ਲਈ ਜੋ ਹਰ ਚੀਜ਼ ਨੂੰ ਪ੍ਰਚਾਰ ਤੱਕ ਹੀ ਸੀਮਤ ਰੱਖਦੀ ਹੈ। ਪੂੰਜੀਵਾਦੀ ਜਮਾਤ ਖੇਹ ਉਡਾਉਣ ਵਿਚ ਅਤੇ ਸੁਚੇਤ ਕਾਰਵਾਈ ਦੇ ਪਿੜ ਦੀ ਹਰੇਕ ਚੀਜ਼ ਨੂੰ ਮਹਿਜ਼ ਲੱਫ਼ਾਜ਼ੀ ਅਤੇ ਫ਼ਿਕਰੇਬਾਜ਼ੀ ਵਿਚ ਬਦਲਣ ਦੇ ਕੰਮ ਵਿਚ ਬੜੀ ਉਸਤਾਦ ਹੈ ਤਾਂ ਕਿ ਸਮਾਜ ਨੂੰ ਦਰਪੇਸ਼ ਮੁਖ ਮਸਲਿਆਂ ਵੱਲ ਕਿਸੇ ਦਾ ਧਿਆਨ ਹੀ ਨਾਂ ਜਾਵੇ। ਇਸ ਨਾਲ ਲੋਕ ਉਨ੍ਹਾਂ ਮਾਮੂਲੀ ਕਿਸਮ ਦੇ ਮਸਲਿਆਂ ਦੁਆਲੇ ਹੋਏ ਰਹਿਣ ਲਈ ਮਜਬੂਰ ਹੋ ਜਾਂਦੇ ਹਨ ਜਿਨ੍ਹਾਂ ਦੇ ਹੱਲ ਹੋਣ ਜਾਂ ਨਾਂ ਹੋਣ ਨਾਲ ਕੋਈ ਬੁਨਿਆਦੀ ਫ਼ਰਕ ਨਹੀਂ ਪੈਂਦਾ।

੮੦ਵਿਆਂ ਦੇ ਦਹਾਕੇ ਦੇ ਮੁਢ ਵਿਚ ਪੈਰੀ ਟਰੂਡੋ ਦੀ "ਜਸਟ ਸੁਸਾਇਟੀ" ਅਤੇ ਵੈਲਫੇਅਰ ਸਟੇਟ ਦਮ ਤੋੜਨ ਲੱਗ ਪਈ। ਮੈਗਾ-ਪ੍ਰੋਜੈਕਟ ਸੁੰਗੜਨੇ ਸ਼ੁਰੂ ਹੋ ਗਏ ਤੇ ਥੈਚਰ-ਰੀਗਨ ਉਲਟ-ਇਨਕਲਾਬ ਦਾ ਚੱਕਰ ਘੁੰਮਣਾਂ ਸ਼ੁਰੂ ਹੋਣ ਲੱਗਾ। ਆਰਥਕ ਅਤੇ ਹੋਰ ਸੰਕਟਾਂ ਵਿਚ ਘਿਰੇ ਹੋਏ ਸੋਵੀਅਤ ਯੂਨੀਅਨ ਦੀ ਦਸ਼ਾ ਹੋਰ ਵੀ ਵਿਗੜ ਗਈ। ਦੋ ਮਹਾਂ-ਸ਼ਕਤੀਆਂ, ਯੂ.ਐਸ ਅਤੇ ਸੋਵੀਅਤ ਯੂਨੀਅਨ ਵਿਚਕਾਰ ਖਹਿਬਾਜ਼ੀ ਵੀ ਅਤੇ ਮਿਲਵਰਤਣ ਵੀ, ਅਤੇ ਇਨ੍ਹਾਂ ਦੇ ਫ਼ੌਜੀ ਗੱਠਜੋੜ ਵਾਰਸਾ ਪੈਕਟ ਅਤੇ ਨਾਟੋ, ਹਾਲਾਤ ਨੂੰ ਹੋਰ ਖ਼ਰਾਬ ਕਰਨ ਵਿਚ ਸਹਾਈ ਹੋਏ। ਹਥਿਆਰ-ਦੌੜ ਵਿਚ ਤੇਜ਼ੀ, ਗਰਨਾਡਾ ਉਤੇ ਹਮਲਾ, ਨਿਕਰਾਗੁਆ ਵਿਰੁਧ ਕੌਂਟਰਾਜ਼ ਦੀ ਲੜਾਈ ਅਤੇ ਅਫਗਾਨਿਸਤਾਨ ਵਿਚ ਲੜਾਈ ਅਤੇ ਹਥਿਆਰਬੰਦ ਕਬਜ਼ਾ, ਕੁਝ ਅਜਿਹੇ ਵਾਕਿਆਤ ਸਨ ਜਿਨ੍ਹਾਂ ਨਾਲ ਅੰਤਰ-ਸਾਮਰਾਜੀ ਵਿਰੋਧਤਾਈਆਂ ਦੇ ਤਿਖੇ ਹੋਣ ਅਤੇ ਸਾਮਰਾਜੀ ਕੈਂਪ ਵਿਚਲੇ ਝਗੜੇ ਨੂੰ ਲੋਕਾਂ ਦੀ ਕੀਮਤ ਉਤੇ ਹੱਲ ਕਰਨ ਦੇ ਯਤਨਾਂ ਤੋ ਨਕਾਬ ਉਠ ਗਿਆ।

੧੯੮੪ ਤੱਕ ਇਹ ਗੱਲ ਨਿਖਰ ਗਈ ਸੀ ਕਿ ਸੰਸਾਰ ਇਕ ਐਸੇ ਮੋੜ ਤੇ ਆ ਗਿਆ ਹੈ ਜਿਥੇ ਹੁਣ ਕੋਈ ਵੀ ਸ਼ਕਤੀ ਪੁਰਾਣੇ ਤਰੀਕੇ ਨਾਲ ਕੰਮ ਨਹੀਂ ਕਰ ਸਕਦੀ। ਇਸ ਵਿਸ਼ਲੇਸ਼ਣ ਦੀ ਬੁਨਿਆਦ ਉਤੇ ਸੀ.ਪੀ.ਸੀ.(ਮ-ਲ) ਨੇ ਪ੍ਰੋਗਰਾਮ ਉਲੀਕਿਆ ਕਿ ਇਕ ਜਨਤਕ ਪਾਰਟੀ-ਪ੍ਰੈਸ ਅਤੇ ਇਕ ਜਨਤਕ ਗੈਰ-ਪਾਰਟੀ ਪ੍ਰੈਸ ਲਾਉਣ ਲਈ ਤਕਨੀਕੀ ਨੀਂਹ ਤਿਆਰ ਕੀਤੀ ਜਾਵੇ ਜੋ ਇਸਦੇ ਆਗੂ ਰੋਲ ਨੂੰ ਹੋਰ ਪੁਖ਼ਤਾ ਕਰਨ ਲਈ ਬੜੀ ਲਾਜ਼ਮੀ ਚੀਜ਼ ਹੈ। ਇਸ ਪ੍ਰੋਗਰਾਮ ਵਿਚ ਰੌਸ਼ਨ ਅਤੇ ਤਰਕ ਖਿਆਲੀ ਲਈ ਲਹਿਰ ਉਸਾਰਨ ਦੀ ਵੀ ਗੱਲ ਕੀਤੀ ਗਈ। ਰੌਸ਼ਨ ਅਤੇ ਤਰਕ ਖਿਆਲੀ ਦੀ ਲਹਿਰ ਅਤੇ ਤਕਨੀਕੀ ਨੀਂਹ ਮਜ਼ਦੂਰ ਜਮਾਤ ਨੂੰ ਸੰਗਠਤ ਕਰਨ ਅਤੇ ਜਾਗਰੂਕ-ਤੱਤ ਨੂੰ ਤਕੜਾ ਕਰਨ ਲਈ ਬਹੁਤ ਅਹਿਮ ਹਨ। ਰੌਸ਼ਨ ਅਤੇ ਤਰਕ ਖਿਆਲੀ ਲਈ ਲਹਿਰ ਉਸਾਰਨ ਦੇ ਕੰਮ ਨੇ ਕਮਿਉਨਿਜ਼ਮ ਨੂੰ ਇਸਦੇ ਪੂਰੇ ਜੋਬਨ ਅਤੇ ਨੁਹਾਰ ਨਾਲ ਸਾਹਮਣੇ ਲਿਆਂਦਾ ਤੇ ਕਨੇਡਾ ਵਿਚ ਪੂੰਜੀਵਾਦ ਦੀ ਆਖ਼ਰੀ ਘੜੀ ਨੂੰ ਵਿਸਥਾਰ ਨਾਲ ਪੇਸ਼ ਕੀਤਾ ਤੇ ਇਹ ਗੱਲ ਨਿਖਾਰੀ ਕਿ ਪੂੰਜੀਵਾਦ ਮਰਨ-ਕਿਨਾਰੇ ਪਹੁੰਚਿਆ ਹੋਣ ਕਰਕੇ ਹੁਣ ਸਮਾਜ ਦੀ ਤਰੱਕੀ ਦੇ ਬੂਹੇ ਖੋਹਲਣ ਦਾ ਕੰਮ ਕਰਨਾ ਹੀ ਪਵੇਗਾ।

ਸੀ.ਪੀ.ਸੀ.(ਮ-ਲ) ਦੀ ਪੰਜਵੀਂ ਕਾਂਗਰਸ ਨੇ ਇਹ ਪ੍ਰੋਗਰਾਮ ਤਸਦੀਕ ਕੀਤਾ ਅਤੇ ਜ਼ੋਰ ਦਿਤਾ ਕਿ ਸੀ.ਪੀ.ਸੀ.(ਮ-ਲ) ਲਾਜ਼ਮੀ ਤੌਰ ਤੇ ਉਸ ਰਾਹ ਤੇ ਚਲਦੀ ਜਾਵੇ ਜੋ ੧੯੮੪-੮੫ ਦੇ ਇਤਹਾਸਕ ਮੋੜ ਵੇਲੇ ਮਿਥਿਆ ਗਿਆ ਸੀ। ੧੯੯੩ ਵਿਚ ਸੀ.ਪੀ.ਸੀ. (ਮ-ਲ) ਦੀ ਛੇਵੀਂ ਕਾਂਗਰਸ ਹੋਈ ਜਿਸ ਵਿਚ ਮਿਥਿਆ ਗਿਆ ਕਿ ਕੰਮ-ਕਾਰ ਦੇ ਸਾਰੇ ਥਾਵੀਂ, ਕਾਰਖਾਨਿਆਂ, ਵਿਦਿਅਕ ਅਦਾਰਿਆਂ, ਗਲੀ-ਮੁਹੱਲਿਆਂ ਅਤੇ ਹੋਰ ਜਿਥੇ ਕਿਤੇ ਵੀ ਲੋਕ ਕਾਫ਼ੀ ਗਿਣਤੀ ਵਿਚ ਰੋਜ਼ ਮਿਲਦੇ ਤੇ ਇਕੱਠੇ ਹੁੰਦੇ ਹਨ, ਸੀ.ਪੀ.ਸੀ.(ਮ-ਲ) ਦੀਆਂ ਮੁਢਲੀਆਂ ਜਥੇਬੰਦੀਆਂ ਕਾਇਮ ਕੀਤੀਆਂ ਜਾਣ।

ਸੰਖੇਪ ਵਿਚ, ਸੀ.ਪੀ.ਸੀ.(ਮ-ਲ) ਆਪਣੀਆਂ ਜੁਝਾਰੂ ਸਰਗਰਮੀਆਂ ਰਾਹੀਂ ਇਥੇ ਤੱਕ ਅਪੜ ਗਈ ਹੈ ਕਿ ਮਜ਼ਦੂਰ ਜਮਾਤ ਨੂੰ ਇਸਦਾ ਆਪਣਾਂ ਨਜ਼ਰੀਆ ਅਤੇ ਅਮਲੀ-ਪਲੈਨ ਦੇਣ ਦੇ ਸਮਰੱਥ ਹੈ। ਆਪਣੀ ਇਤਿਹਾਸਕ ਪਹਿਲਕਦਮੀ ਦੇ ਅਧਾਰ ਉਤੇ ਪਾਰਟੀ ਨੇ ਜਾਗਰੂਕ-ਤੱਤ ਦੀ ਸਫ਼ਲਤਾ ਨੂੰ ਜਿੱਤ ਵਿਚ ਬਦਲਣ ਦਾ ਬੀੜਾ ਉਠਾ ਲਿਆ ਹੈ ਤਾਂ ਕਿ ਡੂੰਘੀਆਂ ਬੁਨਿਆਦੀ ਤਬਦੀਲੀਆਂ ਲਿਆ ਹੋਣ ਜੋ ਬੜੇ ਚਿਰ ਤੋਂ ਕਰਨ ਵਾਲੀਆਂ ਪਈਆਂ ਹਨ। ਇਸਨੇ ਮਾਨੁੱਖੀ-ਤੱਤ/ਸਮਾਜੀ ਜਾਗਰੂਕਤਾ ਨੂੰ ਪਹਿਲ ਦੇਣ ਦੀ ਠਾਣ ਲਈ ਹੈ ਜੋ ਨਵਾਂ ਸਮਾਜ ਉਤਪੰਨ

ਕਰਨ ਲਈ ਜ਼ਰੂਰੀ ਸ਼ਰਤ ਹੈ, ਇਕ ਐਸਾ ਸਮਾਜ ਜਿਸ ਵਿਚ ਸਮਾਜੀ ਤੇ ਕੁਦਰਤੀ ਮਾਹੌਲ ਨੂੰ ਇਨਸਾਨਪ੍ਰਸਤ ਬਣਾਉਣਾਂ ਹੀ ਜੀਵਨ ਉਦੇਸ਼ ਹੋਵੇ- ਇਕ ਐਸੀ ਸ਼ਰਤ ਜੋ ਖ਼ੁਦ ਇਨਸਾਨਾਂ ਨੂੰ ਇਨਸਾਨਪ੍ਰਸਤ ਬਣਾਉਣ ਲਈ ਲਾਜ਼ਮੀ ਹੈ।

ਮਨੁੱਖਤਾ ਇਸ ਵੇਲੇ ਸਮਾਜੀ ਵਿਕਾਸ ਦੀ ਇਕ ਨਵੀਂ ਸਟੇਜ ਵੱਲ ਜਾਣ ਦੀ ਤਿਆਰੀ ਵਿਚ ਹੈ। ਇਸ ਸਟੇਜ ਦੀ ਮੁੱਖ ਸਿਫ਼ਤ ਇਹ ਹੈ ਕਿ ਲੋਕ ਪੂਰੇ ਜਾਗਰੂਕ-ਜੀਵਾਂ ਦੇ ਤੌਰ ਤੇ ਸਾਹਮਣੇ ਆਉਣ ਜੋ ਹਰੇਕ ਸ਼ੈਅ ਨੂੰ ਆਪਣੇ ਅਧੀਨ ਕਰਕੇ ਆਪਣੀ ਸੇਵਾ ਵਿਚ ਲਾਉਣ, ਆਪਣੇ ਸਮੂਹਾਂ ਦੀ ਸੇਵਾ ਵਿਚ ਲਾਉਣ, ਅਤੇ ਸਮਾਜੀ ਤੇ ਕੁਦਰਤੀ ਮਾਹੌਲ ਨੂੰ ਇਨਸਾਨਪ੍ਰਸਤ ਬਣਾਉਣ ਲਈ ਵਰਤਣ। ਮਨੁੱਖਤਾ ਇਕ ਨਵੀਂ ਪਹੁ ਫੁਟਣ ਦੇ ਬੂਹੇ ਤੇ ਖੜੀ ਹੈ, ਜਿਸ ਵਿਚ ਜਾਗਰੂਕ ਇਨਸਾਨੀ-ਜੀਵਾਂ ਦੇ ਕਰਮ ਇਤਹਾਸ ਸਿਰਜਣਗੇ ਅਤੇ ਇਨਸਾਨੀ ਇਤਹਾਸ ਉਨ੍ਹਾਂ ਦੀ ਹੋਰ ਅੱਗੇ ਤਰੱਕੀ ਦਾ ਸਾਧਨ ਬਣੇਗਾ। ਤੇ ਫਿਰ ਇਨਸਾਨੀ-ਜੀਵ ਐਸੀਆਂ ਆਪਹੁਦਰੀਆਂ ਸ਼ਕਤੀਆਂ ਦੇ ਰਹਿਮੋ-ਕਰਮ ਤੇ ਨਹੀਂ ਰਹਿਣਗੇ ਜਿਨ੍ਹਾਂ ਤੇ ਉਨ੍ਹਾਂ ਦਾ ਕੋਈ ਕਾਬੂ ਨਹੀਂ, ਚਾਹੇ ਇਹ ਪੂੰਜੀਵਾਦ ਹੋਵੇ ਜਾਂ ਕੁਦਰਤੀ ਤਾਕਤਾਂ।

## ਭਾਗ ੫

# ਸਾਡਾ ਆਪਣਾਂ ਮੈਨੀਫੈਸਟੋ

੨੦ਵੀਂ ਸਦੀ ਅਤੇ ਦੂਜਾ ਹਜ਼ਾਰ ਸਾਲ ਮੁਕਣ ਵਿਚ ਹੁਣ ਸਿਰਫ਼ ਤਿੰਨ ਸਾਲ ਹੀ ਰਹਿੰਦੇ ਹਨ। ਮਜ਼ਦੂਰ ਜਮਾਤ ਨੂੰ ਲਾਜ਼ਮੀ ਤੌਰ ਤੇ ਤਿਆਰ ਬਰ ਤਿਆਰ ਹੋਣਾਂ ਚਾਹੀਦਾ ਹੈ ਕਿ ੨੧ਵੀਂ ਸਦੀ ਅਤੇ ਤੀਜੇ ਹਜ਼ਾਰ ਸਾਲ ਦੇ ਦੌਰ ਨੂੰ ਆਪਣਾਂ ਦੌਰ ਬਣਾ ਲਵੇ। ਮਜ਼ਦੂਰ ਜਮਾਤ, ਜੋ ਬਾਕੀ ਸਾਰੀਆਂ ਜਮਾਤਾਂ ਦੀ ਨਿਸਬਤ ਸੰਸਾਰ ਦੀ ਸੱਭ ਤੋਂ ਵੱਧ ਤਾਦਾਦ ਵਾਲੀ ਜਮਾਤ ਬਣ ਰਹੀ ਹੈ, ਇਸਨੇ ਪਿਛਲੇ ੧੨੫ ਸਾਲਾਂ ਦੇ ਅਰਸੇ ਦੌਰਾਨ ਬੜਾ ਤਜਰਬਾ ਹਾਸਲ ਕੀਤਾ ਹੈ ਜਿਸ ਵਿਚ ਸਮਾਜੀ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਕਰਨ ਦਾ ਤਜਰਬਾ ਵੀ ਸ਼ਾਮਲ ਹੈ। ੨੧ਵੀਂ ਸਦੀ ਉਨ੍ਹਾਂ ਸਾਰੀਆਂ ਸਫ਼ਲਤਾਵਾਂ ਨੂੰ ਜਿਤ ਵਿਚ ਬਦਲਦਾ ਵੇਖੇਗੀ ਜੋ ਸਮਾਜੀ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਦੌਰਾਨ ਪ੍ਰਾਪਤ ਹੋਈਆਂ ਸਨ, ਅਤੇ ਇਸ ਕੰਮ ਲਈ ਤਿਆਰੀਆਂ ਆਰੰਭੀਆਂ ਜਾ ਚੁਕੀਆਂ ਹਨ। ਇਸ ਵੇਲੇ ਮਜ਼ਦੂਰ ਜਮਾਤ ਕੋਲ ਆਰਥਕ ਅਤੇ ਸਿਆਸੀ ਤਾਕਤ ਨਹੀਂ ਹੈ, ਪਰ ਜਦੋਂ ਇਹ ਤਾਕਤ ਮਜ਼ਦੂਰਾਂ ਹੱਥ ਆ ਗਈ ਤਾਂ ਫੇਰ ਮਜ਼ਦੂਰ ਜਮਾਤ ਇਕ ਐਸੀ ਤਾਕਤ ਪੈਦਾ ਕਰੇਗੀ ਜਿਹੜੀ ਪਹਿਲਾਂ ਕਿਸੇ ਦੌਰ ਨੇ ਵੇਖੀ-ਸੁਣੀ ਨਹੀਂ। ਇਤਹਾਸ ਦੀ ਸੱਭ ਤੋਂ ਬਹੁਤੀ ਇਨਕਲਾਬੀ ਉਤਪਾਦਕ ਸ਼ਕਤੀ ਦੀ ਆਰਥਕ ਤੇ ਸਿਆਸੀ ਤਾਕਤ, ਦਾਸਤਾ ਅਤੇ ਲੁੱਟ-ਖਸੁਟ ਦੇ ਰਿਸ਼ਤਿਆਂ ਦੇ ਖੰਨੀ-ਪੰਜੇ ਤੋਂ ਪੂਰਨ ਸੁਤੰਤਰ ਮਜ਼ਦੂਰ ਜਮਾਤ, ਇਨਸਾਨੀ-ਜ਼ਾਤ ਨੂੰ ਹਰ ਗੱਲ ਦੇ ਕੇਂਦਰ ਵਿਚ ਖੜਾ ਕਰੇਗੀ ਤੇ ਵਸਤਾਂ ਦੀ ਕੋਈ ਵੁੱਕਤ ਨਹੀਂ ਰਹੇਗੀ। ਇਸ ਮਹਾਨ ਤਾਕਤ ਦੀ ਛਤਰਛਾਇਆ ਹੇਠ ਇਕ ਐਸਾ ਨਵਾਂ ਸਮਾਜ ਪੈਦਾ ਹੋਵੇਗਾ ਜੋ ਅਮੀਰਾਂ ਅਤੇ ਗਰੀਬਾਂ ਨੂੰ, ਜ਼ੋਰਾਵਰਾਂ ਤੇ ਨਿਤਾਣਿਆਂ ਨੂੰ ਜਨਮ ਦੇਣ ਦੀ ਥਾਂ ਇਨਸਾਨਾਂ ਨੂੰ ਜਨਮ ਦੇਵੇਗਾ ਜਦ ਕਿ ਐਸ ਵੇਲੇ ਸਮਾਜ ਵਿਚ ਅਮੀਰ ਤੇ ਗਰੀਬ, ਜ਼ੋਰਾਵਰ ਤੇ ਕਮਜ਼ੋਰ ਜੰਮਦੇ ਹਨ।

ਪੂੰਜੀਵਾਦੀ ਨਿਜ਼ਾਮ ਇਨਸਾਨੀ-ਜੀਵਾਂ ਨੂੰ ਵਸਤਾਂ ਅਤੇ ਸ਼ੈਆਂ ਦੇ ਮਤਿਹਤ ਕਰਦਾ ਹੈ ਤੇ ਵਿਚਾਰੀ ਇਨਸਾਨੀਅਤ ਏਥੇ ਕੁਦਰਤ ਅਤੇ ਸਮਾਜ ਦੇ ਰਹਿਮੋਕਰਮ ਤੇ ਨਿਰਭਰ ਹੈ। ਲੋਕੀ ਇਨਸਾਨ-ਵਿਰੋਧੀ/ਜਾਗਰੂਕਤਾ-ਵਿਰੋਧੀ ਤੱਤ ਦੀ ਬਲੀ ਚੜ੍ਹਦੇ ਹਨ ਤੇ ਇਕ ਐਸੇ ਸਿਸਟਮ ਦੇ ਗੁਲਾਮ ਕੀਤੇ ਹੋਏ ਹਨ ਜੋ ਉਨ੍ਹਾਂ ਦੇ ਹਰ ਹੰਭਲੇ ਨੂੰ ਨਿਕਾਰਦਾ ਤੇ ਤਬਾਹ ਕਰਦਾ ਹੈ। ਇਹੋ ਜਿਹਾ ਨਿਜ਼ਾਮ ਇਨਸਾਨੀ-ਜ਼ਾਤ ਨੂੰ ਵੀ ਇਕ ਵਸਤੂ, ਇਕ ਸ਼ੈਅ ਵਿਚ ਤਬਦੀਲ ਕਰਦਾ ਹੈ ਅਤੇ ਉਨ੍ਹਾਂ ਦੀ ਸੋਚ, ਉਨ੍ਹਾਂ ਦੀ ਅਕਲ, ਉਨ੍ਹਾਂ ਦੀ ਸ਼ਖਸੀਅਤ ਅਤੇ ਹੋਰ ਗੱਲਾਂ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ। ਪੂੰਜੀਪਤੀ ਜਮਾਤ ਨੇ ਆਪਣੇ ਪੈਰ ਉਸ ਵੇਲੇ ਪੱਕੇ ਕਰ ਲਏ ਤੇ ਸਮਾਜ ਵਿਚ ਭਾਰੂ ਹੋ ਗਈ ਜਦ ਇਸਨੇ ਮੁਕੰਮਲ-ਤਾਨਾਸ਼ਾਹੀ ਦੇ ਦੌਰ ਖਿਲਾਫ਼ ਇਕ ਮਹਾਨ ਸੰਘਰਸ਼ ਕੀਤਾ। ਉਸ ਵੇਲੇ "ਰੱਬ ਅਤੇ ਧਰਤੀ ਉਤੇ ਉਸ ਦੇ ਨੁਮਾਇੰਦੇ" ਹਰ ਗੱਲ ਵਿਚ ਮੋਹਰੇ ਮੋਹਰੇ ਸਨ, ਬੰਦੇ ਨੂੰ ਕੋਈ ਨਹੀਂ ਸੀ ਪੁਛਦਾ ਤੇ ਬਹੁਤਿਆਂ ਲੋਕਾਂ ਨੂੰ ਤਾਂ ਕਾਨੂੰਨੀ ਤੌਰ ਤੇ "ਇਨਸਾਨ ਵੀ ਨਹੀਂ" ਸੀ ਗਿਣਦੇ। ਇਹ ਦੌਰ "ਬਾਦਸ਼ਾਹਾਂ ਦੇ ਇਲਾਹੀ-ਹੱਕ" ਦਾ ਅਤੇ ਧਾਰਮਕ ਪਾਦਰੀਆਂ ਦੀ ਅੰਧਵਿਸ਼ਵਾਸੀ ਦਾ ਦੌਰ ਸੀ ਜੋ ਜ਼ਿੰਦਗੀ ਨੂੰ ਬੜੇ ਮੀਨ-ਮੇਖ ਤੇ ਕੱਟੜਤਾ ਵਾਲੇ ਢੰਗ ਨਾਲ ਪੇਸ਼ ਕਰਦੇ ਸਨ।

ਪੂੰਜੀਵਾਦੀ ਜਮਾਤ ਨੇ ਇਨਸਾਨੀ ਅਮਲ ਨੂੰ ਸਾਰੇ ਕਾਰੋਬਾਰਾਂ ਦਾ ਦਾਰੋਮਦਾਰ ਬਣਾਇਆ ਤੇ ਅਜੇਹਾ ਕਰਦੇ ਹੋਏ ਪੁਰਾਣੇ ਯੋਰਪ ਦੇ ਤਾਨਾਸ਼ਾਹ ਬਾਦਸ਼ਾਹਾਂ ਦੇ ਰਾਜ ਨੂੰ ਵੀ ਕੁਚਲ ਕੇ ਰੱਖ ਦਿਤਾ। ਮੰਦਭਾਗੀ ਗੱਲ ਇਹ ਹੈ ਕਿ ਆਪਣੇ ਖ਼ਾਸੇ ਤੋਂ ਮਜਬੂਰ ਪੂੰਜੀਵਾਦੀ ਜਮਾਤ ਨੇ ਇਕ ਐਸਾ ਨਿਜ਼ਾਮ ਕਾਇਮ ਕੀਤਾ ਜਿਸਨੇ ਬਾਦਸ਼ਾਹਾਂ ਦੇ ਵਿਸੇਸ਼-ਰਿਆਇਤਾਂ ਦੇ ਸਿਸਟਮ ਦਾ ਪੂਰੀ ਤਰ੍ਹਾਂ ਸਫਾਇਆ ਨਹੀਂ ਕੀਤਾ, ਬੁਰਜੁਆਜ਼ੀ ਨੇ ਸਾਰੇ ਇਨਸਾਨਾਂ ਦੀ ਮੁਕੰਮਲ ਬਰਾਬਰੀ ਦੇ ਅਸੂਲ ਤੇ ਫੁਲ ਨਹੀਂ ਚੜ੍ਹਾਏ ਬਲਕਿ ਜਗੀਰਦਾਰੂ ਵਿਸ਼ੇਸ਼-ਰਿਆਇਤਾਂ ਦੀ ਜਗਾਹ ਤੇ ਬੁਰਜੁਆ ਹੱਕਾਂ ਤੇ ਰਿਆਇਤਾਂ ਨੂੰ ਬਿਰਾਜਮਾਨ ਕੀਤਾ। ਜਗੀਰਦਾਰੀ-ਨਿਜ਼ਾਮ ਦਾ ਫ਼ਸਤਾ ਵੱਢ ਕੇ ਬੁਰਜੁਆਜ਼ੀ ਨੇ ਰੱਬ ਦੀ ਥਾਂ ਇਕ ਨਵਾਂ ਭਗਵਾਨ -ਨਿਜੀ ਮਾਲਕੀ ਦੀ ਪੂਜਾ- ਘੜ ਲਿਆ ਹੈ। ਇਸ ਨੇ ਜਾਇਦਾਦ ਦੇ ਹੱਕ ਨੂੰ ਸਰਬਉਚ ਬਣਾ ਕੇ ਬਾਕੀ ਹਰ ਚੀਜ਼ ਇਸਦੇ ਮਤਿਹਤ ਕੀਤੀ ਅਤੇ ਇਕ ਨਵੀਂ ਨੀਂਹ ਧਰੀ, ਇਕ ਨਵੇਂ-ਤਾਨਾਸ਼ਾਹ ਰਾਜ ਦੀ ਨੀਂਹ, ਇਨਸਾਨ-ਵਿਰੋਧੀ ਤੱਤ ਅਤੇ ਜਾਗਰੂਕਤਾ ਦੇ ਵਿਰੋਧ ਦੀ ਨੀਂਹ।

ਨਿਜੀ-ਸੰਪਤੀ ਬਣਾਉਣ ਦੇ ਮਗਰ ਲੱਗਣ ਦੇ ਨਤੀਜੇ ਦੇ ਤੌਰ ਤੇ ਸਮਾਜ ਉਤੇ ਠੋਸੀਆਂ ਸੀਮਾਵਾਂ ਦੀ ਪੱਟੀ ਨਾਲ ਅੰਨ੍ਹੇ ਹੋਏ ਪੂੰਜੀਵਾਦੀਆਂ ਨੇ ਸਾਰੇ ਇਨਸਾਨਾਂ ਦੇ ਰਹਿਣ ਦੇ ਕਾਬਲ ਸਮਾਜ ਨਹੀਂ ਬਣਾਇਆ ਬਲਕਿ ਆਪਣੇ ਮੌਜ-ਮੇਲੇ ਲਈ ਇਕ ਬਗੀਚਾ ਬਣਾ ਲਿਆ। ਉਨ੍ਹਾਂ ਨੇ ਇਨਸਾਨੀ ਕਿਰਤ ਅਤੇ ਹੋਰ ਹਰੇਕ ਸ਼ੈਅ ਨੂੰ ਇਕ ਵਸਤੂ ਵਿਚ ਤਬਦੀਲ ਕਰ ਦਿਤਾ ਤਾਂ ਕਿ ਉਨ੍ਹਾਂ ਦੀ ਨਿਜੀ-ਸੰਪਤੀ ਦੀ ਸ਼ਾਨੋ-ਸ਼ੌਕਤ ਅਤੇ ਜਲਾਲ ਕਾਇਮ ਰਹੇ। ਪੂੰਜੀਵਾਦ ਦੇ ਵਿਕਾਸ ਨਾਲ ਪੈਦਾ ਹੋਈ ਚਮਕ-ਦਮਕ ਨੇ ਬਹੁਤਿਆਂ ਦੀਆਂ ਅੱਖਾਂ ਚੁੰਧਿਆ ਦਿਤੀਆਂ ਤੇ ਇਹ ਸਮਝਣ ਲੱਗ ਪਏ ਪਈ ਮੌਕਾ ਹੱਥ ਲੱਗਣ ਦੀ ਦੇਰ ਹੈ ਉਨ੍ਹਾਂ ਦੀ ਵੀ ਲਹਿਰ-ਬਹਿਰ ਹੋ ਜਾਣੀ ਹੈ। ਪਰ ਪੂੰਜੀਵਾਦ ਦੀ ਇਹ ਚਮਕ-ਦਮਕ ਇਕ ਬਦਬੋ ਮਾਰਦੀ ਮੱਛੀ ਦੀ ਛਿੱਲ ਵਾਲੀ ਚਮਕ ਹੈ। ਇਹੋ ਜਿਹਾ ਸਮਾਜ ਇਨਸਾਨੀਅਤ ਦੇ ਅਸਲੀ ਅਰਥਾਂ ਨੂੰ ਹੀ ਉਲੰਘਦਾ ਹੈ। ਸਮਾਜੀ ਤੇ ਕੁਦਰਤੀ ਮਾਹੌਲ ਨੂੰ ਇਨਸਾਨਪ੍ਰਸਤ ਬਣਾਉਣਾਂ ਹੀ ਅਸਲੀ ਮਾਅਨਿਆਂ ਵਿਚ ਇਨਸਾਨੀਅਤ ਹੈ। ਇਨਸਾਨੀਅਤ ਦੇ ਇਨ੍ਹਾਂ ਅਰਥਾਂ ਦੀ ਉਲੰਘਣਾਂ ਕਰਕੇ, ਪੂੰਜੀਵਾਦੀ ਜਮਾਤ ਇਨਸਾਨਾਂ ਦੀ ਤੁਲਨਾਂ ਬਾਂਦਰਾਂ ਅਤੇ ਹੋਰ ਜਾਨਵਰਾਂ ਨਾਲ ਕਰਨ ਤੱਕ ਪਹੁੰਚ ਗਈ ਹੈ ਤਾਂ ਕਿ ਸਮਾਜ ਉਤੇ ਖੁਦ ਇਸਦੇ ਠੋਸੇ ਹੋਏ ਗੈਰ-ਇਨਸਾਨੀ ਵਤੀਰੇ ਨੂੰ ਉਚਿਤ ਠਹਿਰਾ ਸਕੇ। ਭੇਡਾਂ ਵਿਚ ਊਠ ਰਲਾਉਣ ਰਾਹੀਂ ਇਸਨੇ ਪੂਰਾ ਗੰਧਲਾਅ ਫੈਲਾਉਣ ਦਾ ਰਾਹ ਫੜ ਲਿਆ ਹੈ ਤਾਂ ਕਿ ਇਨਸਾਨੀ ਸਭਿਆਚਾਰਕ ਵਤੀਰੇ ਦੀ ਥਾਂ ਇਸ ਸਿਸਟਮ ਦੀ ਪੈਦਾ ਕੀਤੀ ਹੋਈ ਅੰਤਾਂ ਦੀ ਹੈਵਾਨੀਅਤ ਦਾ ਬੋਲਬਾਲਾ ਹੋਵੇ। ਦੋ ਸੰਸਾਰ-ਜੰਗਾਂ ਅਤੇ ਹੋਰ ਬਹੁਤ ਸਾਰੀਆਂ ਧਾੜਵੀ ਲੜਾਈਆਂ ਅਤੇ ਦਖ਼ਲਅੰਦਾਜ਼ੀਆਂ ਨੇ ਲੱਖਾਂ-ਕ੍ਰੋੜਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ, ਕੰਮਾਂ-ਕਾਰਖਾਨਿਆਂ, ਸੜਕਾਂ, ਗਲੀਆਂ-ਬਜ਼ਾਰਾਂ ਅਤੇ ਘਰਾਂ ਵਿਚ ਰੋਜ਼ਾਨਾਂ ਵਾਪਰਨ ਵਾਲੇ ਦੁਖਾਂਤਾਂ ਦੀ ਤੇ ਗੱਲ ਹੀ ਇਕ ਪਾਸੇ ਰਹੀ ਜੋ ਪੂੰਜੀਵਾਦ ਦੇ ਹਮਸਫਰ ਦੁਖਾਂਤ ਹਨ। ਪੂੰਜੀਵਾਦ ਨੇ ਕਰੋੜਾਂ ਲੋਕਾਂ ਨੂੰ ਰੋਜ਼ੀ ਤੋਂ ਵਾਂਝੇ ਕੀਤਾ ਹੈ ਜੋ ਇਨਸਾਨੀ ਜ਼ਿੰਦਗੀ ਦੀ ਇਕ ਸੱਭ ਤੋਂ ਬੁਨਿਆਦੀ ਜ਼ਰੂਰਤ ਹੈ। ਬੇਰੁਜ਼ਗਾਰਾਂ ਦੀ ਇਕ ਪੂਰੀ ਫ਼ੌਜ ਦੀ ਫ਼ੌਜ ਖੜੀ ਹੈ, ਬਹੁਤ ਸਾਰੇ ਭੁਖ-ਨੰਗ ਦੀ ਅੱਗ ਵਿਚ ਸੜ ਰਹੇ ਹਨ, ਤੇ ਗਰੀਬੀ ਇਸ ਸਿਸਟਮ ਦਾ ਇਕ ਸਥਾਈ ਲੱਛਣ ਬਣ ਗਈ ਹੈ।

ਮਨੁੱਖੀ ਸਮਾਜ ਕੁਦਰਤੀ ਚੋਣ ਜਾਂ ਤਾਕਤਵਰਾਂ ਦੇ ਜ਼ਿੰਦਾ ਰਹਿਣ ਦੇ ਕਾਨੂੰਨਾਂ ਦੀ ਬੁਨਿਆਦ ਤੇ ਨਹੀਂ ਚਲਦਾ। ਇਸਦੇ ਖੁਦ ਆਪਣੇ ਕਾਨੂੰਨ ਹਨ ਜੋ ਉਤਪਾਦਨ ਦੇ ਸਮਾਜੀਕਰਣ ਅਤੇ ਇਸਦੀ ਨਿਜੀ ਮਲਕੀਅਤ ਵਿਚਲੀ ਅੰਤਰ-ਵਿਰੋਧਤਾਈ ਵਿਚੋਂ ਲੱਭਦੇ ਹਨ। ਸਿਰਫ਼ ਇਹੋ ਹੀ ਨਹੀਂ ਕਿ ਮਹਾਨ ਚਿੰਤਕ ਅਤੇ ਕਰਾਂਤੀਕਾਰੀ ਕਾਰਲ ਮਾਰਕਸ ਨੇ ਇਸ ਅੰਤਰ-ਵਿਰੋਧਤਾਈ ਦੇ ਹੱਲ ਦੀ ਭਵਿਖਬਾਣੀ ਕੀਤੀ ਸੀ, ਬਲਕਿ ਮਜ਼ਦੂਰ ਜਮਾਤ ਹਰ ਮੁਮਕਿਨ ਕੋਸ਼ਿਸ਼ ਕਰ ਰਹੀ ਹੈ ਕਿ ਇਸ ਅੰਤਰ-ਵਿਰੋਧ ਦਾ ਹੱਲ ਹਾਸਲ ਕਰ ਲਵੇ।

ਸਮਾਜੀ ਵਿਕਾਸ ਦੇ ਹਰ ਦੌਰ ਵਿਚ ਜਦੋਂ ਕਿਸੇ ਜਮਾਤ ਅਤੇ ਨਿਜ਼ਾਮ ਦਾ ਨਿਘਾਰ ਸ਼ੁਰੂ ਹੋ ਜਾਵੇ ਤਾਂ ਉਹ ਇਹ ਸਿਧਾਂਤ ਘੜਨੇ ਤੇ ਪੇਸ਼ ਕਰਨੇ ਸ਼ੁਰੂ ਕਰਦਾ ਹੈ ਕਿ ਉਹ "ਸਦੀਵੀ" ਹਨ ਅਤੇ ਬੜੇ "ਕੁਦਰਤੀ" ਹਨ ਤੇ ਸਮਾਜ ਦਾ ਹੋਰ ਅੱਗੇ ਜਾਣਾਂ ਇਨਸਾਨੀ ਤੌਰ ਤੇ ਨਾਮੁਮਕਿਨ ਗੱਲ ਹੈ। ਸੰਸਾਰ ਬੁਰਜੁਆਜ਼ੀ ਅਤੇ ਪਿਛੇ-ਖਿਚੂ ਵੀ ਹੁਣ ਇਹੋ ਸਿਧਾਂਤਬਾਜ਼ੀ ਕਰ ਰਹੇ ਹਨ ਅਤੇ ਫਰਮਾਅ ਰਹੇ ਹਨ ਕਿ ਉਨ੍ਹਾਂ ਦਾ ਸਿਸਟਮ ਕੁਦਰਤੀ ਅਤੇ ਸਦੀਵੀ ਹੈ। ਉਹ ਇਹ ਕਹਿਣ ਤੱਕ ਜਾਂਦੇ ਹਨ ਕਿ ਜਿਹੜੇ ਜ਼ੁਲਮ ਉਹ ਢਾਹ ਰਹੇ ਹਨ ਇਹ ਕੋਈ ਅਲੋਕਾਰ ਗੱਲ ਨਹੀਂ "ਕੁਦਰਤ" ਦਾ

ਕਾਨੂੰਨ ਹੀ ਇਹ ਹੈ ਕਿ ਤਕੜੇ ਹੀ ਬਚਦੇ ਹਨ ਤੇ ਰਾਜ ਕਰਦੇ ਹਨ। ਇਹੋ ਜਿਹੇ ਇਨਸਾਨ-ਵਿਰੋਧੀ ਤੱਤ ਅਤੇ ਜਾਗਰੂਕਤਾ ਦੀ ਮੁਖ਼ਾਲਫਤ ਦਾ ਇਜ਼ਹਾਰ ਉਹ ਦਹਿਸ਼ਤਗਰਦੀ ਕਰਦੀ ਹੈ ਜੋ ਹਰੇਕ ਤਰੱਕੀ ਪਸੰਦ ਅਤੇ ਇਨਕਲਾਬੀ ਸ਼ੈਅ ਨੂੰ ਲਿਤਾੜਦੀ ਹੈ।

ਇਹ ਲੱਭ ਲੈਣ ਨਾਲ ਕਿ ਮਜ਼ਦੂਰ ਜਮਾਤ ਦੀ ਚੇਤਨਾਂ ਵਿਚ ਕੀ ਘਾਟ ਹੈ ਜੋ ਪੂਰੀ ਹੋ ਜਾਵੇ ਤਾਂ ਹਾਲਾਤ ਬਦਲ ਸਕਦੇ ਹਨ, ਸੀ.ਪੀ.ਸੀ.(ਮ-ਲ) ਇਸ ਸਿਟੇ ਤੇ ਅਪੜੀ ਹੈ ਕਿ ਇਕ ਅਤੀ ਆਧੁਨਿਕ ਅਤੇ ਨਵਾਂ ਸਮਾਜ ਸਥਾਪਤ ਕਰਨਾਂ ਪਵੇਗਾ ਜੋ ਇਹ ਗਰੰਟੀ ਦੇਵੇ ਕਿ ਇਸਦੇ ਸਾਰੇ ਮੈਂਬਰਾਂ ਦੇ ਹੱਕਾਂ ਦਾ ਵਜੂਦ ਇਸ ਲਈ ਹੈ ਕਿਉਂਕਿ ਉਹ ਇਨਸਾਨੀ-ਜ਼ਾਤ ਵਿਚੋਂ ਹਨ। ਇਹੋ ਜਿਹੇ ਸਮਾਜ ਦੀ ਨੀਂਹ ਪੈਦਾਵਾਰ ਦੇ ਸਾਧਨਾਂ ਦੀ ਸਮਾਜੀ-ਮਾਲਕੀ ਹੈ, ਜਿਥੇ ਹਰ ਚੀਜ਼ ਲੋਕਾਂ ਦੇ ਹੱਥ ਹੋਵੇਗੀ। ਨਿਜੀ-ਸੰਪਤੀ ਦਾ ਹਰ ਗੱਲ ਵਿਚ ਮੋਹਰੇ ਮੋਹਰੇ ਹੋਣਾਂ ਹੀ ਇਨਸਾਨ ਹੱਥੋਂ ਇਨਸਾਨ ਦੀ ਲੁਟ ਲਈ ਅਧਾਰ ਮੁਹੱਈਆ ਕਰਦਾ ਹੈ। ਇਸਦੀ ਥਾਂ ਇਕ ਆਧੁਨਿਕ ਸਮਾਜ ਬਣਾਉਣਾਂ ਪਵੇਗਾ ਜਿਸ ਦਾ ਅਧਾਰ ਸਾਂਝੀ-ਮਾਲਕੀ ਹੋਵੇਗੀ ਤੇ ਇਸ ਨੂੰ ਸਾਰਿਆਂ ਦੇ ਗੁਜ਼ਾਰੇ ਦੀ ਗਰੰਟੀ ਦੇਣੀ ਪਵੇਗੀ। ਪੈਦਾਵਾਰੀ ਸ਼ਕਤੀਆਂ ਦੇ ਵਿਤ-ਮੂਜਬ ਅਤੇ ਸਾਰਿਆਂ ਲੋਕਾਂ ਦੀਆਂ ਮੰਗਾਂ ਅਨੁਸਾਰ ਸਾਰਿਆਂ ਲਈ ਚੀਜ਼ਾਂ ਤੇ ਵਸਤਾਂ ਮੁਹੱਈਆ ਕਰਨੀਆਂ ਪੈਣਗੀਆਂ। ਇੰਜ ਹਰ ਸਮਾਜਕ ਕਾਰਵਾਈ ਦਾ ਮੋਹਰੀ ਇਨਸਾਨ ਬਣ ਜਾਵੇਗਾ। ਇਹੋ ਜਿਹੀ ਸੁਸਾਇਟੀ ਕੋਈ ਵੀ ਗੱਲ ਸਬੱਬ ਤੇ ਨਹੀਂ ਛੱਡੇਗੀ। ਇਨਸਾਨਾਂ ਦੀ ਭਲਾਈ ਨੂੰ ਮੋਹਰੇ ਰੱਖੇ ਬਗੈਰ ਕੋਈ ਫੈਸਲਾ ਨਹੀਂ ਲਿਆ ਜਾਵੇਗਾ। ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਜਦ ਤੱਕ ਇਹ ਸਾਬਤ ਨਾਂ ਹੋ ਜਾਵੇ ਕਿ ਇਸ ਨਾਲ ਇਨਸਾਨੀਅਤ ਨਿਖਰੇਗੀ। ਅਜੇਹੇ ਸਮਾਜ ਦੀ ਸ਼ਕਤੀ ਦਾ ਅਧਾਰ ਇਹ ਗੱਲ ਹੋਵੇਗੀ ਕਿ ਇਸ ਦੀ ਮਨਜ਼ੂਰੀ ਇਨਸਾਨੀਅਤ ਨੇ ਦਿਤੀ ਹੈ ਅਤੇ ਇਸਨੂੰ ਇਨਸਾਨੀਅਤ ਦੀ ਹਮਾਇਤ ਹਾਸਲ ਹੈ।

ਮੁਢ-ਕਦੀਮੀ ਦੌਰ ਵਿਚ, ਇਨਸਾਨੀ-ਜੀਵਾਂ ਦੀ ਹੋਰ ਤਰੱਕੀ ਲਈ ਇਕ ਜ਼ਰੂਰੀ ਸ਼ਰਤ ਇਹ ਬਣ ਗਈ ਸੀ ਕਿ ਕੁਦਰਤ ਦੀਆਂ ਤਾਕਤਾਂ ਤੇ ਕਾਬੂ ਪਾਕੇ ਇਨ੍ਹਾਂ ਨੂੰ ਮੁਢ-ਕਦੀਮੀ ਇਨਸਾਨੀਅਤ ਦੇ ਹਿਤ ਲਈ ਵਰਤਿਆ ਜਾਵੇ। ਅੱਜ, ਇਨਸਾਨੀ-ਜ਼ਾਤ ਦੀ ਹੋਰ ਅੱਗੇ ਤਰੱਕੀ ਲਈ ਜ਼ਰੂਰੀ ਸ਼ਰਤ ਇਹ ਬਣ ਗਈ ਹੈ ਕਿ ਇਨਸਾਨ-ਵਿਰੋਧੀ-ਤੱਤ ਅਤੇ ਜਾਗਰੂਕਤਾ-ਵਿਰੋਧ ਤੇ ਕਾਬੂ ਪਾ ਕੇ, ਸਮਾਜ ਦੀਆਂ ਅੰਨ੍ਹੀਆਂ ਸ਼ਕਤੀਆਂ ਨੂੰ ਕਾਬੂ ਹੇਠ ਲਿਆ ਕੇ, ਉਨ੍ਹਾਂ ਨੂੰ ਇਕ ਆਧੁਨਿਕ ਸਮਾਜ ਦੀ ਸੇਵਾ ਵਿਚ ਲਾਇਆ ਜਾਵੇ, ਫੇਰ ਸਮਾਜ ਅੱਗੇ ਵਧੇਗਾ ਤੇ ਇਨਸਾਨੀਅਤ ਤਰੱਕੀ ਕਰੇਗੀ। ਇਹ ਕੰਮ ਇਨਸਾਨੀ ਤੱਤ ਅਤੇ ਸਮਾਜੀ ਜਾਗਰੂਕਤਾ ਸਿਰੇ ਲਾਵੇਗੀ ਤੇ ਨਤੀਜੇ ਤੇ ਤੌਰ ਤੇ ਇਨਸਾਨੀ-ਤੱਤ ਹੋਰ ਪ੍ਰਬਲ ਹੋਵੇਗਾ ਅਤੇ ਸਮਾਜੀ-ਜਾਗਰੂਕਤਾ ਹੋਰ ਉਚੀ ਉਠੇਗੀ ਤੇ ਇਕ ਜਮਾਤ-ਰਹਿਤ ਸਮਾਜ ਪੂਰੀ ਸ਼ਾਨ ਅਤੇ ਜਲੌਅ ਨਾਲ ਪ੍ਰਗਟ ਹੋਵੇਗਾ।

ਦੁਨੀਆਂ ਉਸ ਮੁਕਾਮ ਤੇ ਪਹੁੰਚ ਗਈ ਹੈ ਕਿ ਸਾਮਰਾਜ ਦੀ ਜ਼ੰਜੀਰ ਦੀ ਕਮਜ਼ੋਰ ਕੜੀ ਇਕ ਵਾਰ ਫਿਰ ਟੁਟਣੀ ਹੈ ਤੇ ਇਕ ਦਫ਼ਾ ਫਿਰ ਇਨਕਲਾਬ ਦੀ ਚੜ੍ਹਤ ਦਾ ਦੌਰ ਸ਼ੁਰੂ ਹੋਣਾਂ ਹੈ। ਇਹ ਸਥਿਤੀ ਇਨਸਾਨੀ ਸਮਾਜ ਦੀ ਸੱਭ ਤੋਂ ਉਤਮ ਅਤੇ ਇਨਕਲਾਬੀ ਚੀਜ਼ ਨੂੰ ਅੱਗੇ ਲਿਆਵੇਗੀ। ਸੰਸਾਰ ਪ੍ਰੋਲੇਤਾਰੀ ਦਾ ਜ਼ੋਰ, ਜਿਸਦਾ ਇਕ ਹਿਸਾ ਕਨੇਡੀਅਨ ਮਜ਼ਦੂਰ ਜਮਾਤ ਹੈ, ਇਕ ਐਸਾ ਸਮਾਜ ਸਿਰਜੇਗਾ ਜੋ ਇਨਸਾਨਾਂ ਦੇ ਰਹਿਣ ਦੇ ਕਾਬਲ ਹੋਵੇ। ਇਨਕਲਾਬੀ ਚੜ੍ਹਤ ਦੇ ਦੌਰ, ਪ੍ਰੋਲੇਤਾਰੀ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਦੇ ਦੌਰ, ਉਨਾਂ ਚਿਰ ਆਪਣੇ ਆਪ ਮੁੜ ਮੁੜ ਦੁਹਰਾਉਣਗੇ ਤੇ ਹਰ ਵਾਰੀ ਇਕ ਅਮੋੜ ਪੁਲਾਂਘ ਪੁਟਣਗੇ ਜਦ ਤੱਕ ਪਿਛਾਖੜ ਦਾ ਅੰਤ ਨਹੀਂ ਹੋ ਜਾਂਦਾ। ਫਿਰ ਇਨਸਾਨੀਅਤ ਦੇ ਜਲੌਅ ਦਾ ਇਕ ਬਿਲਕੁਲ ਨਵਾਂ ਨਕੋਰ ਸੰਸਾਰ ਪੈਦਾ ਹੋਵੇਗਾ।

+ + +

ਇਸ ਕਿਤਾਬ ਰਾਹੀਂ ਸੀ.ਪੀ.ਸੀ.(ਮ-ਲ) ਆਪਣੇ ਆਪ ਨੂੰ ਮਜ਼ਦੂਰਾਂ, ਔਰਤਾਂ, ਜੁਆਨਾਂ ਅਤੇ ਵਿਦਿਆਰਥੀਆਂ, ਆਬਰੀਜਨਲ ਲੋਕਾਂ ਅਤੇ ਕੌਮੀ-ਘੱਟ ਗਿਣਤੀਆਂ ਸਾਹਮਣੇ ਪੇਸ਼ ਕਰਦੀ ਹੈ ਅਤੇ ਉਨ੍ਹਾਂ ਨੂੰ ਕਹਿੰਦੀ ਹੈ ਕਿ ਪੂਰਬ-ਧਾਰਨਾਵਾਂ ਨੂੰ ਛੱਡ ਕੇ ਖ਼ੁਦ ਪਤਾ ਕਰੋ ਕਿ ਸੀ.ਪੀ.ਸੀ.(ਮ-ਲ) ਕੀ ਹੈ, ਇਸਦੇ ਨਿਸ਼ਾਨੇ ਕੀ ਹਨ। ਜ਼ਿੰਦਗੀ ਦੀਆਂ ਹਕੀਕਤਾਂ ਵੱਲ ਵੇਖਿਆਂ ਹੀ ਪਤਾ ਲੱਗੇਗਾ ਕਿ ਸੀ.ਪੀ.ਸੀ.(ਮ-ਲ) ਕਿਸ ਚੀਜ਼ ਲਈ ਖਲੋਂਦੀ ਹੈ। ਇਸ ਅਧਾਰ ਤੇ ਹੀ ਸਹੀ ਸਿਟੇ ਕੱਢੇ ਜਾ ਸਕਣਗੇ। ਬੁਨਿਆਦੀ ਤੌਰ ਇਹ ਨਿਰਣਾਂ ਜਮਾਤੀ ਜਦੋਜਹਿਦ ਰਾਹੀਂ ਹੀ ਹੋ ਸਕਦਾ ਹੈ, ਕਿਤਾਬੀ ਗਿਆਨ ਰਾਹੀਂ ਨਹੀਂ। ਇਕ ਹੱਠ-ਧਰਮੀ ਵਾਲੇ ਢੰਗ ਨਾਲ ਪੇਸ਼ ਕੀਤੀ ਹੋਈ ਕਮਿਊਨਿਜ਼ਮ ਦੀ ਤਸਵੀਰ, ਸਾਮਰਾਜ ਅਤੇ ਪਿਛੇ-ਖਿਚੂ ਬੁਰਜੁਆਜ਼ੀ ਦੇ ਦਿਮਾਗਾਂ ਦੀ ਕਾਢ "ਕਮਿਊਨਿਸਟ ਹਊਏ" ਦਾ ਖਹਿੜਾ ਛੱਡ ਕੇ ਆਧੁਨਿਕ ਕਮਿਊਨਿਜ਼ਮ ਅਤੇ ਸੀ.ਪੀ.ਸੀ.(ਮ-ਲ) ਬਾਰੇ ਉਹ ਖ਼ੁਦ ਨਿਰਣਾ ਕਰਨ ਅਤੇ ਪੁਰਾਣੇ ਯੋਰਪ ਅਤੇ ਉਤਰੀ ਅਮਰੀਕਾ ਦੀਆਂ ਸ਼ਕਤੀਆਂ ਦੇ ਉਸ ਜ਼ਿਹਨੀ ਫਤੂਰ ਨੂੰ ਰੱਦ ਕਰਨ ਜੋ ਲੋਕਾਂ ਨੂੰ ਬੁਧੂ ਬਣਾਉਣ ਅਤੇ ਆਪਣੇ ਖਖੜੀਆਂ ਹੋ ਰਹੇ ਸਾਮਰਾਜ ਨੂੰ ਬਚਾਉਣ ਲਈ ਘੜਿਆ ਗਿਆ ਹੈ। ਜਿਤ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਜ਼ਰੂਰੀ ਤੌਰ ਤੇ ਸੀ.ਪੀ.ਸੀ.(ਮ-ਲ) ਦੇ ਕੰਮ ਵਿਚ ਹਿਸਾ ਲੈਣਾਂ ਹੋਵੇਗਾ। ਅੱਜ ਅਤਿਅੰਤ ਲੋੜੀਂਦੀਆਂ ਤਬਦੀਲੀਆਂ ਲਿਆਉਣ ਲਈ ਇਹ ਇਕ ਬਹੁਤ ਜ਼ਰੂਰੀ ਤੱਤ ਹੈ।

ਐਹੋ ਜਿਹੀਆਂ ਮਹਾਨ ਇਨਕਲਾਬੀ ਘਟਨਾਵਾਂ ਹੋਣ ਵਾਲੀਆਂ ਹਨ ਜਿਹੋ ਜਿਹੀਆਂ ਪਹਿਲਾਂ ਕਦੇ ਨਹੀਂ ਵਾਪਰੀਆਂ। ਕਨੇਡਾ ਵਿਚ, ਸੀ.ਪੀ.ਸੀ.(ਮ-ਲ) ਇਸ ਇਨਕਲਾਬੀ ਤਬਦੀਲੀ ਲਈ ਸੱਭ ਤੋਂ ਵੱਧ ਫੈਸਲਾਕੁੰਨ ਜਾਗਰੂਕ ਸ਼ਕਤੀ ਹੈ। ਇਹ ਅੰਤਰਰਾਸ਼ਟਰੀ ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟ ਲਹਿਰ ਦਾ ਇਕ ਦਸਤਾ ਹੈ ਜੋ ਬਾਕੀ ਜਹਾਨ ਵਿਚ ਵੀ ਇਸੇ ਗੱਲ ਦਾ ਸਮਰਥੱਕ ਹੈ। ਸਾਰੇ ਮਜ਼ਦੂਰ, ਔਰਤਾਂ, ਨੌਜੁਆਨ ਤੇ ਵਿਦਿਆਰਥੀ, ਅਤੇ ਸਾਰੀਆਂ ਰੌਸ਼ਨ ਅਤੇ ਤਰਕ ਖਿਆਲ ਸ਼ਕਤੀਆਂ ਸੀ.ਪੀ.ਸੀ.(ਮ-ਲ) ਨਾਲ ਰਲਣ। ਇਨ੍ਹਾਂ ਵਲੋਂ ਸੀ.ਪੀ.ਸੀ.(ਮ-ਲ) ਵਿਚ ਰਲਣ ਦੀ ਕਾਰਵਾਈ ਖ਼ੁਦ ਇਕ ਮਹਾਨ ਕਦਮ ਹੋਵੇਗਾ ਜੋ ਨਵੇਂ ਦੀ ਉਤਪਤੀ ਅਤੇ ਇਨਸਾਨੀਅਤ ਦੇ ਜਲਾਲ ਵੱਲ ਵਧੇਗਾ ਜਿਥੇ ਇਨਸਾਨੀਅਤ ਦਾ ਹਰੇਕ ਕਰਤਵ ਇਨਸਾਨੀਅਤ ਦੇ ਜਲੌਅ ਵਿਚ ਵਾਧਾ ਕਰੇਗਾ ਅਤੇ ਸਹੀ ਇਨਸਾਨੀਅਤ ਉਜਾਗਰ ਹੋਵੇਗੀ। ਜੱਕੋ-ਤੱਕੀ ਛੱਡ ਕੇ ਲਹਿਰ ਵਿਚ ਕੁਦੋ, ਪੁਰਾਣੇ ਉਤੇ ਨਵੇਂ ਦੀ ਫ਼ਤਿਹ ਦੀ ਘੜੀ ਕਰੀਬ ਹੈ। ਹਰੇਕ ਨੂੰ ਖ਼ੁਦ ਆਪੋ ਆਪਣੀ ਇਨਸਾਨੀਅਤ ਪ੍ਰਗਟ ਕਰਨ ਲਈ ਹਾਲਾਤ ਤਿਆਰ ਕਰਨ ਵਿਚ ਜੁਟ ਜਾਣਾਂ ਚਾਹੀਦਾ ਹੈ ਤਾਂ ਕਿ ਉਹ ਐਸੀਆਂ ਬੁਲੰਦੀਆਂ ਛੋਹਣ ਦੀ ਰੀਝ ਲਾਹ ਸਕਣ ਜੋ ਇਨਸਾਨੀਅਤ ਨੇ ਆਪਣਾਂ ਜਲੌਅ ਲਾਗੂ ਕਰਨ ਦੇ ਸੰਘਰਸ਼ ਵਿਚ ਪਹਿਲਾਂ ਕਦੇ ਨਹੀਂ ਛੋਹੀਆਂ। ਇਨਸਾਨੀ ਤਰੱਕੀ ਦਾ ਪਹੁਫੁਟਾਲਾ ਦੂਰ ਨਹੀਂ! ਸਾਰੀ ਇਨਸਾਨਪ੍ਰਸਤ ਇਨਸਾਨੀਅਤ ਦਾ ਸੂਰਜ ਚਮਕੇਗਾ ਤੇ ਸਾਰਿਆਂ ਨੂੰ ਰੁਸ਼ਨਾਏਗਾ!